Monthly

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

# The Punjab Herald




Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (127) Dec. - 2024, Sydney, Canberra, Coffs Harbour & Melbourne, Phone - 0437641033 , Email - thepunjabherald1@gmail.com

www.thepunjabherald.com

**'ਦਾ ਪੰਜਾਬ ਹੈਰਲਡ' ਅਦਾਰੇ ਵਲੋਂ ਸਾਰੇ ਪਾਠਕਾਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ ਹੋਣ !**




English Pages: 31- 37

***"Christmas gives us an opportunity to pause and reflect on the important things around us"- David Cameron***

**SINGH TRUCK DRIVING SCHOOL**



**Get your truck licence for MR,HR, HC or MC classes.**

One day courses Available

Friendly trainer speaks Punjabi, Hindi and English.

Established 2012



**CALL JATINDER SINGH : 0433572723**

# 'ਸਾਂਝੇ ਵਿਚਾਰ' ਟੀ. ਵੀ. ਚੈਨਲ







'ਸਾਂਝੇ ਵਿਚਾਰ' ਟੀ. ਵੀ. ਚੈਨਲ ਬਲੈਕਟਾਊਨ (ਸਿਡਨੀ) ਦੇ ਫਸਟ ਐਵੇਨਿਓ ਤੋਂ ਸਮਾਜ ਸੇਵਾ ਲਈ ਹਰ ਵਕਤ ਤਤਪਰ ਰਹਿੰਦਾ ਹੈ। ਚੈਨਲ ਨੂੰ ਵੱਧ ਤੋਂ ਵੱਧ ਸਬਸਕਰਾਈਬ ਕਰੋ।

(ਸੰਪਾਦਕ)

DHALLA AUTOMOTIVE

www.dhallaautomotive.com.au

# DHALLA AUTOMOTIVE

We offer a commitment to personalized service for our clients. If you have further questions or need help with a case, please complete our quick form below. A team member will return your message as soon as possible.

CONTACT US FOR ALL YOUR MECHANICAL NEEDS

- DIAGNOSTIC SERVICES
- PERFORMANCE UPGRADES
- AIR CONDITIONING REPAIRS/ RE-GASSING
- LPG INSPECTION & MANY MORE.



SATINDERJIT SINGH DHALLA

Address:
70A Cox Ave, Kingswood
NSW 2747, Australia

Phone:
PH: 0430050714
W: 0247082717

Email: dhallaautomotive@yahoo.com.au

# DEYAL HOME LOANS

Residential, Investment, Refinance & Commercial

We can visit Your Home for Consultation
Regarding your Home Loan Needs and
Debts Consolidation



## SERVICES

- HOME LOANS
- INVESTMENT LOAN
- LAND AND CONSTRUCTION LOANS
- REFINANCING AND DEBT CONSOLIDATION
- NON RESIDENT LOANS
- BUSINESS, CAR AND PERSONAL LOANS
- DEPOSIT BONDS
- COMMERCIAL PROPERTY LOANS
- LOW DOC LOANS
- OWNER BUILDER LOANS



AMP · resimac · pepper money · bankwest · Westpac · SUNCORP BANK · Adelaide Bank · st.george · me Bank · ANZ · firstmac

Please Contact:
**TEJINDER SINGH**
MORTGAGE BROKER

Address:
40 Finsbury Circuit
Ropes Crossing, NSW 2760

M: 0420 315 504
Email: sdeyal161@gmail.com
DEYAL SECURITY PTY LTD. T/S DEYAL HOME LOANS
ACL 395285
Lenders Condition Apply



ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

ਦਾ ਪੰਜਾਬ ਹੈਰਲਡ

The Punjab Herald

# THE PUNJAB HERALD IS LIVE NOW

For all types of advertisements in
'The Punjab Herald'
please contact with us.

Scan this code

connect with us

+61 437 641 033
thepunjabherald1@gmail.com
www.thepunjabherald.com/

# ਲੋਕ ਚਹੇਤੇ ਗਾਇਕ ਸ੍ਰੀ ਅਮਰਜੀਤ ਗੁਰਦਾਸਪੁਰੀ ਨੂੰ ਯਾਦ ਕਰਦਿਆਂ

## ਵਾਘਾ ਬਾਰਡਰ ਵਿਖੇ ਆਜਾਦੀ ਦੀ 50ਵੀਂ ਵਰ੍ਹੇਗੰਢ ਮੌਕੇ ਦੀ ਇਕ ਯਾਦ

ਇਹ ਗੱਲ 15 ਅਗਸਤ 1997 ਦੀ ਆਜਾਦੀ ਦਿਵਸ ਦੀ ਹੈ। ਸਾਰੇ ਦੇਸ ਅੰਦਰ ਆਜਾਦੀ ਦਿਵਸ ਦੀ 50ਵੀਂ ਵਰ੍ਹੇਗੰਢ ਮਨਾਈ ਜਾ ਰਹੀ ਸੀ। ਭਾਰਤ ਪਾਕਿਸਤਾਨ ਦੇ ਵਾਘਾ ਬਾਰਡਰ ਵਾਲੇ ਸਥਾਨ 'ਤੇ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਕੁਲਦੀਪ ਨਈਅਰ ਜੀ ਵੱਲੋਂ ਆਪਣੇ ਦੋਸਤਾਂ ਮਿੱਤਰਾਂ ਨਾਲ ਮਿਲ ਕੇ ਪਾਕਿਸਤਾਨ ਨਾਲ ਦੋਸਤੀ ਦੇ ਹੱਥ ਵਧਾਉਣ ਲਈ ਅਮਨ ਸਾਂਤੀ ਦੀ ਦੁਆ ਕਰਨ ਲਈ ਸਰਹੱਦ ਉੱਪਰ ਮੋਮਬੱਤੀਆਂ ਜਗਾਈਆਂ ਜਾਣੀਆਂ ਸਨ। ਇਸ ਵਾਰ ਮੈਨੂੰ ਲੁਧਿਆਣੇ ਤੋਂ ਆਪਣੇ ਛੋਟੇ ਵੀਰ ਗੁਰਭਜਨ ਦਾ ਫੋਨ ਆਇਆ ਕਿ ਅਸੀਂ ਲੁਧਿਆਣੇ ਤੋਂ ਸ੍ਰ ਜਗਦੇਵ ਸਿੰਘ ਜੱਸੋਵਾਲ ਜੀ ਦੀ ਅਗਵਾਈ ਵਿੱਚ ਵਾਘਾ ਬਾਰਡਰ ਵਿਖੇ ਪਹੁੰਚਣਾ ਹੈ। ਇਸ ਲਈ ਤੁਸੀਂ ਵੀ ਆਪਣੇ ਨਾਲ ਸ੍ਰ ਅਮਰਜੀਤ ਗੁਰਦਾਸਪੁਰੀ, ਸ੍ਰ ਭਜਨ ਮਲਪੁਰੀ ਅਤੇ ਬੀਬਾ ਕਰਮਜੀਤ ਵਰਗੇ ਸੁਰੀਲੇ ਗਾਇਕਾਂ ਨੂੰ ਨਾਲ ਲੈ ਕੇ ਆਪਣੇ ਸਾਥੀਆਂ ਸਮੇਤ ਵਾਘਾ ਬਾਰਡਰ ਵਿਖੇ ਪਹੁੰਚ ਜਾਇਓ। ਉੱਥੇ ਆਜਾਦੀ ਦਿਵਸ ਦੀ 50ਵੀਂ ਵਰ੍ਹੇਗੰਢ ਮਨਾਈ ਜਾਣੀ ਹੈ। ਜੇਕਰ ਮੈਨੂੰ ਗੁਰਭਜਨ ਦਾ ਇਹ ਸੁਨੇਹਾ ਨਾ ਮਿਲਦਾ ਤਾਂ ਮੈਂ ਸਾਇਦ ਵਾਘਾ ਬਾਰਡਰ ਵਿਖੇ ਨਾ ਜਾਂਦਾ, ਪਰ ਆਪਣੇ ਛੋਟੇ ਭਰਾ ਦੇ ਹੁਕਮ ਨੁਮਾ ਸੁਨੇਹੇ ਨੂੰ ਟਾਲਣਾ ਮੇਰੇ ਵਾਸਤੇ ਆਮ ਤੌਰ ਤੇ ਬਹੁਤ ਮੁਸਕਿਲ ਹੁੰਦਾ ਹੈ। ਇਸ ਤਰ੍ਹਾਂ 15 ਅਗਸਤ 1997 ਨੂੰ ਅਸੀਂ ਬਟਾਲੇ ਤੋਂ ਚਾਰ ਕਾਰਾਂ ਰਾਹੀਂ ਨਿਯਤ ਸਮੇਂ ਤੇ ਵਾਘਾ ਬਾਰਡਰ ਤੇ ਪਹੁੰਚ ਗਏ। ਕਾਰ ਪਾਰਕਿੰਗ ਸਮਾਗਮ ਵਾਲੇ ਥਾਂ ਤੋਂ ਇੱਕ ਕਿਲੋਮੀਟਰ ਪਿੱਛੇ ਸੀ। ਸੋ ਜਦੋਂ ਅਸੀਂ ਸਾਰੇ ਬਾਰਡਰ ਉੱਪਰ ਸਮਾਗਮ ਵਾਲੀ ਥਾਂ ਵੱਲ ਨੂੰ ਪੈਦਲ ਜਾ ਰਹੇ ਸਾਂ, ਤਾਂ ਦੂਸਰੇ ਪਾਸੇ ਤੋਂ ਕਾਫੀ ਗਿਣਤੀ ਵਿੱਚ ਨੌਜਵਾਨ ਸਮਾਗਮ ਵਾਲੀ ਥਾਂ ਤੋਂ ਵਾਪਸ ਪਰਤ ਰਹੇ ਸਨ। ਉਹ ਉੱਚੀ ਉੱਚੀ ਸਾਨੂੰ ਸੰਬੋਧਨ ਹੋ ਕੇ ਕਹਿ ਰਹੇ ਸਨ ਕਿ "ਅਸੀਂ ਤਾਂ ਉੱਥੋਂ ਪੁਲਿਸ ਕੋਲੋਂ ਡਾਂਗਾਂ ਖਾ ਆਏ ਆਂ, ਤੁਸੀਂ ਵੀ ਜਾ ਕੇ ਖਾ ਆਓ। ਕਾਰਡਾਂ ਤੋਂ ਬਿਨਾਂ ਕੋਈ ਨਹੀਂ ਜੇ ਅੱਗੇ ਜਾਣ ਦਿੰਦਾ, ਪੁਲਿਸ ਵਾਲੇ ਡਾਂਗਾਂ ਮਾਰਦੇ ਹਨ।" ਸਾਨੂੰ ਨੌਜਵਾਨਾਂ ਦੀ ਇਹ ਗੱਲ ਸੁਣ ਕੇ ਬੜਾ ਫਿਕਰ ਲੱਗਾ, ਕਿਉਂਕਿ ਸਾਡੇ ਕੋਲ ਤਾਂ ਸਮਾਗਮ ਵਿੱਚ ਜਾਣ ਲਈ ਲਈ ਕੋਈ ਕਾਰਡ ਹੀ ਨਹੀਂ ਸੀ। ਮੈਂ ਤਾਂ ਗੁਰਭਜਨ ਦੇ ਸੁਨੇਹੇ ਅਨੁਸਾਰ ਹੀ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਉੱਥੇ ਜਾ ਰਿਹਾ ਸਾਂ। ਥੋੜ੍ਹਾ ਡਰ ਵੀ ਲੱਗਾ, ਪਰ ਫਿਰ ਵੀ ਅਸੀਂ ਸਾਰੇ ਅੱਗੇ ਵਧਦੇ ਗਏ। ਸਮਾਗਮ ਵਾਲੀ ਥਾਂ



ਤੇ ਪੁਲਿਸ ਦੀ ਡਿਊਟੀ ਲੱਗੀ ਹੋਈ ਸੀ। ਸਬੱਬ ਨਾਲ ਉਸ ਥਾਂ ਤੇ ਇੱਕ ਐਸ ਪੀ ਸਾਹਿਬ ਹੋਰੀਂ ਇੰਚਾਰਜ ਸਨ। ਉਹ ਬਟਾਲੇ ਡਿਊਟੀ ਕਰਕੇ ਗਏ ਸਨ ਅਤੇ ਹੁਣ ਉਹਨਾਂ ਦੀ ਬਦਲੀ ਅੰਮ੍ਰਿਤਸਰ ਵਿਖੇ ਹੋ ਗਈ ਸੀ। ਉਹ ਮੇਰੇ ਵਾਕਫ ਸਨ। ਸਾਨੂੰ ਉਹਨਾਂ ਦੱਸਿਆ ਕਿ "ਸਮਾਗਮ ਵਿੱਚ ਐਂਟਰੀ ਕਾਰਡਾਂ ਨਾਲ ਹੋਣੀ ਹੈ।" ਮੈਂ ਉਹਨਾਂ ਨੂੰ ਇੱਥੇ ਆਉਣ ਦਾ ਆਪਣਾ ਸਾਰਾ ਬਿਰਤਾਂਤ ਸੁਣਾਇਆ ਅਤੇ ਉਹਨਾਂ ਨੇ ਬਿਨਾਂ ਕਾਰਡਾਂ ਤੋਂ ਹੀ ਸਾਡੇ 14 ਸਾਥੀਆਂ ਨੂੰ ਅੰਦਰ ਜਾਣ ਦੀ ਇਜਾਜਤ ਦੇ ਦਿੱਤੀ। ਅਸੀਂ ਸਮਾਗਮ ਵਾਲੀ ਥਾਂ ਤੇ ਪਹੁੰਚਣ ਵਾਲੀ ਪਹਿਲੀ ਟੋਲੀ ਸਾਂ। ਖੈਰ ਠੀਕ 20 ਕੁ ਮਿੰਟ ਬਾਅਦ ਜਸੋਵਾਲ ਸਾਹਿਬ ਦੀ ਅਗਵਾਈ ਵਿੱਚ ਗੁਰਭਜਨ ਗਿੱਲ ਹੋਰੀਂ ਵੀ ਲੁਧਿਆਣੇ ਤੋਂ ਸਮਾਗਮ ਵਿੱਚ ਪਹੁੰਚ ਗਏ। ਸਟੇਜ ਤਿਆਰ ਬਰ ਤਿਆਰ ਸੀ, ਪਰ ਉੱਥੇ ਤਿਆਰ ਸਟੇਜ ਤੋਂ ਬਿਨਾਂ ਪ੍ਰੋਗਰਾਮ ਦਾ ਕੋਈ ਰੂਆਂ ਧੂਆਂ ਨਜਰੀਂ ਨਹੀਂ ਸੀ ਆ ਰਿਹਾ। ਜਸੋਵਾਲ ਸਾਹਿਬ ਨੇ ਆਪਣੇ ਸੁਭਾ ਅਨੁਸਾਰ ਸ੍ਰੀ ਅਮਰਜੀਤ ਗੁਰਦਾਸਪੁਰੀ ਨੂੰ ਸੰਬੋਧਨ ਹੁੰਦਿਆਂ ਕਿਹਾ, "ਜੇਕਰ ਸਮਾਗਮ ਦੇ ਪ੍ਰਬੰਧਕ ਲੇਟ ਹਨ, ਤਾਂ ਕੋਈ ਗੱਲ ਨਹੀਂ। ਗੁਰਦਾਸਪੁਰੀ ਜੀ! ਤੁਸੀਂ ਹੀ ਸਟੇਜ ਤੇ ਜਾ ਕੇ ਕੋਈ ਰੌਣਕ ਮੇਲਾ ਲਾਉ।" ਕੁਝ ਹਿਚਕਚਾਹਟ ਤੋਂ ਬਾਅਦ ਗੁਰਦਾਸਪੁਰੀ ਜੀ ਸਟੇਜ ਤੇ ਗਏ। ਉਹਨਾਂ ਇਕ ਦੋ ਗੀਤ ਬੋਲੇ ਅਤੇ ਬਾਅਦ ਵਿੱਚ ਉਹਨਾਂ ਵਾਰੀ ਵਾਰੀ ਵੱਖ ਵੱਖ ਗਾਇਕਾਂ ਨੂੰ ਸਟੇਜ ਉੱਪਰ ਬੁਲਾਉਣਾ ਸੁਰੂ ਕਰ ਦਿੱਤਾ। ਇਹਨਾਂ ਵਿੱਚੋਂ ਕੁਝ ਗਾਇਕ ਜਸੋਵਾਲ ਸਾਹਿਬ ਨਾਲ ਵੀ ਲੁਧਿਆਣਾ ਪਹੁੰਚੇ ਹੋਏ ਸਨ। ਉਸ ਸਮੇਂ ਤੱਕ ਸਮਾਗਮ ਵਿੱਚ ਕਾਫੀ ਵੱਡੀ ਗਿਣਤੀ ਵਿੱਚ ਲੋਕ ਪਹੁੰਚ ਚੁੱਕੇ ਸਨ। ਪਰ ਪ੍ਰਬੰਧਕਾਂ ਦੀ ਗੈਰ ਹਾਜਰੀ ਸਭ ਨੂੰ ਰੜਕ ਰਹੀ ਸੀ। ਜਦੋਂ ਕੋਈ ਪ੍ਰੋਗਰਾਮ ਇੱਕ ਘੰਟੇ ਦੇ ਕਰੀਬ ਚੱਲ ਚੁੱਕਾ ਸੀ ਤਾਂ ਇਕ ਆਦਮੀ ਸਟੇਜ ਉੱਪਰ ਚੜ੍ਹਿਆ। ਉਸ ਦੇ ਸਰੀਰਕ ਹਾਵ ਭਾਵ ਇਹ ਦੱਸ ਰਹੇ ਸਨ ਕਿ ਉਹ ਇਸ ਸਮਾਗਮ ਦੀ ਕੋਈ ਹਸਤੀ ਨੇ। ਉਹਨਾਂ ਸਟੇਜ ਉੱਪਰ ਆ ਕੇ ਇਹ ਸਾਰਾ ਪ੍ਰੋਗਰਾਮ ਬੰਦ ਕਰਵਾ ਦਿੱਤਾ ਅਤੇ ਹਿੰਦੀ ਭਾਸਾ ਵਿੱਚ ਸ੍ਰੀ ਅਮਰਜੀਤ ਗੁਰਦਾਸਪੁਰੀ ਜੀ ਨੂੰ ਕਿਹਾ ਕਿ "ਆਜ ਯੇ ਅਕੇਲੇ ਪੰਜਾਬ ਕਾ ਪ੍ਰੋਗਰਾਮ ਨਹੀਂ ਹੈ, ਸਮੁੱਚੇ ਭਾਰਤ ਕਾ ਪ੍ਰੋਗਰਾਮ ਹੈ। ਹਮ ਇਸ ਪ੍ਰੋਗਰਾਮ ਕੋ ਖੁਦ ਚਲਾਏਂਗੇ।" ਉਸ ਦੀ ਇਹ ਗੱਲ ਸੁਣ ਕੇ ਅਮਰਜੀਤ ਗੁਰਦਾਸਪੁਰੀ ਗੁੱਸੇ 'ਚ ਸਟੇਜ ਤੋਂ ਥੱਲੇ ਉਤਰ ਆਏ। ਪਰ ਦਰਸਕਾਂ ਨੇ ਇਹ ਪ੍ਰੋਗਰਾਮ ਬੰਦ ਕਰਨਾ ਪਸੰਦ ਨਾ ਕੀਤਾ। ਜਦੋਂ ਸਟੇਜ ਸਕੱਤਰ ਨੇ ਆਪਣੇ ਤਰੀਕੇ ਦੇ ਨਾਲ ਸਟੇਜ ਚਲਾਉਣੀ ਸੁਰੂ ਕੀਤੀ ਤਾਂ ਦਰਸਕਾਂ ਨੇ ਆਵਾਜਾਂ ਕੱਸਣੀਆਂ ਸੁਰੂ ਕਰ ਦਿੱਤੀਆਂ। ਮਜਬੂਰ ਹੋ ਕੇ ਉਸ ਪ੍ਰਬੰਧਕ ਨੂੰ ਅਮਰਜੀਤ ਗੁਰਦਾਸਪੁਰ ਨੂੰ ਸਟੇਜ ਉੱਪਰ ਮੁੜ ਬੁਲਾਉਣਾ ਪਿਆ। ਪਰ ਅਮਰਜੀਤ ਗੁਰਦਾਸਪੁਰੀ ਸਟੇਜ ਉਪਰ ਦੁਬਾਰਾ ਜਾਣ ਲਈ ਰਾਜੀ ਨਹੀਂ ਸਨ ਹੋ ਰਹੇ, ਆਖਰਕਾਰ ਗੁਰਭਜਨ ਅਤੇ ਜਸੋਵਾਲ ਸਾਹਿਬ ਦੇ ਕਹਿਣ ਤੇ ਜਦੋਂ ਅਮਰਜੀਤ ਗੁਰਦਾਸਪੁਰੀ ਸਟੇਜ ਉੱਪਰ ਗਏ, ਤਾਂ ਜਾ ਕੇ ਕਿਤੇ ਲੋਕ ਸਾਂਤ ਹੋਏ। ਐਨੀ ਦੇਰ ਨੂੰ ਸ੍ਰ ਮਨਜੀਤ ਸਿੰਘ ਕਲਕੱਤਾ, ਉਸ ਸਮੇਂ ਪੰਜਾਬ ਦੇ ਵਿਦਿਆ ਮੰਤਰੀ, ਇਸ ਸਮਾਗਮ ਦੇ ਮੁੱਖ ਮਹਿਮਾਨ, ਵੀ ਸਮਾਗਮ ਵਿੱਚ ਪਹੁੰਚ ਗਏ। ਸਟੇਜ ਸਕੱਤਰ ਨੇ ਸਭ ਤੋਂ ਪਹਿਲਾਂ ਇਸ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਸ੍ਰੀ ਕੁਲਦੀਪ ਨਈਅਰ ਜੀ ਨੂੰ ਸਟੇਜ ਤੇ ਆਉਣ ਅਤੇ ਮੁੱਖ ਮਹਿਮਾਨ ਸ੍ਰ ਮਨਜੀਤ ਸਿੰਘ ਕਲਕੱਤਾ ਜੀ ਦੇ ਸਵਾਗਤ ਵਿੱਚ ਕੁਝ ਸਬਦ ਬੋਲਣ ਲਈ ਕਿਹਾ। ਹੁਣ ਵਾਰੀ ਆਈ ਮੋਮਬਤੀਆਂ ਜਗਾਉਣ ਦੀ। ਪਰ ਆਜਾਦੀ ਦਿਵਸ ਦੀ 50ਵੀਂ ਵਰ੍ਹੇਗੰਢ ਹੋਣ ਸਦਕਾ ਐਤਕਾਂ ਮੋਮਬੱਤੀਆਂ ਦੀ ਥਾਂ ਲਾਲਟੈਨਾਂ ਜਗਾਈਆਂ ਗਈਆਂ ਸਨ। ਇਹਨਾਂ ਲਾਲਟੈਨਾਂ ਵਿੱਚ ਮਿੱਟੀ ਦਾ ਤੇਲ ਸੀ। ਫੋਟੋਗਰਾਫੀ ਚੱਲ ਰਹੀ ਸੀ। ਹਰ ਆਦਮੀ ਮੰਤਰੀ ਨਾਲ ਫੋਟੋ ਖਿਚਾਉਣੀ ਚਾਹੁੰਦਾ ਸੀ। ਇਸ ਲਈ ਸਟੇਜ ਉਪਰ ਕਾਫੀ ਭੀੜ ਜਮ੍ਹਾਂ ਹੋ ਗਈ ਸੀ। ਜਦੋਂ ਸਟੇਜ ਉੱਪਰ ਆਪਣੀਆਂ ਲਾਲਟੈਨਾਂ ਸਮੇਤ ਸਾਰੇ ਉੱਠ ਕੇ ਖਲੋਤੇ, ਅਤੇ ਸਾਰਿਆਂ ਨੇ ਆਪਣੀਆਂ ਆਪਣੀਆਂ ਲਾਲਟੈਨਾਂ ਸਿਰ ਉੱਪਰ ਉਤਾਂਹ ਨੂੰ ਕੀਤੀਆਂ, ਤਾਂ ਸਟੇਜ ਉੱਪਰ ਵੱਧ ਭੀੜ ਸਦਕਾ ਸਟੇਜ ਟੁੱਟ ਗਈ ਅਤੇ ਸਟੇਜ ਉੱਪਰ ਖੜੇ ਵਿਅਕਤੀ ਥੱਲੇ ਡਿੱਗ ਪਏ। ਸ੍ਰ ਮਨਜੀਤ ਸਿੰਘ ਕਲਕੱਤਾ ਵਾਲੀ ਲਾਲਟੈਨ ਦਾ ਤੇਲ ਉਹਨਾਂ ਉਪਰ ਪੈ ਗਿਆ ਅਤੇ ਪਤਾ ਨਹੀਂ ਕਿਵੇਂ ਉਹਨਾਂ ਦੇ ਕੱਪੜਿਆਂ ਨੂੰ ਵੀ ਅੱਗ ਲੱਗ ਗਈ। ਹਫੜਾ ਦਫੜੀ ਮੱਚ ਗਈ, ਪਰ ਕਿਵੇਂ ਨਾ ਕਿਵੇਂ ਜਲਦੀ ਹੀ ਅੱਗ ਉਪਰ ਕਾਬੂ ਪਾ ਲਿਆ ਗਿਆ। ਉਸ ਦਿਨ ਸਟੇਜ ਸਕੱਤਰ ਵੱਲੋਂ ਰੰਗ ਵਿੱਚ ਭੰਗ ਪਾਉਣ ਕਾਰਨ ਅਤੇ ਬਾਅਦ ਵਿੱਚ ਵਾਪਰੀ ਇਸ ਦੁਰਘਟਨਾ ਕਾਰਨ ਇਸ ਸਮਾਗਮ ਦਾ ਰਸ ਖਤਮ ਹੋ ਗਿਆ ਅਤੇ ਜਦੋਂ ਦੁਬਾਰਾ ਪ੍ਰੋਗਰਾਮ ਸੁਰੂ ਹੋਇਆ ਤਾਂ ਉਸ ਪ੍ਰੋਗਰਾਮ ਵਿੱਚ ਕੋਈ ਜਾਨ ਨਜਰੀਂ ਨਹੀਂ ਸੀ ਆ ਰਹੀ। ਸੋ, ਅਸਾਂ ਸਾਰਿਆਂ ਨੇ ਇਹ ਸਲਾਹ ਕੀਤੀ ਕਿ ਇੱਥੇ ਹੁਣ ਜਿਆਦਾ ਦੇਰ ਰੁਕਣ ਦਾ ਕੋਈ ਫਾਇਦਾ ਨਹੀਂ ਅਤੇ ਸਭ ਤੋਂ ਵੱਡੀ ਗੱਲ ਕਿ ਗੁਰਭਜਨ ਅਤੇ ਜਸੋਵਾਲ ਸਾਹਿਬ ਨੇ ਵਾਪਸ ਲੁਧਿਆਣੇ ਜਾਣਾ ਸੀ। ਸੋ ਅਸੀਂ ਸਾਰੇ ਸਮਾਗਮ ਚੋਂ ਆਪਣੇ ਆਪਣੇ ਟਿਕਾਣਿਆਂ ਨੂੰ ਚੱਲ ਪਏ। ਪਰ ਜਦੋਂ ਅਸੀਂ ਸਮਾਗਮ ਤੋਂ ਵਾਪਸ ਆਪਣੀਆਂ ਕਾਰਾਂ ਵੱਲ ਆ ਰਹੇ ਸਾਂ, ਤਾਂ ਗੱਲਬਾਤ ਸਾਰੀ ਇਸ ਸਮਾਗਮ ਦੀ ਸਮੀਖਿਆ ਬਾਰੇ ਹੀ ਚਲਦੀ ਰਹੀ। ਇਸ ਵਿੱਚ ਜਦੋਂ ਜਿਕਰ ਸਮਾਗਮ ਦੀ ਸਟੇਜ ਡਿੱਗਣ ਅਤੇ ਵਿੱਤ ਮੰਤਰੀ ਜੀ ਉੱਪਰ ਮਿੱਟੀ ਦਾ ਤੇਲ ਪੈਣ ਸਦਕਾ ਅੱਗ ਲੱਗਣ ਦੀ ਗੱਲ ਚੱਲ ਰਹੀ ਸੀ, ਤਾਂ ਗੁਰਦਾਸਪੁਰੀ ਜੀ ਨੇ ਇਸ ਦੁਰਘਟਨਾ ਸਬੰਧੀ ਅਫਸੋਸ ਪ੍ਰਗਟ ਕੀਤਾ ਅਤੇ ਅੰਤ ਵਿੱਚ ਆਪਣੇ ਮਜਾਕੀਆ ਲਹਿਜੇ ਵਿੱਚ ਕਹਿਣ ਲੱਗੇ, "ਮੈਂ ਤਾਂ ਸੁਕਰ ਕੀਤਾ ਕਿ ਅੱਗ ਜਲਦੀ ਬੁੱਝ ਗਈ ਸੀ, ਨਹੀਂ ਤਾਂ ਕਲਕੱਤਾ ਸਾਹਿਬ ਨੂੰ ਘਰ ਵਾਲਿਆਂ ਵਿੱਚੋਂ ਕਿਸੇ ਨੇ ਪਛਾਨਣਾ ਨਹੀਂ ਸੀ, ਸਗੋਂ ਘਰ ਵਾਲਿਆਂ ਨੇ ਕਹਿਣਾ ਸੀ, ਇਹ ਸਾਡਾ ਕਲਕੱਤਾ ਹੀ ਨਹੀਂ, ਸਾਨੂੰ ਤਾਂ ਇਹ ਹੁਣ ਸਗੋਂ ਸਿੱਲੀਗੁੜੀ ਲਗਦੀ ਹੈ।" ਗੱਲਾਂ ਬਾਤਾਂ ਕਰਦਿਆਂ ਅਸੀਂ ਕਾਰ ਪਾਰਕਿੰਗ ਵਿੱਚ ਪਹੁੰਚ ਗਏ ਅਤੇ ਉਥੋਂ ਕਾਰਾਂ ਰਾਹੀਂ ਆਪਣੇ ਆਪਣੇ ਟਿਕਾਣਿਆਂ ਲਈ ਰਵਾਨਾ ਹੋ ਗਏ। ਪਰ ਇਸ ਤਰ੍ਹਾਂ ਦੇ ਸਧਾਰਨ ਮਾਹੌਲ ਨੂੰ ਖੁਸਗਵਾਰ ਮਾਹੌਲ ਬਣਾ ਲੈਣਾ ਅਤੇ ਸਦਾ ਇਕ ਲੋਕ ਚਹੇਤੇ ਗਾਇਕ ਵਜੋਂ ਉਭਰਨ ਵਾਲਾ ਗੁਣ, ਕੇਵਲ ਅਮਰਜੀਤ ਗੁਰਦਾਸਪੁਰੀ ਕੋਲ ਹੀ ਸੀ।

ਪ੍ਰੋ ਸੁਖਵੰਤ ਸਿੰਘ ਗਿੱਲ



# ਕੈਂਸਰ ਬਾਰੇ ਦਾਅਵੇ

ਕ੍ਰਿਕਟ ਦਾ ਮੈਦਾਨ ਹੋਵੇ ਭਾਵੇਂ ਸਿਆਸਤ ਦਾ ਪਿੜ ਜਾਂ ਫਿਰ ਕੁਮੈਂਟਰੀ ਬਾਕਸ ਜਾਂ ਸ਼ੋਅਬਾਜ਼ੀ ਦਾ ਮੰਚ, ਨਵਜੋਤ ਸਿੰਘ ਸਿੱਧੂ ਤੋਂ ਹਰ ਵੇਲੇ 'ਚੌਕੇ ਛਿੱਕਿਆਂ' ਦੀ ਤਵੱਕੋ ਕੀਤੀ ਜਾਂਦੀ ਰਹੀ ਹੈ। ਪਿਛਲੇ ਦਿਨੀਂ ਆਪਣੀ ਪਤਨੀ ਦੀ ਕੈਂਸਰ ਦੀ ਬਿਮਾਰੀ ਦੇ ਇਲਾਜ ਦਾ ਖੁਲਾਸਾ ਕਰਨ ਲੱਗਿਆਂ ਉਹ ਆਪਣੇ ਜਾਣੇ-ਪਛਾਣੇ ਅੰਦਾਜ਼ ਵਿੱਚ ਆ ਗਏ ਅਤੇ ਉਨ੍ਹਾਂ ਕੁਝ ਅਜਿਹੇ ਦਾਅਵੇ ਕੀਤੇ ਜਿਨ੍ਹਾਂ ਬਾਰੇ ਦੇਸ਼ ਦੇ ਮੋਹਰੀ ਕੈਂਸਰ ਮਾਹਿਰਾਂ ਨੇ ਸਖ਼ਤ ਪ੍ਰਤੀਕਰਮ ਜਤਾਇਆ ਹੈ। ਇਸ ਦਾ ਅਸਰ ਇਹ ਹੋਇਆ ਕਿ ਸਿੱਧੂ ਨੂੰ ਆਪਣੇ ਦਾਅਵੇ ਵਾਪਸ ਲੈਣੇ ਪੈ ਗਏ।



ਕੈਂਸਰ ਮਾਹਿਰਾਂ ਨੇ ਨਵਜੋਤ ਸਿੰਘ ਸਿੱਧੂ ਦੇ ਇਨ੍ਹਾਂ ਦਾਅਵਿਆਂ ਨੂੰ ਗ਼ਲਤ ਕਰਾਰ ਦਿੱਤਾ ਹੈ ਕਿ ਉਨ੍ਹਾਂ ਦੀ ਪਤਨੀ ਨੇ ਆਪਣੀ ਖ਼ੁਰਾਕ ਅਤੇ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਕਰ ਕੇ ਆਪਣੀ ਕੈਂਸਰ ਦੀ ਬਿਮਾਰੀ ਨੂੰ ਮਾਤ ਦੇ ਦਿੱਤੀ ਹੈ। ਇਸ ਤੋਂ ਬਾਅਦ ਸਿੱਧੂ ਹੋਰਾਂ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਡਾਕਟਰਾਂ ਨਾਲ ਸਲਾਹ ਮਸ਼ਵਰਾ ਕਰ ਕੇ ਹੀ ਡਾਈਟ ਪਲਾਨ ਤਿਆਰ ਕੀਤੀ ਸੀ ਅਤੇ ਇਸ ਨਾਲ ਇਲਾਜ ਵਿੱਚ ਮਦਦ ਮਿਲੀ ਸੀ। ਪਹਿਲਾਂ ਉਨ੍ਹਾਂ ਇਹ ਐਲਾਨ ਕੀਤਾ ਸੀ ਕਿ ਉਨ੍ਹਾਂ ਨਿੰਮ ਅਤੇ ਹਲਦੀ ਅਤੇ ਕੁਝ ਹੋਰ ਔਸ਼ਧੀਆਂ ਦੇ ਸੇਵਨ ਅਤੇ ਨਾਲ ਹੀ ਡੇਅਰੀ ਉਤਪਾਦਾਂ ਅਤੇ ਮਿੱਠੇ ਤੋਂ ਪਰਹੇਜ਼ ਕਰ ਕੇ ਕੈਂਸਰ ਦੇ ਸੈੱਲਾਂ ਨੂੰ ਪਨਪਣ ਤੋਂ ਰੋਕ ਦਿੱਤਾ ਸੀ ਅਤੇ ਸਿਰਫ਼ ਚਾਲੀ ਦਿਨਾਂ ਵਿੱਚ ਹੀ ਉਨ੍ਹਾਂ ਦੀ ਪਤਨੀ ਕੈਂਸਰ ਤੋਂ ਮੁਕਤ ਹੋ ਗਈ ਸੀ। ਨਵਜੋਤ ਸਿੰਘ ਸਿੱਧੂ ਆਪਣੇ ਜ਼ਮਾਨੇ ਦੇ ਮਸ਼ਹੂਰ ਕ੍ਰਿਕਟਰ ਰਹੇ ਹਨ ਅਤੇ ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਵੀ ਰਹਿ ਚੁੱਕੇ ਹਨ। ਚੰਗੀ ਗੱਲ ਇਹ ਹੈ ਕਿ ਉਨ੍ਹਾਂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਜੋ ਪੇਸ਼ੇ ਵਜੋਂ ਔਰਤਾਂ ਦੇ ਰੋਗਾਂ ਦੇ ਡਾਕਟਰ ਹਨ, ਹੁਣ ਸਿਹਤਯਾਬ ਹੋ ਗਏ ਹਨ ਅਤੇ ਆਸ ਹੈ ਕਿ ਜਲਦੀ ਹੀ ਉਹ ਵੀ ਜਨਤਕ ਖੇਤਰ ਵਿੱਚ ਆਪਣੀ ਸਰਗਰਮੀ ਮੁੜ ਸ਼ੁਰੂ ਕਰ ਦੇਣਗੇ।

ਕੈਂਸਰ ਦੇ ਇਲਾਜ ਲਈ ਅਮੂਮਨ ਸਰਜਰੀ, ਰੇਡੀਏਸ਼ਨ ਥੈਰੇਪੀ ਅਤੇ ਕੀਮੋਥੈਰੇਪੀ ਜਿਹੀਆਂ ਵਿਧੀਆਂ ਦਾ ਇਸਤੇਮਾਲ ਹੁੰਦਾ ਹੈ। ਪਿਛਲੇ ਕੁਝ ਸਮੇਂ ਤੋਂ ਇਸ ਤਕਨੀਕ ਵਿੱਚ ਚੋਖਾ ਸੁਧਾਰ ਹੋਇਆ ਹੈ ਜਿਸ ਕਰ ਕੇ ਕੈਂਸਰ ਦੇ ਰੋਗੀਆਂ ਉੱਪਰ ਇਨ੍ਹਾਂ ਵਿਧੀਆਂ ਦੇ ਉਲਟ ਪ੍ਰਭਾਵਾਂ ਵਿੱਚ ਕਮੀ ਹੋਈ ਹੈ। ਸੋਸ਼ਲ ਮੀਡੀਆ ਉੱਪਰ ਕੈਂਸਰ ਅਤੇ ਕੁਝ ਹੋਰ ਘਾਤਕ ਰੋਗਾਂ ਦੇ ਇਲਾਜ ਦੇ ਬੇਬੁਨਿਆਦ ਦਾਅਵੇ ਕੀਤੇ ਜਾਂਦੇ ਹਨ ਜਿਸ ਕਰ ਕੇ ਨੁਕਸਾਨ ਵੀ ਹੁੰਦਾ ਹੈ। ਕੁਝ ਆਯੁਰਵੈਦ ਕੰਪਨੀਆਂ ਵੱਲੋਂ ਆਪਣੇ ਉਤਪਾਦਾਂ ਦੀ ਵਿਕਰੀ ਵਧਾਉਣ ਲਈ ਅਜਿਹੇ ਚਮਤਕਾਰੀ ਦਾਅਵੇ ਕੀਤੇ ਜਾਂਦੇ ਰਹੇ ਹਨ। ਅਜਿਹੇ ਦਾਅਵੇ ਕਰਨ ਵਾਲੀਆਂ ਕੰਪਨੀਆਂ ਜਾਂ ਵਿਅਕਤੀਆਂ ਖ਼ਿਲਾਫ਼ ਕਾਰਵਾਈ ਲਈ ਡਰੱਗਜ਼ ਐਂਡ ਮੈਜਿਕ ਰੈਮੇਡੀਜ਼ (ਅਬਜੈਕਸ਼ਨੇਬਲ ਐਡਵਰਟਾਈਜ਼ਮੈਂਟ) ਐਕਟ-1954 ਬਣਿਆ ਹੋਇਆ ਹੈ ਪਰ ਇਸ ਦੀ ਵਰਤੋਂ ਕਦੇ ਕਦਾਈਂ ਹੀ ਕੀਤੀ ਜਾਂਦੀ ਹੈ। ਇਸ ਕਾਨੂੰਨ ਨੂੰ ਹੋਰ ਜ਼ਿਆਦਾ ਕਾਰਗਰ ਬਣਾਉਣ ਲਈ ਇਸ ਵਿੱਚ ਸੋਧਾਂ ਦਾ ਮਾਮਲਾ ਪਿਛਲੇ ਚਾਰ ਸਾਲਾਂ ਤੋਂ ਲਟਕ ਰਿਹਾ ਹੈ। ਸੰਸਦ ਮੈਂਬਰਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਇਨ੍ਹਾਂ ਸੋਧਾਂ ਨੂੰ ਜਲਦੀ ਪਾਸ ਕਰ ਕੇ ਨਵਾਂ ਕਾਨੂੰਨ ਜਲਦੀ ਬਣਾਇਆ ਜਾਵੇ। ਇਸ ਦਿਸ਼ਾ ਵਿੱਚ ਮੈਡੀਕਲ ਬਰਾਦਰੀ ਨੂੰ ਵੀ ਲਗਾਤਾਰ ਜਾਗਰੂਕਤਾ ਫੈਲਾਉਂਦੇ ਰਹਿਣਾ ਚਾਹੀਦਾ ਹੈ।

# ਅਡਾਨੀ ਸਾਮਰਾਜ ਉਸਾਰਨ ਦੀ ਕੀਮਤ

ਵੀਹਵੀਂ ਸਦੀ ਦੇ ਕਈ ਦਹਾਕਿਆਂ ਤੱਕ ਅਮਰੀਕੀ ਕੂਟਨੀਤੀ ਆਪਣੇ ਆਂਢ-ਗੁਆਂਢ ਵਿੱਚ ਯੂਨਾਈਟਡ ਫਰੂਟ ਕੰਪਨੀ (ਯੂਐੱਫਸੀ) ਦੇ ਨਾਂ ਨਾਲ ਜਾਣੀ ਜਾਂਦੀ ਰਹੀ ਹੈ। ਮੱਧ ਅਮਰੀਕਾ ਦੇ ਅਰਥਚਾਰਿਆਂ ਨੂੰ ਯੂਐੱਫਸੀ ਕਿਵੇਂ ਪ੍ਰਭਾਵਿਤ ਕਰਦੀ ਸੀ ਅਤੇ ਇਸ ਦੇ ਹਿੱਤਾਂ ਦੀ ਖਾਤਰ ਕਿਵੇਂ ਸੀਆਈਏ ਨੇ ਗੁਆਟੇਮਾਲਾ ਵਿੱਚ ਰਾਜਪਲਟਾ ਕਰਵਾਇਆ ਸੀ, ਇਸ ਨੂੰ 'ਬਨਾਨਾ ਰਿਪਬਲਿਕਸ' (ਫਰਜੀ ਲੋਕਤੰਤਰ) ਦੀ ਕਹਾਣੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕੁਝ ਇਸੇ ਤਰ੍ਹਾਂ ਦੀ ਕਹਾਣੀ ਇਸ ਵਕਤ ਭਾਰਤ ਵਿੱਚ ਦਿਸਦੀ ਹੈ।

ਪਿਛਲੇ ਕੁਝ ਸਾਲਾਂ ਤੋਂ ਦਿੱਲੀ ਦੇ ਸਿਖਰਲੇ ਸੱਤਾ ਗਲਿਆਰਿਆਂ ਦੀ ਮਦਦ ਨਾਲ ਅਡਾਨੀ ਸਮੂਹ ਨੇ ਆਂਢ-ਗੁਆਂਢ ਦੇ ਦੇਸ਼ਾਂ ਨਾਲ ਇਕਰਾਰਨਾਮੇ ਕੀਤੇ ਸਨ। ਸਰਕਾਰ ਇਸ ਨਾਲ ਜੁੜੇ ਵਿਵਾਦਾਂ ਤੋ ਪੱਲਾ ਝਾੜਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਹ ਦਰਸਾ ਰਹੀ ਹੈ ਕਿ ਇਹ ਇੱਕ ਅਜਿਹਾ ਔਖਾ ਖਿੱਤਾ ਹੈ ਜਿੱਥੇ ਅਸਰ-ਰਸੂਖ ਅਤੇ ਧਨ ਬਲ ਵਾਸਤੇ ਉਸ ਨੂੰ ਚੀਨ ਨਾਲ ਮੁਕਾਬਲਾ ਕਰਨਾ ਪੈਂਦਾ ਹੈ। ਇਹ ਸੰਧੀਆਂ ਵਿਵਾਦਗ੍ਰਸਤ ਸਨ। ਬੰਗਲਾਦੇਸ਼ ਅਤੇ ਸ੍ਰੀਲੰਕਾ ਵਿੱਚ ਨਾਟਕੀ ਢੰਗ ਨਾਲ ਸਰਕਾਰਾਂ ਤਬਦੀਲ ਹੋਣ ਤੋਂ ਬਾਅਦ ਸੰਧੀਆਂ ਦੀ ਨਜਰਸਾਨੀ ਕੀਤੀ ਜਾ ਰਹੀ ਹੈ ਜਿਸ ਦੇ ਨਾਲ ਹੀ ਅਮਰੀਕਾ ਵੱਲੋਂ ਗੌਤਮ ਅਡਾਨੀ ਅਤੇ ਉਸ ਦੇ ਕਈ ਅਧਿਕਾਰੀਆਂ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ ਆਇਦ ਕਰਨ ਨਾਲ ਇਨ੍ਹਾਂ ਖਿਲਾਫ ਜਨਤਕ ਅਤੇ ਸਿਆਸੀ ਸੁਰਾਂ ਤਿੱਖੀਆਂ ਹੋ ਗਈਆਂ ਹਨ।

ਬੰਗਲਾਦੇਸ਼ ਵਿੱਚ ਅਡਾਨੀ ਪਾਵਰ ਝਾਰਖੰਡ ਲਿਮਟਡ ਦਸੰਬਰ 2022 ਤੋਂ ਹੀ ਰੋਸ ਪ੍ਰਦਰਸ਼ਨਾਂ ਦਾ ਕੇਂਦਰਬਿੰਦੂ ਬਣੀ ਹੋਈ ਸੀ ਜਿਸ ਵਾਸਤੇ ਗੋਂਡਾ ਝਾਰਖੰਡ ਵਿੱਚ ਵਿਸ਼ੇਸ਼ ਆਰਥਿਕ ਜੋਨ ਬਣਾਇਆ ਗਿਆ ਸੀ ਅਤੇ ਜਿੱਥੋਂ ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟ ਤੋਂ ਬੰਗਲਾਦੇਸ਼ ਨੂੰ ਬਿਜਲੀ ਸਪਲਾਈ ਕੀਤੀ ਜਾਂਦੀ ਸੀ। ਇਸ ਤੋਂ ਸੱਤ ਸਾਲ ਪਹਿਲਾਂ ਜੂਨ 2015 ਵਿੱਚ ਢਾਕਾ ਦੇ ਆਪਣੇ ਦੌਰੇ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਿਜਲੀ ਖੇਤਰ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਦਾ ਘੇਰਾ ਵਧਾਉਣ ਉੱਪਰ ਉਚੇਚਾ ਜੋਰ ਦਿੱਤਾ ਸੀ। ਉਸ ਦੌਰੇ ਵੇਲੇ ਜਾਰੀ ਕੀਤੇ ਗਏ ਸਾਂਝੇ ਬਿਆਨ ਮੁਤਾਬਿਕ ਮੋਦੀ ਨੇ ਬੰਗਲਾਦੇਸ਼ ਦੀ ਤਤਕਾਲੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵੱਲੋਂ ਬਿਜਲੀ ਸੰਭਾਲਣ ਦੀ ਸਮੱਰਥਾ ਵਿੱਚ ਵਾਧਾ ਕਰਨ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਆਖਿਆ ਸੀ ਕਿ "ਭਾਰਤ ਇਸ ਟੀਚੇ ਦੀ ਪ੍ਰਾਪਤੀ ਵਿੱਚ ਅਹਿਮ ਭਿਆਲ ਬਣ ਸਕਦਾ ਹੈ ਅਤੇ ਕਈ ਭਾਰਤੀ ਕਾਰਪੋਰੇਟ ਕੰਪਨੀਆਂ ਕੋਲ ਇਸ ਉੱਦਮ ਵਿੱਚ ਬੰਗਲਾਦੇਸ਼ ਨਾਲ ਸਹਿਯੋਗ ਕਰਨ ਦੀ ਸਮਰੱਥਾ ਹੈ।" ਉਨ੍ਹਾਂ "ਸ਼ੇਖ ਹਸੀਨਾ ਨੂੰ ਭਾਰਤੀ ਕੰਪਨੀਆਂ ਲਈ ਬੰਗਲਾਦੇਸ਼ ਦੇ ਬਿਜਲੀ ਉਤਪਾਦਨ, ਸੰਚਾਰ ਅਤੇ ਵੰਡ ਖੇਤਰ ਵਿੱਚ ਦਾਖਲ ਹੋਣ ਦਾ ਰਾਹ ਪੱਧਰਾ ਕਰਨ ਦੀ ਬੇਨਤੀ ਕੀਤੀ ਸੀ।"

ਪ੍ਰਧਾਨ ਮੰਤਰੀ ਦੇ ਉਸ ਵਫਦ ਵਿੱਚ ਗੌਤਮ ਅਡਾਨੀ ਵੀ ਸ਼ਾਮਿਲ ਸੀ। ਅਗਸਤ 2015 ਵਿੱਚ ਅਡਾਨੀ ਪਾਵਰ ਲਿਮਟਿਡ ਨੇ 1600 ਮੈਗਾਵਾਟ ਬਿਜਲੀ ਸਪਲਾਈ ਕਰਨ ਲਈ ਬੰਗਲਾਦੇਸ਼ ਪਾਵਰ ਡਿਵੈਲਪਮੈਂਟ ਬੋਰਡ (ਬੀਪੀਡੀਬੀ) ਨਾਲ ਸਮਝੌਤਾ ਕੀਤਾ ਸੀ। ਬਿਜਲੀ ਸਪਲਾਈ ਵਿੱਚ ਇਜਾਫੇ (ਵਿਸ਼ੇਸ਼ ਧਾਰਾਵਾਂ) ਬਾਰੇ ਕਾਨੂੰਨ, 2010 ਤਹਿਤ 2017 ਵਿੱਚ ਇਸ ਸਮਝੌਤੇ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਜਿਸ ਦੇ ਓਹਲੇ ਹੇਠ ਬੰਗਲਾਦੇਸ਼ ਸਰਕਾਰ ਨੇ ਟੈਂਡਰ ਮੰਗਵਾਉਣ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ।

ਇੱਧਰ, ਭਾਰਤ ਵਿੱਚ ਝਾਰਖੰਡ ਵਿੱਚ ਗੋਂਡਾ ਜਿਲ੍ਹੇ ਵਿੱਚ ਜਿਨ੍ਹਾਂ ਕਿਸਾਨਾਂ ਦੀਆਂ ਜਮੀਨਾਂ ਉੱਪਰ ਅਡਾਨੀ ਦਾ ਪਲਾਂਟ ਲਾਇਆ ਗਿਆ, ਉਨ੍ਹਾਂ ਤੋਂ ਕੋਈ ਸਹਿਮਤੀ




ਨਾ ਲਈ ਗਈ ਅਤੇ ਉਨ੍ਹਾਂ ਦੇ ਰੋਸ ਪ੍ਰਦਰਸ਼ਨ ਨੂੰ 'ਚੁੱਪ' ਕਰਵਾ ਦਿੱਤਾ ਗਿਆ। 2019 ਦੀਆਂ ਆਮ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਕੇਂਦਰ ਸਰਕਾਰ ਨੇ ਵਿਸ਼ੇਸ਼ ਆਰਥਿਕ ਜੋਨ ਲਈ ਬਹੁਤ ਤੇਜ ਰਫਤਾਰ ਨਾਲ ਪ੍ਰਵਾਨਗੀ ਲੈ ਲਈ ਜਿਸ ਸਦਕਾ ਇਸ ਪਲਾਂਟ ਵਿੱਚ ਪੈਦਾ ਹੋਣ ਵਾਲੀ ਬਿਜਲੀ ਦੂਜੇ ਮੁਲਕ ਨੂੰ ਬਰਾਮਦ ਕਰਨ ਲਈ 14 ਹਜਾਰ ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ। ਜਦੋਂ ਸ਼ੇਖ ਹਸੀਨਾ ਅਗਸਤ 2022 ਵਿੱਚ ਭਾਰਤ ਆਈ ਸੀ ਤਾਂ ਅਡਾਨੀ ਨੇ ਦਿੱਲੀ ਵਿੱਚ ਉਨ੍ਹਾਂ ਨਾਲ ਮੁਲਾਕਾਤ ਕੀਤੀ ਅਤੇ ਉਸ ਤੋਂ ਬਾਅਦ ਇੱਕ ਟਵੀਟ ਕਰ ਕੇ ਦੱਸਿਆ ਸੀ ਕਿ ਪਲਾਂਟ ਤੋਂ 1500 ਮੈਗਾਵਾਟ ਬਿਜਲੀ 16 ਦਸੰਬਰ ਨੂੰ ਬੰਗਲਾਦੇਸ਼ ਦੀ ਮੁਕਤੀ ਦੇ ਬਿਜੋਯ (ਵਿਜੈ) ਦਿਵਸ ਮੌਕੇ ਸਪਲਾਈ ਕਰਨ ਦੀ ਸ਼ੁਰੂਆਤ ਹੋ ਜਾਵੇਗੀ।

ਅਡਾਨੀ-ਬੀਪੀਡੀਬੀ ਸਮਝੌਤੇ ਦੀਆਂ ਸ਼ਰਤਾਂ ਬਾਰੇ ਉਦੋਂ ਤੱਕ ਕੋਈ ਉੱਘ-ਸੁੱਘ ਨਹੀਂ ਸੀ ਨਿਕਲੀ ਜਦੋਂ ਤੱਕ 'ਵਾਸ਼ਿੰਗਟਨ ਪੋਸਟ' ਦੀ ਇੱਕ ਰਿਪੋਰਟ ਵਿੱਚ ਇਹ ਖੁਲਾਸਾ ਨਹੀਂਸੀ ਕੀਤਾ ਗਿਆ ਕਿ ਬੰਗਲਾਦੇਸ਼ ਬਹੁਤ ਮਹਿੰਗੇ ਭਾਅ 'ਤੇ ਅਡਾਨੀ ਪਾਵਰ ਤੋਂ ਬਿਜਲੀ ਖਰੀਦ ਰਿਹਾ ਹੈ। ਇਸ ਇਕਪਾਸੜ ਸਮਝੌਤੇ ਖਿਲਾਫ ਰੋਹ ਅੱਗੇ ਚੱਲ ਕੇ ਸ਼ੇਖ ਹਸੀਨਾ ਖਿਲਾਫ ਜਨਤਕ ਰੋਹ ਵਿੱਚ ਤਬਦੀਲ ਹੋ ਗਿਆ। 2024 ਦੀਆਂ ਚੋਣਾਂ ਤੋਂ ਪਹਿਲਾਂ ਕੁਝ ਮੀਡੀਆ ਰਿਪੋਰਟਾਂ ਵਿੱਚ ਇਹ ਕਿਹਾ ਗਿਆ ਸੀ ਕਿ ਸ਼ੇਖ ਹਸੀਨਾ ਨੇ ਮੋਦੀ ਸਰਕਾਰ ਤੋਂ ਹਮਾਇਤ ਜਾਰੀ ਰੱਖਣ ਬਦਲੇ ਇਹ ਬਿਜਲੀ ਸਮਝੌਤਾ ਕੀਤਾ ਸਹੀਬੰਦ ਕੀਤਾ ਸੀ। ਅੰਤ ਨੂੰ ਜਦੋਂ ਸ਼ੇਖ ਹਸੀਨਾ ਨੂੰ ਸੱਤਾ ਛੱਡ ਕੇ ਦੌੜਨਾ ਪਿਆ ਤਾਂ ਇਹੀ ਉਹ ਸਮਝੌਤਾ ਸੀ ਜਿਸ ਦੀ ਸਭ ਤੋਂ ਪਹਿਲਾਂ ਜਾਂਚ ਸ਼ੁਰੂ ਕੀਤੀ ਗਈ।

ਸ੍ਰੀਲੰਕਾ ਵਿੱਚ ਅਡਾਨੀ ਨੇ ਅਕਤੂਬਰ 2021 ਵਿੱਚ ਉਸ ਵੇਲੇ ਦੇ ਰਾਸ਼ਟਰਪਤੀ ਗੋਟਾਬਾਯਾ ਰਾਜਪਕਸੇ ਨੂੰ ਮਿਲਣ ਲਈ ਕੋਲੰਬੋ ਦਾ ਦੌਰਾ ਕੀਤਾ ਸੀ ਜਿਸ ਤੋਂ ਕੁਝ ਸਮਾਂ ਪਹਿਲਾਂ ਹੀ ਅਡਾਨੀ ਪੋਰਟਸ ਨੇ ਕੋਲੰਬੋ ਬੰਦਰਗਾਹ ਦੇ ਵੈੱਸਟ ਕੰਟੇਨਰ ਟਰਮੀਨਲ ਨੂੰ ਵਿਕਸਤ ਕਰ ਕੇ ਚਲਾਉਣ ਲਈ ਸਮਝੌਤਾ ਸਹੀਬੰਦ ਕੀਤਾ ਸੀ। ਉਦੋਂ ਤੱਕ ਸ੍ਰੀਲੰਕਾ ਦੀਆਂ ਆਰਥਿਕ ਦਿੱਕਤਾਂ ਉੱਭਰ ਆਈਆਂ ਸਨ ਅਤੇ ਉਸ ਵੇਲੇ ਦੇ ਰਾਸ਼ਟਰਪਤੀ ਨੂੰ ਉਸ ਦੇ ਭਰਾ ਬਾਸਿਲ ਸਮੇਤ ਕੁਝ ਅੰਦਰਲੇ ਮੁਸ਼ੀਰਾਂ ਨੇ ਸਲਾਹ ਦਿੱਤੀ ਸੀ ਕਿ ਉਹ ਮਦਦ ਲਈ ਭਾਰਤ ਕੋਲ ਪਹੁੰਚ ਕਰਨ। ਗੋਟਾਬਾਯਾ ਨੇ ਅਡਾਨੀ ਦੇ ਉਸ ਦੌਰੇ ਨੂੰ "ਇੱਕ ਪੁਰਾਣੇ ਭਾਰਤੀ ਮਿੱਤਰ" ਨਾਲ ਮੁਲਾਕਾਤ ਵਜੋਂ ਦਰਜ ਕੀਤਾ ਸੀ। ਸਿਲੋਨ ਬਿਜਲੀ ਬੋਰਡ ਦੇ ਮੁਖੀ ਨੇ ਐਲਾਨ ਕੀਤਾ ਸੀ ਕਿ ਦੌਰੇ 'ਤੇ ਆਏ ਭਾਰਤੀ ਕਾਰੋਬਾਰੀ ਨੇ ਗਰੀਨ ਐਨਰਜੀ ਨਿਵੇਸ਼ ਵਿੱਚ ਦਿਲਚਸਪੀ ਦਿਖਾਈ ਹੈ। ਅਡਾਨੀ ਨੂੰ ਸ੍ਰੀਲੰਕਾ ਹਵਾਈ ਸੈਨਾ ਦੇ ਜਹਾਜ ਵਿੱਚ ਬਿਠਾ ਕੇ ਉੱਤਰ-ਪੱਛਮੀ ਮੰਨਾਰ ਜਿਲ੍ਹੇ ਵਿੱਚ ਪੈਂਦੇ ਇੱਕ ਪੌਣ (ਵਿੰਡ) ਫਾਰਮ ਦਾ ਮੁਆਇਨਾ ਕਰਵਾਇਆ ਗਿਆ ਸੀ।

ਛੇ ਮਹੀਨਿਆਂ ਬਾਅਦ ਮਾਰਚ 2022 ਵਿੱਚ ਸ੍ਰੀਲੰਕਾ ਦੀ 'ਦਿ ਸੰਡੇ ਟਾਈਮਜ' ਨੇ ਸਭ ਤੋਂ ਪਹਿਲਾਂ ਰਿਪੋਰਟ ਕੀਤਾ ਕਿ ਦੇਸ਼ ਨੇ ਕਿੱਲੀਨੋਚੀ ਜਿਲ੍ਹੇ ਦੇ ਪੂਨੇਰਿਨ ਤੇ ਮੰਨਾਰ ਜਿਲ੍ਹੇ ਵਿੱਚ ਨਵਿਆਉਣਯੋਗ ਊਰਜਾ ਦੇ ਦੋ ਪ੍ਰਾਜੈਕਟਾਂ ਲਈ ਸਮਝੌਤੇ ਸਹੀਬੰਦ ਕੀਤੇ ਹਨ। ਸ੍ਰੀਲੰਕਾ ਸਰਕਾਰ ਤੇ ਅਡਾਨੀ ਗਰੁੱਪ ਵਿਚਾਲੇ 12 ਮਾਰਚ ਨੂੰ ਹੋਏ ਸਮਝੌਤੇ ਦੀਆਂ ਸ਼ਰਤਾਂ ਜਨਤਕ ਨਹੀਂ ਕੀਤੀਆਂ ਗਈਆਂ। ਇਹ ਸਮਝੌਤਾ ਉਸ ਵੇਲੇ ਹੋਇਆ ਸੀ ਜਦੋਂ ਸ੍ਰੀਲੰਕਾ ਦਾ ਅਰਥਚਾਰਾ ਬਿਲਕੁਲ ਨਿੱਘਰ ਚੁੱਕਾ ਸੀ, ਸੜਕਾਂ ਮੁਜਾਹਰਾਕਾਰੀਆਂ ਨਾਲ ਭਰੀਆਂ ਹੋਈਆਂ ਸਨ ਤੇ ਸਮੁੱਚੇ ਸੰਕਟ 'ਚੋਂ ਪਾਰ ਲੰਘਣ ਲਈ ਭਾਰਤ ਸ੍ਰੀਲੰਕਾ ਦੀ ਉਧਾਰ ਤੇ ਹੋਰ ਕਈ ਤਰ੍ਹਾਂ ਦੇ ਵਿੱਤੀ ਸਰੋਤਾਂ ਨਾਲ ਮਦਦ ਕਰ ਰਿਹਾ ਸੀ। ਸੰਕਟ 'ਚ ਡੁੱਬੇ ਮੁਲਕ 'ਚ, ਅਡਾਨੀ ਨਾਲ ਹੋਏ ਸੌਦੇ ਦੀ ਖਬਰ ਨੂੰ ਲੋਕਾਂ ਨੇ ਇੰਝ ਲਿਆ ਕਿ ਭਾਰਤ ਕੋਲੋਂ ਮਦਦ ਲੈਣ ਦੀ ਉਨ੍ਹਾਂ ਨੂੰ ਕੋਈ ਕੀਮਤ ਤਾਰਨੀ ਪੈ ਰਹੀ ਹੈ। ਮਗਰੋਂ 2022 ਵਿੱਚ, ਇਸ ਜਜਬੇ ਨੂੰ ਹੋਰ ਹਵਾ ਮਿਲੀ ਜਦੋਂ ਸਿਲੋਨ ਬਿਜਲੀ ਬੋਰਡ ਦੇ ਚੇਅਰਮੈਨ ਨੇ ਖੁਲਾਸਾ ਕੀਤਾ ਕਿ ਉਸ ਨੂੰ ਰਾਸ਼ਟਰਪਤੀ ਰਾਜਪਕਸੇ ਨੇ ਬੋਲੇੜੇ ਪ੍ਰੋਜੈਕਟ 'ਤੇ ਦਸਤਖਤ ਕਰਨ ਦੇ ਹੁਕਮ ਦਿੱਤੇ ਕਿਉਂਕਿ "ਉਹ (ਰਾਜਪਕਸਾ) ਮੋਦੀ ਦੇ ਦਬਾਅ ਹੇਠ ਸੀ।" ਰਾਜਪਕਸੇ ਨੇ ਆਪਣੇ ਵੱਲ ਉੱਠ ਰਹੀ ਉਂਗਲ ਨੂੰ ਨਕਾਰ ਦਿੱਤਾ। ਅਧਿਕਾਰੀ ਨੇ ਬਿਆਨ ਵਾਪਸ ਲੈ ਕੇ ਅਸਤੀਫਾ ਦੇ ਦਿੱਤਾ, ਪਰ ਇਹ ਮਾਮਲਾ ਠੰਢਾ ਨਾ ਪਿਆ। ਸਾਲ 2023 'ਚ ਸ੍ਰੀਲੰਕਾ ਸਰਕਾਰ ਦੇ ਇਸ ਐਲਾਨ ਤੋਂ ਬਾਅਦ ਹੋਰ ਰੌਲਾ ਪਿਆ ਕਿ ਇਹ ਇਸ ਪ੍ਰਾਜੈਕਟ ਨੂੰ 'ਸਰਕਾਰ ਤੋਂ ਸਰਕਾਰ ਤੱਕ' ਸਮਝੌਤੇ ਦੇ ਰੂਪ 'ਚ ਬਦਲ ਦੇਵੇਗੀ ਤਾਂ ਕਿ ਇਸ ਤਰ੍ਹਾਂ ਦੇ ਪ੍ਰਾਜੈਕਟਾਂ ਲਈ ਮੁਕਾਬਲੇਬਾਜੀ ਦੀਆਂ ਬੋਲੀਆਂ ਦੇ ਨਿਯਮ ਤੋਂ ਬਚਿਆ ਜਾ ਸਕੇ। ਇਸੇ ਸਾਲ, ਤਤਕਾਲੀ ਰਾਸ਼ਟਰਪਤੀ ਰਾਨਿਲ ਵਿਕਰਮਾਸਿੰਘੇ ਦੀ ਸਰਕਾਰ ਨੇ ਤਜਵੀਜਸ਼ੁਦਾ 'ਵਿੰਡ' ਫਾਰਮਾਂ ਲਈ ਅਡਾਨੀ ਗਰੁੱਪ ਨਾਲ 20 ਸਾਲਾਂ ਲਈ 44 ਕਰੋੜ ਡਾਲਰ ਦੇ ਸਮਝੌਤੇ ਦਾ ਐਲਾਨ ਕੀਤਾ ਸੀ। ਹਾਲਾਂਕਿ, ਵਾਤਾਵਰਨ ਪ੍ਰੇਮੀ ਤੇ ਸਥਾਨਕ ਲੋਕ ਇਸ ਵਿਰੁੱਧ ਸੁਪਰੀਮ ਕੋਰਟ ਚਲੇ ਗਏ ਜਿੱਥੇ ਉਨ੍ਹਾਂ ਪ੍ਰਾਜੈਕਟ ਦੇਣ ਲੱਗਿਆਂ ਪਾਰਦਰਸ਼ਤਾ ਦੀ ਘਾਟ ਅਤੇ ਉੱਚੀਆਂ ਟੈਰਿਫ ਦਰਾਂ ਦਾ ਹਵਾਲਾ ਦਿੱਤਾ।

ਆਪਣੀ ਚੋਣ ਤੋਂ ਪਹਿਲਾਂ, ਰਾਸ਼ਟਰਪਤੀ ਅਨੂਰਾ ਕੁਮਾਰਾ ਦਿਸਾਨਾਇਕੇ ਨੇ ਐਲਾਨ ਕੀਤਾ ਸੀ ਕਿ ਉਹ ਪ੍ਰਾਜੈਕਟ ਨੂੰ ਰੱਦ ਕਰ ਦੇਣਗੇ। 15 ਅਕਤੂਬਰ ਨੂੰ ਹੋਈ ਆਖਰੀ ਸੁਣਵਾਈ ਮੌਕੇ ਉਨ੍ਹਾਂ ਬੇਨਤੀ ਕੀਤੀ ਕਿ ਬਹਿਸ ਨੂੰ ਸੰਸਦੀ ਚੋਣਾਂ ਤੱਕ ਮੁਲਤਵੀ ਕਰ ਦਿੱਤਾ ਜਾਵੇ, ਉਦੋਂ ਉਨ੍ਹਾਂ ਦੀ ਸਰਕਾਰ ਸੌਦੇ ਦੀ ਸਮੀਖਿਆ ਕਰੇਗੀ। ਅਗਲੀ ਸੁਣਵਾਈ ਮਾਰਚ 2025 ਵਿੱਚ ਹੋਣ ਦੀ ਸੰਭਾਵਨਾ ਹੈ। ਇਸ ਦੌਰਾਨ, ਪਿਛਲੇ ਹਫਤੇ ਦਾ ਨੁਕਸਾਨਦੇਹ ਮੁਕੱਦਮਾ ਸ਼ਾਇਦ ਅਡਾਨੀ ਦੇ ਕੋਲੰਬੋ ਬੰਦਰਗਾਹ ਪ੍ਰਾਜੈਕਟ ਨੂੰ ਵੀ ਸੱਟ ਮਾਰੇ। ਅਮਰੀਕੀ ਵਿਕਾਸ ਵਿੱਤ ਕਾਰਪੋਰੇਸ਼ਨ ਨੇ 2023 ਵਿੱਚ ਵੈੱਸਟ ਕੰਟੇਨਰ ਟਰਮੀਨਲ ਵਿੱਚ 55 ਕਰੋੜ ਡਾਲਰ ਦੇ ਨਿਵੇਸ਼ ਦਾ ਐਲਾਨ ਕੀਤਾ ਸੀ। ਇਸ ਨੇ ਕਿਹਾ ਹੈ ਕਿ ਉਹ ਹਾਲੇ ਵੀ ਪ੍ਰਾਜੈਕਟ ਦਾ 'ਢੁੱਕਵਾਂ ਮੁਲਾਂਕਣ' ਕਰ ਰਹੀ ਹੈ।

ਇਸ ਨਾਲ ਨਾ ਕੇਵਲ ਭਾਰਤ ਦੀ ਸਾਖ ਖਰਾਬ ਹੋਈ ਹੈ ਸਗੋਂ ਇਸ ਦਾ ਨੁਕਸਾਨ ਬਹੁਤ ਜਿਆਦਾ ਹੈ। ਇੱਕ ਕਾਰੋਬਾਰੀ ਨਾਲ ਆਕੜ ਕੇ ਕਦਮ ਤਾਲ ਕਰਨ ਦੀ ਬਜਾਏ, ਦਿੱਲੀ ਦੇ ਨੌਕਰਸ਼ਾਹਾਂ ਨੂੰ ਦੇਸ਼ ਦੇ ਕੌਮੀ ਹਿੱਤਾਂ, ਖਾਸ ਤੌਰ 'ਤੇ ਗੁਆਂਢ 'ਚ ਰਣਨੀਤਕ ਟੀਚਿਆਂ ਖਾਤਰ ਇੱਕ ਭਾਰਤੀ 'ਯੂਨਾਈਟਡ ਫਰੂਟ ਕੰਪਨੀ' ਖੜ੍ਹੀ ਹੋਣ ਦੇ ਖਤਰੇ ਦੇਖਣੇ ਚਾਹੀਦੇ ਸਨ। ਇਸ ਦੀ ਥਾਂ ਉਨ੍ਹਾਂ ਮੋਢੇ ਝਟਕਾ ਦਿੱਤੇ ਅਤੇ ਇਹ ਅਲਾਪ ਸ਼ੁਰੂ ਕਰ ਦਿੱਤਾ ਕਿ ਇਸ ਵਿੱਚ ਸਭ ਦਾ ਫਾਇਦਾ ਹੈ। ਭਾਰਤ ਵਿੱਚ ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਮੋਦੀ ਸਰਕਾਰ ਟਰੰਪ ਨਾਲ ਕੋਈ ਸੌਦਾ ਕਰ ਸਕਦੀ ਹੈ ਜਿਸ ਨਾਲ ਅਡਾਨੀ ਦਾ ਖਹਿੜਾ ਛੁੱਟ ਜਾਵੇਗਾ। ਅਜਿਹਾ ਹੋ ਵੀ ਸਕਦਾ ਹੈ ਪਰ ਭਾਰਤ ਨੂੰ ਇਸ ਦਾ ਕਿਹੋ ਜਿਹਾ ਮੁੱਲ ਤਾਰਨਾ ਪਏਗਾ, ਇਹ ਸਪੱਸ਼ਟ ਨਹੀਂ ਹੈ। ਗੁਆਂਢ ਵਿੱਚ ਜਿਵੇਂ ਹਿਸਾਬ-ਕਿਤਾਬ ਹੋ ਰਿਹਾ ਹੈ, ਉਹ ਇਸ ਤੋਂ ਵੀ ਕਿਤੇ ਵੱਧ ਮੁਸ਼ਕਿਲਾਂ ਭਰਿਆ ਸਾਬਿਤ ਹੋਵੇਗਾ।

ਨਿਰੂਪਮਾ ਸੁਬਰਾਮਣੀਅਨ

# ਉਡਾਣ ਹਾਲੇ ਬਾਕੀ ਹੈ

ਸਵੇਰੇ ਅਖਬਾਰ ਚੁੱਕਿਆ ਤਾਂ ਪਹਿਲੇ ਪੰਨੇ 'ਤੇ ਹੀ ਭਾਰਤ ਲਈ ਮਾਣਮੱਤੀ ਖਬਰ 'ਮਨੂ ਭਾਕਰ ਵੱਲੋਂ ਪੈਰਿਸ ਵਿੱਚ ਚੱਲ ਰਹੀਆਂ ਓਲੰਪਿਕ ਖੇਡਾਂ ਵਿੱਚ ਸਾਥੀ ਖਿਡਾਰੀ ਸਰਬਜੀਤ ਸਿੰਘ ਨਾਲ ਖੇਡਦਿਆਂ ਕਾਂਸੀ ਦਾ ਦੂਜਾ ਤਗਮਾ ਜਿੱਤ ਕੇ ਦੇਸ ਦਾ ਨਾਮ ਰੌਸਨ ਕੀਤਾ', ਪੜ੍ਹ ਕੇ ਦਿਲ ਬਾਗੋ-ਬਾਗ ਹੋ ਗਿਆ ਕਿ ਕੁੜੀਆਂ ਹਰ ਖੇਤਰ ਵਿੱਚ ਅੱਗੇ ਜਾ ਰਹੀਆਂ ਹਨ। ਮਨੂ ਭਾਕਰ ਪੈਰਿਸ ਓਲੰਪਿਕ ਵਿੱਚ ਭਾਰਤ ਦੀ ਝੋਲੀ ਦੋ ਕਾਂਸੀ ਦੇ ਤਗਮੇ ਪਾਉਣ ਵਾਲੀ ਪਹਿਲੀ ਮਹਿਲਾ ਖਿਡਾਰੀ ਬਣੀ। ਨਿਸਚੇ ਹੀ ਉਸ ਦੀ ਇਹ ਜਿੱਤ ਭਾਰਤ ਲਈ ਇਤਿਹਾਸਕ ਹੋ ਨਿਬੜੀ। ਮੈਂ ਸੋਚਿਆ ਕਿਉਂ ਨਾ ਅੱਜ ਕਾਉਂਸਲਿੰਗ ਪੀਰੀਅਡ ਵਿੱਚ ਕੁੜੀਆਂ ਨੂੰ ਮਨੂ ਭਾਕਰ ਦੀ ਸਾਨਦਾਰ ਜਿੱਤ ਬਾਰੇ ਦੱਸ ਕੇ ਉਨ੍ਹਾਂ ਵਿੱਚ ਵੀ ਜਿੰਦਗੀ ਵਿੱਚ ਕੁਝ ਵਧੀਆ ਤੇ ਵੱਡਾ ਕਰਨ ਦੀ ਤਾਂਘ ਪੈਦਾ ਕੀਤੀ ਜਾਵੇ। ਸਕੂਲ ਪਹੁੰਚਦਿਆਂ ਪਹਿਲਾਂ ਤਾਂ ਮੈਂ ਨੋਟਿਸ ਬੋਰਡ 'ਤੇ ਖਬਰਾਂ ਵਿੱਚ ਭਾਰਤ ਦੀ ਇਸ ਸਾਨਦਾਰ ਪ੍ਰਾਪਤੀ ਬਾਰੇ ਲਿਖਾਇਆ ਤਾਂ ਕਿ ਸਕੂਲ ਦੇ ਹਰ ਛੋਟੇ ਵੱਡੇ ਬੱਚੇ ਨੂੰ ਆਪਣੇ ਦੇਸ ਦੀ ਓਲੰਪਿਕ ਵਿੱਚ ਇਸ ਪਲੇਠੀ ਜਿੱਤ ਬਾਰੇ ਪਤਾ ਲੱਗ ਸਕੇ। ਫਿਰ ਅੱਧੀ ਛੁੱਟੀ ਬਾਅਦ ਗਾਈਡੈਂਸ ਐਂਡ ਕਾਉਂਸਲਿੰਗ ਦਾ ਪੀਰੀਅਡ ਆਇਆ ਤਾਂ ਮੈਂ ਤਕਰੀਬਨ ਸਾਰੇ ਸਕੂਲ ਦੀਆਂ ਕੁੜੀਆਂ ਹੀ ਉੱਥੇ ਬੁਲਾ ਲਈਆਂ। ਪਹਿਲਾਂ ਮੈਂ ਕੁੜੀਆਂ ਨੂੰ ਅੱਜ ਦੀਆਂ ਖਬਰਾਂ ਬਾਰੇ ਪੁੱਛ ਕੇ ਕੁਝ ਟਟੋਲਣਾ ਚਾਹਿਆ। ਖੇਡਾਂ ਵਿੱਚ ਰੁਚੀ ਰੱਖਣ ਵਾਲੀਆਂ ਕੁੜੀਆਂ ਨੂੰ ਭਾਰਤ ਦੀ ਇਸ ਸਾਨਦਾਰ ਜਿੱਤ ਬਾਰੇ ਪਹਿਲਾਂ ਹੀ ਪਤਾ ਸੀ। ਉਨ੍ਹਾਂ ਦੀਆਂ ਅੱਖਾਂ ਵਿੱਚ ਇੱਕ ਉਤਸਾਹ ਸੀ। ਮੈਂ ਬੋਲਣਾ ਸੁਰੂ ਕੀਤਾ, "ਬੱਚਿਓ, ਮਨੂ ਭਾਕਰ ਵੀ ਤਾਂ ਤੁਹਾਡੇ ਜਿਹੀ ਆਮ ਘਰ ਦੀ ਹੀ ਕੁੜੀ ਹੈ। ਅੱਜ ਉਸ ਦਾ ਨਾਂ ਖੇਡਾਂ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਦਰਜ ਹੋ ਗਿਆ ਹੈ। ਜੇਕਰ ਉਹ ਕਰ ਸਕਦੀ ਹੈ ਤਾਂ ਤੁਸੀਂ ਕਿਉਂ ਨਹੀਂ।" ਮੇਰੀ ਗੱਲ ਸੁਣਦਿਆਂ ਖੇਡਾਂ ਵਿੱਚ ਵਧ ਚੜ੍ਹ ਕੇ ਭਾਗ ਲੈਣ ਵਾਲੀ ਗਿਆਰ੍ਹਵੀਂ ਜਮਾਤ ਦੀ ਇੱਕ ਵਿਦਿਆਰਥਣ ਉੱਠ ਕੇ ਬੋਲੀ, "ਮੈਡਮ ਜੀ, ਸਹੀ ਹੈ ਤੁਹਾਡੀ ਗੱਲ, ਮੈਂ ਖੇਡਾਂ ਵਿੱਚ ਅੱਗੇ ਤੱਕ ਜਾਣਾ ਚਾਹੁੰਦੀ ਆ। ਮੈਂ ਅੰਬਰੀਂ ਉੱਡਣ ਦੀ ਖਾਹਿਸ ਰੱਖਦੀ ਆਂ। ਮੈਂ ਵੀ ਜੀ, ਹਿਮਾ ਦਾਸ ਵਾਂਗ, ਬਿਨਾਂ ਬੂਟਾਂ ਤੋਂ ਦੌੜਦੀ ਹਾਂ। ਉਸ ਦੀ ਮਜਬੂਰੀ ਸੀ, ਪਰ ਮੈਂ ਉਸ ਦੇ ਨਕਸੇ ਕਦਮਾਂ 'ਤੇ ਚੱਲ ਉਸ ਦੀ ਤਰ੍ਹਾਂ ਹੀ ਚਮਕਣਾ ਚਾਹੁੰਦੀ ਹਾਂ। ਸਾਡੇ ਵਿੱਚੋਂ ਬਹੁਤ ਸਾਰੀਆਂ ਕੁੜੀਆਂ ਖੇਡਾਂ ਅਤੇ ਹੋਰ ਖੇਤਰਾਂ ਵਿੱਚ ਅੱਗੇ ਤੱਕ ਜਾਣਾ ਚਾਹੁੰਦੀਆਂ ਹਨ। ਡਾਕਟਰ, ਇੰਜੀਨੀਅਰ, ਅਧਿਆਪਕ, ਪੁਲੀਸ ਅਤੇ ਵਕੀਲ ਬਣਨਾ ਚਾਹੁੰਦੀਆਂ ਹਨ। ਪਰ ਜੀ, ਸਾਡੇ ਘਰਾਂ ਦੇ ਹਾਲਾਤ ਅਤੇ ਸਾਡੇ ਪਰਿਵਾਰਾਂ ਦੀ ਸੋਚ ਸਾਇਦ ਸਾਨੂੰ ਇੱਥੇ ਹੀ ਰੋਕ ਦੇਵੇ। ਸਾਡੇ ਘਰ ਦੇ ਤਾਂ ਜੀ ਹਰ ਰੋਜ ਮੋਬਾਈਲਾਂ 'ਤੇ ਖਬਰਾਂ ਸੁਣ ਸੁਣ ਕੇ ਇਹੀ ਕਹਿੰਦੇ ਨੇ ਕਿ ਬਸ ਬਾਰ੍ਹਵੀਂ ਹੋ ਗਈ, ਬਹੁਤ ਹੈ। ਹਾਲਾਤ ਮਾੜੇ ਨੇ", ਉਹ ਬੋਲਦੀ ਬੋਲਦੀ ਚੁੱਪ ਕਰ ਗਈ। ਉਸ



ਦੀਆਂ ਅੱਖਾਂ ਦੀ ਚਮਕ ਪਾਣੀ ਭਰੇ ਹੰਝੂਆਂ ਵਿੱਚ ਬਦਲ ਗਈ। ਮੈਂ ਉਸ ਦੀ ਵੇਦਨਾ ਨੂੰ ਸਮਝ ਚੁੱਕੀ ਸੀ। ਮੈਨੂੰ ਲੱਗਿਆ ਕਿ ਉਸ ਕੁੜੀ ਦੀ ਆਵਾਜ ਸਾਰੇ ਪੇਂਡੂ ਖੇਤਰ ਦੀਆਂ ਉਨ੍ਹਾਂ ਲੱਖਾਂ ਕੁੜੀਆਂ ਦੀ ਆਵਾਜ ਹੈ ਜਿਨ੍ਹਾਂ ਵਿੱਚ ਪ੍ਰਤਿਭਾ ਤੇ ਜੋਸ ਤਾਂ ਲੋਹੜਿਆਂ ਦਾ ਹੁੰਦਾ ਹੈ, ਪਰ ਫਿਰ ਵੀ ਉਹ ਜਿੰਦਗੀ ਦੇ ਹਨੇਰੇ ਰਸਤਿਆਂ ਵਿੱਚ ਕਿਧਰੇ ਹੋਰ ਹੀ ਗੁਆਚ ਜਾਂਦੀਆਂ ਹਨ। ਹਾਲੇ ਕੱਲ੍ਹ ਹੀ ਬਾਰ੍ਹਵੀਂ ਜਮਾਤ ਪਾਸ ਕਰ ਚੁੱਕੀ ਮੇਰੀ ਇੱਕ ਵਿਦਿਆਰਥਣ ਮੈਨੂੰ ਮਿਲਣ ਆਈ। ਪੜ੍ਹਨ ਵਿੱਚ ਕਾਫੀ ਹੁਸਿਆਰ, ਅੱਗੇ ਵਧਣ ਲਈ ਉਤਾਵਲੀ। ਕਹਿੰਦੀ ਹੁੰਦੀ ਸੀ, "ਮੈਂ ਤਾਂ ਜੀ ਆਰਮੀ ਵਿੱਚ ਜਾਣਾ।" ਪੁੱਛਣ 'ਤੇ ਪਤਾ ਲੱਗਿਆ ਕਿ ਉਸ ਦੇ ਘਰਦਿਆਂ ਨੇ ਉਸਨੂੰ ਅੱਗੇ ਪੜ੍ਹਨ ਹੀ ਨਹੀਂ ਲਗਾਇਆ। ਕਾਲਜ ਪਿੰਡ ਤੋਂ ਥੋੜ੍ਹੀ ਦੂਰੀ 'ਤੇ ਹੋਣ ਕਾਰਨ ਅਤੇ ਦੁਨੀਆ ਦੇ ਵਿਗੜੇਲ ਮਾਹੌਲ ਕਾਰਨ ਉਨ੍ਹਾਂ ਘਰ ਹੀ ਬਿਠਾ ਰੱਖਿਆ ਆਪਣੀ ਹੋਣਹਾਰ ਬੱਚੀ ਨੂੰ। ਮੈਨੂੰ ਉਸ ਉੱਤੇ ਦਇਆ ਆਈ, ਪਰ ਉਸ ਦੇ ਮਾਪਿਆਂ ਦੇ ਫੈਸਲੇ ਅੱਗੇ ਮੇਰਾ ਵੱਸ ਨਹੀਂ ਸੀ ਚੱਲਿਆ। ਕਈ ਤਰ੍ਹਾਂ ਦੀ ਕਿੰਤੂ-ਪ੍ਰੰਤੂ ਸਮਾਜ ਅੰਦਰ ਅਕਸਰ ਹੀ ਔਰਤਾਂ ਦੀ ਸੁਰੱਖਿਆ ਦੇ ਮੁੱਦੇ 'ਤੇ ਚਲਦੀ ਰਹਿੰਦੀ ਹੈ। ਪਰ ਕੀ ਅਸੀਂ ਆਪਣੀਆਂ ਬੱਚੀਆਂ ਦਾ ਸਮਾਜੀਕਰਨ ਉਨ੍ਹਾਂ ਨੂੰ ਅਸੁਰੱਖਿਅਤ ਮਹਿਸੂਸ ਕਰਵਾ ਕੇ ਹੀ ਕਰਾਂਗੇ? ਕਿਤੇ ਨਾ ਕਿਤੇ ਮਾਪੇ ਜਾਂ ਸਮਾਜ ਸਹੀ ਵੀ ਜਾਪਦੇ ਹਨ, ਪਰ ਸਮਾਜ ਵਿੱਚ ਵਧੀਆ ਤੋਂ ਵਧੀਆ ਇਨਸਾਨ ਬਥੇਰੇ ਹਨ।

ਖੈਰ, ਵਿਦਿਆਰਥਣਾਂ ਮੇਰੀ ਗੱਲ ਨੂੰ ਬੜੀ ਹੀ ਉਤਸੁਕਤਾ ਨਾਲ ਸੁਣ ਰਹੀਆਂ ਸਨ। ਪੇਂਡੂ ਖੇਤਰਾਂ ਦੀਆਂ ਹਜਾਰਾਂ ਲੱਖਾਂ ਕੁੜੀਆਂ ਵਿੱਚ ਕਾਬਲੀਅਤ ਤਾਂ ਬਥੇਰੀ ਹੁੰਦੀ ਹੈ, ਪਰ ਉਨ੍ਹਾਂ ਦਾ ਕੋਈ ਰਾਹ-ਦਸੇਰਾ ਨਹੀਂ ਹੁੰਦਾ। ਮੈਂ ਜਦੋਂ ਉਨ੍ਹਾਂ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਹਾਲਾਤ ਬਾਰੇ ਗੱਲ ਕਰਦੀ ਹਾਂ ਜਾਂ ਉਨ੍ਹਾਂ ਦੀਆਂ ਖਾਹਿਸਾਂ ਪੁੱਛਦੀ ਹਾਂ ਤਾਂ ਉਨ੍ਹਾਂ ਨੂੰ ਲੱਗਦਾ ਕਿ ਉਨ੍ਹਾਂ ਦਾ ਵੀ ਕੋਈ ਆਪਣਾ ਹੈ ਜੋ ਉਨ੍ਹਾਂ ਦੀ ਗੱਲ ਨੂੰ ਵਜਨ ਦਿੰਦਾ ਹੈ। ਮੈਂ ਉਨ੍ਹਾਂ ਨੂੰ ਅਕਸਰ ਆਖਦੀ ਹਾਂ, "ਬੱਚੀਓ, ਮੌਕਾ ਹੈ ਤੁਹਾਡੇ ਕੋਲ, ਸਾਂਭੋ, ਪੜ੍ਹੋ ਲਿਖੋ ਤੇ ਅੱਗੇ ਵਧੋ। ਜੇਕਰ ਤੁਸੀਂ ਵਧੀਆ ਕੰਮ ਕਰਦੇ ਹੋ ਤਾਂ ਬਿਨਾਂ ਸ਼ੱਕ ਪਰਿਵਾਰ, ਸਮਾਜ ਅਤੇ ਅਧਿਆਪਕ ਵੀ ਤੁਹਾਡਾ ਸਾਥ ਦਿੰਦੇ ਹਨ। ਜੇਕਰ ਤੁਸੀਂ ਹਨੇਰਿਆਂ ਨਾਲ ਲੜੋਗੇ ਤਾਂ ਤੁਸੀਂ ਭੁੱਖ-ਨੰਗ, ਗਰੀਬੀ ਤੇ ਤੰਗੀਆਂ-ਤੁਰਸੀਆਂ ਦੀ ਰਾਤ ਨੂੰ ਹਰਾ ਕੇ ਚਾਨਣ ਵੱਲ ਜਰੂਰ ਆਓਗੇ। ਹਜਾਰਾਂ ਹੀ ਅਜਿਹੀਆਂ ਉਦਾਹਰਨਾਂ ਹਨ ਜਿੱਥੇ ਬਹੁਤ ਸਾਰੀਆਂ ਕੁੜੀਆਂ ਨੇ ਵਧੀਆ ਕੰਮ ਕੀਤੇ ਹਨ ਤੇ ਉਨ੍ਹਾਂ ਦਾ ਸਮਾਜ ਵਿੱਚ ਉੱਚਾ ਰੁਤਬਾ ਤੇ ਉੱਚਾ ਨਾਮ ਹੈ।" ਮੈਂ ਬੋਲਣਾ ਜਾਰੀ ਰੱਖਿਆ, "ਪ੍ਰਤਿਭਾ ਤੁਹਾਡੀ ਆਪਣੀ ਹੈ, ਸਮਾਜ ਵਿੱਚ ਹਰ ਥਾਂ ਮਾੜੇ ਲੋਕ ਨਹੀਂ ਹੁੰਦੇ। ਕਈ ਲੋਕ ਤੁਹਾਨੂੰ ਅੱਗੇ ਵਧਾਉਣ ਲਈ ਤੁਹਾਡਾ ਸਾਥ ਵੀ ਦਿੰਦੇ ਹਨ। ਸੋ ਜਮਾਨੇ ਦੇ ਹਾਣ ਦੀਆਂ ਹੋਣ ਲਈ ਆਪਾਂ ਨੂੰ ਇਹ ਚੀਜਾਂ ਛੱਡਣੀਆਂ ਪੈਣੀਆਂ ਨੇ। ਆਪਣੇ ਮਾਪਿਆਂ ਅਤੇ ਪਰਿਵਾਰਾਂ ਨੂੰ ਇਹ ਭਰੋਸਾ ਦਿਵਾਉਣਾ ਪੈਣਾ ਹੈ ਕਿ ਅਸੀਂ ਸਹੀ ਕੰਮ ਕਰਕੇ ਤੁਹਾਡਾ ਨਾਮ ਚਮਕਾਵਾਂਗੇ। ਤੁਹਾਡੇ ਹੌਸਲੇ ਰੂਪੀ ਨਿਕਲ ਰਹੇ ਛੋਟੇ ਛੋਟੇ ਖੰਭ ਸਮਾਜ ਵਿੱਚ ਵੱਸਦੇ ਬਹੁਤ ਸਾਰੇ ਲੋਕਾਂ, ਅਧਿਆਪਕਾਂ ਅਤੇ ਦੋਸਤਾਂ ਮਿੱਤਰਾਂ ਦੀ ਮਦਦ ਨਾਲ ਹੀ ਤਾਂ ਉੱਡਣ ਜੋਗੇ ਹੋਣਗੇ। ਸੋ ਤੁਹਾਡੀ ਉਡਾਣ ਹਾਲੇ ਬਾਕੀ ਹੈ।"

ਡਾ. ਪ੍ਰਵੀਨ ਬੇਗਮ

# (In the memory of those who lost their lives in the Sikh genocide of 1984.)

# Saaro

Saaro was born into a Jat family of Punjab. He was one among five brothers—sons of one mother and two fathers. After giving birth to five babies in less than seven years she died when the youngest kid was hardly three years old. The fathers were illiterate and had a small land holding not sufficient for the upbringing and proper nourishment of the family. After affording four or five years of schooling of the kids, they were left to their fate.

Saaro chose Delhi to search for some job at the age of twelve as he was given the address of a man of the village by his father. The man could help him get some job. Saaro went to his foundry on New Rohtak road. The owner employed him as his page boy on meagre salary. He allowed him to stay for the night in the foundry as he was in the accute need of a night watchman too. He was trained to do some welding work during the day time. A village lad acquainted only with the scenic surroundings and untrimmed beauty of the village life felt like a fish out of water for some time. His raw emotions began bubbling to see the trimmed beauty of the Metropolitan city. While in the village he had very rarely heard of films and had never been to cinema but now a desire for moving in the company of his fellow employees had become a passion with him. He saw the first film of his life and spent a sleepless night contemplating the scenes and the onslaughts of his own fate. Time and again he imagined the gulf between his life in the village and his stay in the city. At village he would get up in the morning, run to the fields for defecation , let the buffaloes go free, graze them in the company of some swains, play cards with them, come back to his house and tether the animals at his house and would disappear into the village in search of company of like minded lads to enjoy their noon in some pastime— sometimes hide and seek and sometimes gulli danda. The diet in the village was heavy as compared to that in the city. He was not allowed to visit the nearby small town quite often as he was kept busy in agricultural chores– bringing fodder for the animals, watering the fields with the help of an old type of gadget run with the help of oxen as the tubewells were not in vogue those days, reaping the harvest with sickles and thrashing of wheat with the help of oxen. But in Delhi he found extraordinary agility in every human step and deftness on every human face. If in the village he had to suffice only with the shorts, here he got some pants stitched . In the village the roads were dusty and muddy. He would drag his bicycle to the nearby town in the rainy season. There was no electricity in the village at that time. Here in Delhi his eyes were dazzled to see the glint and glamour of man and machine.

The foundry on the New Rohtak road had some other employees too. They were hailing from the different regions around Delhi. Mr. Bhim from Dehradun, a charge hand, by and by became familiar with Saaro. He understood the problems of Saaro, the major among them being the problem of marriage. He wanted to hook one of his five sisters-in-law who had been parentless since their childhood. Saaro was a good match for one of them, Bhim used to muse. The girl was called to Delhi and Saaro was given the chance of seeing her at Bhim's house. Though an illiterate lass, the airs, affectations and rotundity of her face had appealed to the




raw and backwardly forward instincts of the country boy crazy for possessing any tolerably so so and mediocre female figure. Since that day onward Saaro started coming more close to Bhim who was more clever and manipulating in his heart of hearts. Bhim went on rousing the curiosity of Saaro by putting on different postures and poses till the day the latter could not help putting forward his demand for the marriage.

Kanta, the wife of Saaro came to his house, only in three clothes. The couple started living in small rented hovel

**But Kanta's Saaro would defy all such petty, poor and politics prone prices. Monetarily he was beyond all such prices! In her heart of hearts she was really spitting at the face of this leader!**

in Tilak Vihar. Saaro started searching for a small shop on meagre amount of rent where he could start his own welding works —a profession in which he had gained much proficiency and expertise by that time. Bhim and Saaro would start their search every evening for such type of rental shop arrangement but would return without tracing any in this city of exorbitant rents. After their search for one full month they were able to trace one of the smallest shops in Wazirpur on small rent. Saaro started doing his welding work in this shop. After day's hard labour he would feel thrilled with exaltation to have a nice company of his wife– a company which obliterated all the signs of fatigue and fret from his figure. He would regularly bring some eatables for her while returning from his shop in the evening. On Wednesday the market at Wazirpur would remain closed and Saaro could get sufficent time to be at his house. By this time he had purchased a second hand vehicle too. They would go to a cinema house to enjoy some film there. The wife had gathered much knowledge about the film actors and actresses and Saaro also felt a touch of this knowledge. They would discuss the naming of their son. If he would prefer some Panjabi name, she would insist to name the baby after the nomenclature of U.P. 'I shall name him Rajiv,' the mother quipped. 'I shall christen him as Kuldip Singh,' Saaro showed his stubbornness. Then they would reconcile to call him Raju as a baby and enter his name Kuldip Singh as a school going kid.

The hopes of the parents came true when a male baby was born to them. When the child was three, the husband and wife pleaded with each other.'I shall have Mundan ceremony,' the mother insisted.'I shall prefer Chhati ceremony,' the father said. However, their infatuation for each other overpowered their whims for celebrating two different ceremonies. Saaro would weld the relations which sometimes seemed to fall apart because of the conflict of two cultures. Though Saaro had predominantly assimilated himself into the Hindu ethos by this time, yet the love for Panjabi culture in him had not perfectly died down. During the coming seven years the couple had two more sons and a daughter. Each child had two names– –one assimilating the background of Hindu nomenclature and the other imbibing the spirit of Panjabi culture.

Under the influence of his wife Saaro had developed in him sense of worship of the Hindu temples like that at Mathura and Vaishno Devi. The family did pay visit to these places at least once in a year. However, it visited the famous gurudwaras of Dehli too. The business of welding was also floursh-ing and this prosperity was owed to the worship of deities. Meanwhile, the family was able to construct a small house in Tilak Vihar. Saaro's relatives from Panjab who had previously totally forgotten him had now also begun paying visit to him. His wife and children would also sometimes pay visit to Punjab and the simple people of the village would praise Saaro for having happily settled down at Delhi. Some permanent bachelors would feel sore over their fate. They would repent over their folly of not leaving the village to settle in some city where, they thought, fortune would have bountifully smiled on them as it had done on Saaro. They would abuse their unsavoury luck.

Then those fateful days of November 84 came. The mobs with the burning fires in their hands were stalking like hydra-headed monsters the roads of Delhi that was virtually burning. Saaro was on the outskirts of Tilak Vihar. Someone from the rabble shouted 'He is Sansar Singh! The son of a Panjabi bitch. Fie on his being clean shaved! Throw fire on him.' The mob pounced upon him. The next moment the flames of fire were rising from his half burnt body that was swaying hither and thither crying for help. The mob moved fast to find other Saaros on the roads and in the mohallas of Delhi. Some people moved towards the house of Saaro. One of them shouted: 'Put his house on fire! His concubine whore! That Hindu women who committed a sin by becoming his wife!'

The mob was, however , stopped by some people of the locality with hard



ਅਵਤਾਰ ਐਸ ਸੰਘਾ
(ਸਿਡਨੀ)
ਮੋਬਾ:0437641033

efforts. A typical Hindu inshervani exclaimed: ' That women is not to blame. She is Hindu. She has named the children after Hindu nomenclature. She persuaded the man to worship Hindu deities. Why to kill the whole family? It was her poverty that brought her to this extreme pass.' The mob felt convinced and moved towards another side.

It was really a miraculous escape for Saaro's family. But the children were rendered fatherless. How could the widow tend such a big family? Even the eldest son was hardly ten and he could not save the business from getting eroded. Kanta imagined herself again plunged into the dungeon of poverty. She had no source left except for a small piece of land at the village in Panjab. "Should I go to Panjab and claim my share of land from the brothers of my husband? Will the people of village help a Hindu woman like me in these days of communal conflagration in Panjab? How can I face the firy eyes of those sturdy Sardars whose high voltage resentment is somewhat natural as a reaction to this naked death dance in Delhi? How can I dare to go there and demand that piece of land, though it is my legal right? Will not they say that Delhi has swallowed their brother? That complex ownership of two fathers' property! Nobody will guide me properly to seek legal help from some expert lawyer. Everybody will try to exploit me. " These signs of interrogation were flitting before the eyes of this poor helpless widow times without number.

Last time I met her in a small room in Tilak Vihar. This room was the office of the Sikh Forum. When she finished her tale of woe, a resident of Block 32 of Trilokpuri who had lost fourteen members of her familyin this haulocost started relating her incident:

"The day Indira Gandhi was assassinated I was away to Noida as usual to work in an export company. At noon the owner of my company asked me to leave for my home as some danger was quite at hand. My 25 year old son Mohan Singh was working as a coolie at the railway station and my second son Gurdip Singh, 16, was employed in a tape recorder shop in Lajpat Nagar. Shortly after my reaching home Gurdip Singh also arrived and he told me that there was a lot of communal tension on the way and the driver had hidden him under the seat. Soon weheard the raising of some slogans in the street. My elder son went into the street and did not come back until now. Next morning a huge crowd came into our house by breaking open our doors with the help of iron rods. The rioters started giving blows to my son with the rods. I entreated for his safety. They tore open my clothes. They looted every thing from the house. My son had not expired by this time. covered him with a piece of cloth. Meanwhile, another mob came and shouted, 'Kill him, all other members of his family have been done to death.' They killed all the male members of Block-32. Then all the ladies were forced to move towards Chilla Gaon. There someyoung men raped the women at will for three days . The mothers were forced to offer urine to their kids for quenching their thirst."

After she had finished her speech ,a political leader who had come to visit this office of 'Sikh Forum' to pacify the people finished his speech with these words:

"The government has given rupees twenty thousand as a compensation tor the death of each member of a family. The government has always been sympathetic towards you and will also remain so. Suffice with this amount. The government cannot afford more. *Please forget the past. Is paise se hi saaro."*

But Kanta's Saaro would defy all such petty, poor and politics prone prices. Monetarily he was beyond all such prices!

In her heart of hearts she was really spitting at the face of this leader!

(This story is taken from author's diary of 1985. It had also appeared in some other papers.)

# ਫੁਕਰੇਬਾਜੀ ਦੇ ਖਤਰਨਾਕ ਰੁਝਾਨ

ਕਲੀਨ ਸਲੇਟ ( ਪਾਕਿ ਪਵਿੱਤਰ ਦਾਮਨ)ਵਾਲਾ ਬੱਚਾ ਸੋਝੀ ਆਉਣ 'ਤੇ ਮਾਤਾ ਪਿਤਾ,ਘਰ ਪਰਵਾਰ , ਦੋਸਤਾਂ ਮਿੱਤਰਾਂ , ਰਿਸਤੇਦਾਰਾਂ ਤੇ ਆਲੇ ਦੁਆਲੇ ਦੇ ਸਮਾਜ ਵਿੱਚ ਜਿਉਂ ਜਿਉਂ ਵਿਚਰਨ ਲੱਗਦਾ ਹੈ। ਤਿਉਂ ਤਿਉਂ ਹੀ ਉਸ ਦਾ ਵਿਅਕਤੀਤੱਵ ਉਸਰਨ ਲੱਗਦਾ ਹੈ। ਵੈਸੀ ਸੰਗਤ ਤੈਸੀ ਰੰਗਤ । ਪਰ ਉਸਦੇ ਆਪਣੇ ਗੁਣ ਔਗੁਣ ਖੁਦ ਨੂੰ ਵੀ ਅਤੇ ਆਲੇ ਦੁਆਲੇ ਨੂੰ ਵੀ ਪ੍ਰਭਾਵਿਤ ਕਰਦੇ ਹਨ। ਸੌਂਕ ਰੱਖਣੇ ਪਾਲਣੇ ਤੇ ਹਰ ਮਨੁੱਖੀ ਬਿਰਤੀ ਦਾ ਸੁਪਨਾ ਹੁੰਦਾ ਹੈ।ਪਾਏਦਾਰ ਸੌਂਕ ਪੁਗਾਉਣ ਦਾ ਅਸਲ ਰਾਹ ਮਿਹਨਤ ਦਾ ਪੱਲਾ ਹੀ ਹੁੰਦਾ ਹੈ ਪਰ ਹਵਾਈ /ਪੁੱਠੇ ਸਿੱਧੇ ਸੌਂਕ ਪਗਾਉਣ ਲਈ ਵਿੰਗੇ ਟੇਡੇ ਰਾਹ ਅਪਣਾਉਂਦਿਆਂ ਘਤਿੱਤਾਂ (ਸਰਾਰਤਾਂ)ਕਰਕੇ ਸਮਾਜ ਵਿੱਚਲੇ ਬੁਰਾਈਆਂ ਦੇ ਭੁਕਾਨੇ ਵਿੱਚ ਹੋਰ ਫੂਕ/ਤੂਲ ਭਰੀ ਜਾਣੀ ਹੀ 'ਫੁਕਰੇਬਾਜੀ' ਅਖਵਾਉਂਦੀ ਹੈ। ਜੋ ਕਰੀਬ ਕਰੀਬ 'ਬੌਧਿਕ ਕੰਗਾਲੀ' ਦਾ ਹੀ ਇੱਕ ਪ੍ਰਤੱਖ ਰੂਪ ਹੁੰਦਾ ਹੈ।

ਫੁਕਰੇਬਾਜੀ ਦੀ ਉਮਰ ਹੱਦ ਕੋਈ ਵੀ ਨਹੀਂ ਹੁੰਦੀ ਯਾਨੀ ਫੁਕਰੇਬਾਜੀ ਦੀ ਸੱਪਣੀ ਹਰ ਉਮਰ ਨੂੰ ਹੀ ਡੰਗਦੀ ਹੈ ਪਰ ਅੱਲੜ ਮਤ ਕਰਕੇ ਜਵਾਨੀ ਇਸ ਦਾ ਸਭ ਵੱਧ ਸਿਕਾਰ ਬਣਦੀ ਹੈ। ਫੁਕਰੀ ਬਹੁਬਲੀ ਬਿਰਤੀ ਹਾਥੀ ਨੂੰ ਹੀ ਕੀੜੀ ਦੇ ਤੁਲ ਸਮਝ ਲੈਂਦੀ ਹੈ ਅਤੇ ਭੂਤਰੇ ਸਾਨ੍ਹ ਦੇ ਸਿੰਗਾਂ ਨੂੰ ਹੱਥ ਪਾ ਕੇ ਹੱਡੀ ਪਸਲੀ ਇੱਕ ਕਰਵਾ ਬਹਿੰਦੀ ਐ ।

ਫੁਕਰੇਬਾਜੀ ਮਾਨਸਿਕਤਾ ਦੀ ਇੱਕ ਬਹੁਤ ਹੀ ਨਾਜੁਕ ਸਥਿੱਤੀ ਹੁੰਦੀ ਹੈ। ਜਿਸ ਵਿੱਚ ਸੋਚ ਸਕਤੀ/ਹੋਸ ਹਵਾਸ ਘੱਟ ਪਰ ਅੰਨ੍ਹਾ ਜੋਸ ਵਧੇਰੇ ਹੁੰਦਾ ਹੈ ਇਸ ਸਥਿਤੀ ਵਿੱਚ ਫੈਸਲੇ ਵਧੇਰੇ ਕਰਕੇ ਬਗੈਰ ਸਿਰ(ਦਿਮਾਗ ਦੀ ਵਰਤੋਂ)ਤੋਂ ਦਿਲਾਂ ਦੇ ਆਖੇ ਲੱਗ ਕੇ ਹੀ ਲਏ ਜਾਂਦੇ ਹਨ।ਇਨਾਂ ਫੈਸਲਿਆਂ ਦੇ ਨਤੀਜੇ ਜਿਆਦਾ ਕਰਕੇ ਘਾਟੇਵੰਦ ਹੀ ਸਾਬਿਤ ਹੁੰਦੇ ਹਨ। ਕਈ ਵਾਰ ਤਾਂ ਇਹ ਨਤੀਜੇ ਏਨੇ ਘਾਤਕ ਹੋ ਨਿਬੜਦੇ ਹਨ ਕਿ ਸਾਰੀ ਉਮਰ ਦਾ ਪਛਤਾਵਾ ਤੇ ਰੋਣਾ ਹੀ ਪੱਲੇ ਪਾ ਜਾਂਦੇ ਹਨ। ਕਈ ਵਾਰ ਤਾਂ ਅੱਥਰੇ ਕੰਮ/ਸਟੰਟ ਜਾਨ ਤੋਂ ਵੀ ਹੱਥ ਧੁਆ ਦਿੰਦੇ ਹਨ। ਨਿੱਤ ਦੀਆਂ ਖਬਰਾਂ ਵਿੱਚ ਸਟੰਟਾਂ ਦੇ ਢਾਹੇ ਚੜ੍ਹ ਕੇ ਗੀਲਾਂ ਬਣਾਉਣ ਦੇ ਚੱਕਰਾਂ ਵਿਚ ਕੋਈ ਪਾਣੀ ਵਿੱਚ ਰੁੜੀ/ਡੁੱਬੀ ਜਾਂਦਾ, ਕੋਈ ਬਿਜਲੀ ਦੇ ਕਰੰਟ ਨਾਲ/ਅੱਗ ਵਿਚ ਝੁਲਸੀ ਜਾਂਦਾ, ਕੋਈ ਗੱਡੀ ਹੇਠ ਮਰੀ ਜਾਂਦਾ ਤੇ ਕੋਈ ਟਰੈਕਟਰ ਦੇ ਭੇੜਾਂ ਵਿੱਚ ਭੰਗ ਦੇ ਭਾੜੇ ਜਾਨ ਗਵਾਈ ਜਾ ਰਿਹਾ। ਭਾਵੇਂ ਕੇ ਥੋਥ ਫੁਕਰੇਬਾਜੀ ਤਾਂ ਬਹੁਤ ਸਾਰਿਆਂ ਨੂੰ ਮੌਤ ਦੇ ਮੂੰਹ ਵਿੱਚ ਵੀ ਧੱਕ ਚੁੱਕੀ ਆ। ਫਿਰ ਵੀ ਫੁਕਰਬਾਜੀ ਦਾ ਖਤਰਨਾਕ ਰੁਝਾਨ ਠੱਲ੍ਹਣ ਵਿੱਚ ਨਹੀਂ ਆ ਰਿਹਾ।

ਅੱਲੜ ਜਵਾਨੀ ਵਿੱਚ ਘਰ ਪਰਵਾਰ ਤੋਂ ਬਾਹਰੇ ( ਵੱਡ ਵਡੇਰਿਆਂ ਤੋਂ ਬਾਗੀ ) ਹੋ ਕੇ ਲਏ ਫੈਸਲੇ ਤਾਂ ਬਹੁਤ ਘੱਟ ਹੀ ਨੇਪਰੇ ਚੜਦੇ ਹਨ। ਕਿਉਂ ਕਿ ਜੀਵਨ ਦੇ ਅਜਿਹੇ ਬਹੁਤ ਸਾਰੇ ਮਹੱਤਵਪੂਰਨ ਫੈਸਲੇ ਤਜਰਬੇ ਦੀ ਘਾਟ ਕਰਕੇ ਫੁਕਰੇਬਾਜੀ ਦੇ ਵਹਿਣ ਵਿੱਚ ਵਹਿ ਕੇ ਹੀ ਲਏ ਗਏ ਹੁੰਦੇ ਹਨ।

'ਲਵ ਮੈਰਿਜ' ਆਦਿ ਦੇ ਮਾਮਲਿਆਂ ਵਿੱਚ ਫੁਕਬਾਜੀ ਵਾਲੇ ਪਿਆਰ ਦਾ ਭੂਤ ਵੀ ਬੜੀ ਛੇਤੀ ਹੀ ਲੱਥ ਜਾਂਦਾ ਹੈ। ਚੰਨ ਤਾਰਿਆਂ ਸਮੇਤ ਸਾਰਾ ਅਸਮਾਨ ਖਰੀਦਣ ਵਾਲੇ ਫੁਕਰਬਾਜਾਂ ਤੋਂ ਤਾਂ ਫਿਰ ਜਦੋ ਡੰਗ ਦੀ ਰੋਟੀ ਦਾ ਵੀ ਪ੍ਰਬੰਧ ਨਹੀਂ ਹੁੰਦਾ ਤਾਂ ਫਿਰ ਮਾਮਲਾ ਗੜਬੜ ।' ਸਾਇਦ ਏਸੇ ਕਰਕੇ 'ਟੁੱਟ ਗਈ ਤੜੱਕ ਕਰਕੇ' ਵਰਗੇ ਮਾਮਲਿਆਂ ਦੀ ਭਰਮਾਰ ਵੱਧ ਰਹੀ ਹੈ। ਅੱਲੜ ਮਤ ਦੀ ਬਹੁਗਿਣਤੀ ਮਾਪਿਆਂ ਦੀ ਹੱਡ ਭੰਨਵੀ ਕਮਾਈ ਨੂੰ ਆਮ ਕਰਕੇ ਮੁਫਤ ਦੀ ਕਮਾਈ ਸਮਝ ਕੇ ਦੁਰਵਰਤੋਂ ਕਰਨ ਨੂੰ ਆਪਣਾ ਹੱਕ ਸਮਝਦੀ ਹੈ। ਇਹ ਨਾਜਾਇਜ ਹੱਕ ਨਾ ਮਿਲਣ 'ਤੇ ਬਹੁਤੇ ਘਰ ਪਰਿਵਾਰਾਂ ਵਿਚ ਕਈ ਤਰ੍ਹਾਂ ਦੀ ਕਾਟੋ ਕਲੇਸ ਦੇ ਪਏ ਖਿਲਾਰੇ ਆਮ ਹੀ ਨਜਰੀਂ ਪੈਂਦੇ ਹਨ।

ਨਸਿਆਂ ਦਾ ਪ੍ਰਚਲਣ , ਐਸੋ ਅਰਾਮ ਦੀਆਂ ਬੇਲੋੜੀਆਂ ਵਸਤਾਂ ਦੀ ਗੁਲਾਮੀ, ਨੱਕ ਨੂੰ ਉੱਚਾ ਕਰਨ,ਹੋਰਨਾਂ ਵਿੱਚ ਫੋਕਾ ਟੌਹਰ ਮਾਰਨ ਲਈ ਵਿਖਾਵੇ ਲਈ ਝੁੱਗਾ ਚੌੜ ਕਰਨ ਵਾਲੀਆਂ ਵਸਤਾਂ ਦੀ ਨੁਮਾਇਸ , ਹੋਰਨਾਂ ਨੂੰ ਦੁੱਖੀ ਕਰਨ ਲਈ ਚ ੁ ਗ ਲ ੀ ਅ ਾਂ ਕਰਨ,ਚਵਲੀਆਂ/ਚਗਲੀਆਂ ਮਾਰਨ ਤੇ ਜੀਭ ਛੁਰੀਆਂ ਚਲਾਉਣ ਆਦਿ ਵਾਲੇ ਬਹੁਤ ਸਾਰੇ ਗਲਤ ਵਰਤਾਰਿਆਂ ਦੇ ਪੈਦਾ ਹੋਣ ਵਿੱਚ ਫੁਕਰੇਬਾਜੀ ਦਾ ਹੀ ਸਭ ਤੋਂ ਵੱਡਾ ਹੱਥ ਹੁੰਦਾ ਹੈ। ਜਿਸ ਨਾਲ ਇੱਕ ਅਸੱਭਿਅਕ ਸਮਾਜ ਸਿਰਜਣ ਦਾ ਮੁੱਢ ਬੱਝਦਾ ਹੈ। ਅੱਗੇ ਵੱਖ ਵੱਖ ਬੁਰਾਈਆਂ ਦੀਆਂ ਛਾਂਗੜਾਂ ਆਪਣਾ ਘੁੱਪ ਹਨੇਰਾ ਹੋਰ ਵੀ ਗਾੜਾ ਕਰੀ ਜਾਂਦੀਆਂ ਹਨ।

ਸਾਦਗੀ ਨੂੰ ਛੱਡ ਕੇ ਗਲੈਮਰ /ਚਮਕ-ਦਮਕ ਦੇ ਰਾਹੇ ਪੈਣਾ ਵੀ ਫੁਕਰੇਬਾਜੀ ਹੀ ਹੈ। ਵਿਆਹ ਸਾਦੀਆਂ ਜਾਂ ਹੋਰ ਰੀਤੀ ਰਿਵਾਜਾਂ ਵਿੱਚ ਨੱਕ ਨਮੂਜ ਰੱਖਣ ਲਈ ਕੀਤੇ ਜਾਂਦੇ ਲੈਣ ਦੇਣ ਦੀਆਂ ਚੋਚਲੇਬਾਜੀਆਂ/ਫੁਕਰੇਬਾਜੀਆਂ ਨੇ ਆਮ ਲੋਕ ਦਾ ਭਾਵੇਂ ਕੰਚੂਮਰ ਕੱਢਿਆ ਹੋਇਆ ਹੈ ਪਰ ਫਿਰ ਵੀ ਇਸ ਫੁਕਰਬਾਜੀ ਦੇ ਫਾਹ ਗੱਲੋਂ ਲੁਹਾਣ ਦੇ ਯਤਨ ਨਾ ਕਰਨੇ ਵੀ ਕਰਜਾਈ ਹੋਣ ਦਾ ਵੱਡਾ ਸਬੱਬ ਬਣਦੇ ਹਨ। ਇੱਕ ਨੱਥ ਘੜਾਉਣ ਨੂੰ ਫਿਰ ਰਿਹਾ ਤੇ ਦੂਜਾ ਹਮਾਤੜ ਨੱਕ ਬਚਾਉਣ ਨੂੰ ।

ਜਦ ਹੱਕ ਹਲਾਲ ਦੀ ਕਮਾਈ ਨਾਲ ਫੁਕਰੇਬਾਜੀ ਦਾ ਢਿੱਡ ਨਹੀਂ ਭਰਦਾ ਤਾਂ ਬੇਈਮਾਨੀ, ਦੋ ਨੰਬਰ ਦੀ ਕਮਾਈ , ਭ੍ਰਿਸਟਾਚਾਰ, ਲੁੱਟਾਂ ਖੋਹਾਂ ਦਾ ਪ੍ਰਚਲਨ ਵੱਧਦਾ ਹੈ। ਬੱਚੇ ਦੇਸ ਸਮਾਜ ਦਾ ਭਵਿੱਖ ਤੇ ਜਵਾਨੀ ਸਮਾਜ ਦਾ ਸੀਸਾ ਹੁੰਦੀ ਹੈ। ਇਸ ਦਾ ਫੁਕਰੇਬਾਜੀ ਦੇ ਢੇਟੇ ਚੜ੍ਹ ਕੇ ਕੁਰਾਹੇ ਪੈ ਜਾਣਾ ਅਤੇ ਸਮਾਜ ਦੇ ਮੂੰਹ ਮੁਹਾਂਦਰੇ ਨੂੰ ਵਿਗਾੜਨ ਦਾ ਵੱਡਾ ਸਬੱਬ ਬਣਨਾ ਸਮੇਂ ਦੀ ਇੱਕ ਵੱਡੀ ਤ੍ਰਾਸਦੀ ਬਣੀ ਹੋਈ ਹੈ।

ਅਖੌਤੀ ਮੀਡੀਏ ਦੀ ਫੁਕਰੇਬਾਜੀ ਦੀਆਂ ਬੇਥੱਵੀਆਂ ਉਰਲੀਆਂ -ਪੁਰਲੀਆਂ ਲੋਕਾਂ ਦੀ ਅਕਲ ਦਾ ਪੂਰਾ ਜਨਾਜਾ ਕੱਢ ਰਹੀਐਂ ਨੇ। ਫੁਕਰੀ ਇਸਤਿਹਾਰਬਾਜੀ ਦੀ ਚਲ ਰਹੀ ਹਨੇਰੀ ਵਿਚ ਅਕਲ ਨੂੰ ਹੱਥ ਮਾਰਨ ਦੀ ਥਾਂ ਸੀਸ ਮਹਿਲ ਦੇ ਝਾਕੇ ਵਿੱਚ ਆਪਣੀ ਕੁੱਲੀ ਨੂੰ ਹੀ ਢਾਹੁਣ ਲਈ ਪਹਿਲ ਦਿੱਤੀ ਜਾ ਰਹੀ ਹੈ।

ਟਿੱਡੀਆਂ ਨੂੰ ਖੰਭ ਲਾਉਣ ਵਾਲੀਆਂ ਅਫਵਾਹਾਂ , ਐਡਿਟ ਤਕਨੀਕੀ ਨਾਲ ਹੋਰਾਂ ਦੇ ਚੀਰ ਹਰਨ ਕਰਨ, ਇੱਜਤ ਰੋਲਣ , ਕਿਰਦਾਰ ਕੁਸੀ ਕਰਨ ਤੇ ਚਰਿੱਤਰ ਉਤੇ ਚਿੱਕੜ ਉਛਾਲਣ ਵਾਲੀਆਂ ਤਰੋੜ ਮਰੋੜ ਕੇ ਫੋਟੋਆਂ/ਕੁਮੈਂਟਸ ਐਡਿਟ ਕਰਨ ਦੇ ਫੁੱਕਰੇਪਨ ਦਾ ਬਾਜਾਰ ਪੂਰਾ ਗਰਮ ਐ। ਨਾਲ ਨਾਲ ਈ ਅਸੱਭਿਅਕ ਭਾਸਾ (ਗਾਲ੍ਹੀ ਗਲੋਚ) ਦੇ ਫੁਕਰੇ ਬੋਲ ਬਾਲੇ ਦਾ ਜੋ ਧਮੱਚੜਾ ਸੋਸਲ ਮੀਡੀਆ ਉਤੇ ਪੈ ਰਿਹੈ ਹੈ । ਉਹ ਮਨੁੱਖਤਾ ਨੂੰ ਸਰਮਸਾਰ ਕਰ ਰਿਹੈ। ਜਦ ਕਿਤੇ ਫੁਕਰਿਆਂ ਨੂੰ ਕਾਨੂੰਨੀ ਸਿਕੰਜੇ ਦਾ ਵਲ੍ਹ ਵਲੇਵਾਂ ਪੈਂਦਾ ਤਾਂ ਫਿਰ ਨਾਨੀ ਨੂੰ ਚੇਤੇ ਕਰਦੇ ਹੋਏ ਅੱਖਾਂ ਵਿੱਚ ਘਸੁੰਨ ਦੇ ਕੇ ਪਛਤਾਵੇ ਵਿਚ ਜਾਰੋ ਜਾਰ ਰੋਂਦੇ ਹਨ।

। ਤੂਤੀ ਬਲਾਉਣ ਦੇ ਚੱਕਰ ਵਿੱਚ ਈ ਬਹੁਤ ਸਾਰੇ ਖੁਸੀ ਦੇ ਮੌਕਿਆਂ 'ਤੇ ਹੀ ਠਾਹ ਠਾਹ ਦੀ ਫੁਕਰੀ ਨਾਲ ਕਿਸੇ ਹਮਾਤੜ ਦੀ ਜਾਨ ਨਾਲ ਖੇਡ ਕੇ ਆਪ ਸਲੀਖਾਂ ਮਗਰ ਹੋ ਜਾਣਾ ਕਿਹੜੀ ਅਕਲਮੰਦੀ ਐ ? ਪਰ ਫਿਰ ਵੀ ਇਹ ਸਭ ਕੁਝ ਵਾਪਰ ਰਿਹੈ।



ਆਪੂੰ ਬਣੇ ਰੱਬੀ ਦੂਤਾਂ ਅਖੌਤੀ ਸਾਧ ਸੰਤਾਂ( ਫੁਕਰੇਬਾਜਾਂ) ਨੇ ਤਾਂ ਆਪਣੇ ਆਪਣੇ ਰੱਬਾਂ ਨੂੰ ਜੇਬਾਂ ਵਿਚ ਪਾ ਰੱਖਿਆ ਹੋਇਆ ਹੈ। ਫਿਰ ਮਰਜੀ ਨਾਲ ਫਰੇਬੀ ਖੇਡਾਂ ਕਰਦਿਆਂ ਉਨ੍ਹਾਂ ਵਿਚਾਰੇ ਰੱਬਾਂ ਤੋਂ ਕੰਮ ਕਰਵਾਉਣ ਦੇ ਫੁਕਰੇ ਦਾਵਿਆਂ , ਫੁਕਰੇ ਲਾਲਚ ਤੇ ਡਰਾਵਿਆਂ ਦੇ ਭਰਮ ਭੁਲੇਖਿਆਂ ਨਾਲ ਹੀ ਆਮ ਲੋਕਾਈ ਨੂੰ ਲੁੱਟਿਆ ਤੇ ਕੁੱਟਿਆ/ਠੱਗਿਆ ਤੇ ਇੱਜਤਾਂ ਨਾਲ ਵੀ ਖੇਡਿਆ ਜਾ ਰਿਹਾ ਹੈ।ਵੱਖ ਵੱਖ ਘਿਨੌਣੇ ਅਪਰਾਧਾਂ ਵਿੱਚ ਫਸੇ ਸਿਆਸੀ/ਅਖੌਤੀ ਸਾਧ ਲਾਣੇ ਦੀ ਹੁੰਦੀ ਜਮਾਨਤ/ ਪਰੋਲ/ ਰਿਹਾਈ ਉਤੇ ਚੇਲੇ ਚਾਟੜਿਆਂ ਦੀ ਪੂਛਾਂ ਫੇਰੂ ਫੁਕਰਬਾਜੀਆਂ ਸਵੈ ਮਾਣ/ਆਸਥਾ ਨੂੰ ਕੱਖੋਂ ਹੌਲਾ ਕਰੀ ਜਾ ਰਹੀਆਂ ਨੇ।

ਇਹ ਵੀ ਫੁਕਰੇਬਾਜੀ ਦੀ ਇੱਕ ਇੰਤਾਹ ਹੀ ਹੈ ਕਿ ਕਈ ਫੁਕਰੇਬਾਜ ਝੂਠੀ ਸੋਹਰਤ ਲਈ ਧਾਰਮਿਕ ਅਸਥਾਨ ਦੀ ਮਾਣ ਮਰਿਯਾਦਾ ਨੂੰ ਦਾਅ ਤੋਂ ਲਾਉਣ ਗੁਰੇਜ ਨਹੀਂ ਕਰਦੇ।

ਵੋਟਾਂ ਬਟੋਰੂ ਸਿਆਸੀ ਫੁਕਰੇਬਾਜੀ ਦਾ ਵੀ ਕੋਈ ਸਾਨੀ ਨਹੀਂ। ਫੁਕਰੀ ਸਿਆਸਤ ਦਾ ਤਾਂ ਬਾਬਾ ਆਦਮ ਹੀ ਨਿਰਾਲੈ। ਪਹਿਲਾਂ ਜਿਸਨੂੰ ਖੁਦ ਹੀ ਪਾਣੀ ਪੀ ਪੀ ਕੇ ਕੋਸਿਆ ਹੁੰਦਾ ਹੈ ਫਿਰ ਉਸੇ ਦੇ ਹੀ ਖੰਭਾਂ ਵਿੱਚ ਸਰਣ ਲੈ ਲਈ ਜਾਂਦੀ। ਆਇਓ ਸਰਣਿ ਤੁਹਾਰੀ ਰਾਖੋ ਲਾਜ ਹਮਾਰੀ।ਲੋਕ/ਦੇਸ ਹਿੱਤਾਂ ਨੂੰ ਛਿੱਕੇ ਟੰਗ ਕੇ ਦੁਸਮਣਾਂ/ ਵਿਰੋਧੀਆਂ ਨਾਲ ਹੀ ਲਈ ਅੰਦਰੋਂ ਗਿਟ ਮਿਟ ਰੱਖਣੀ ਯਾਨੀ ਬੁਕਲ ਵਿਚ ਨਿੱਜੀ ਮੁਫਾਦਾਂ ਦਾ ਗੁੜ ਭੋਰੀ ਜਾਣਾ ਤੇ ਬਾਹਰੋਂ ਲੋਕਾਂ ਵਿੱਚ ਕਿਸੇ ਨਾ ਕਿਸੇ ਅਣਕਿਆਸੇ ਡਰ ਦਾ ਹਊਆ/ਫਿਰਕੂ ਦੀਵਾਰਾਂ ਖੜੀਆਂ ਕਰਕੇ ਨਫਰਤੀ ਜਹਿਰ ਫੈਲਾ ਕੇ ਦੁਸਮਣ /ਵਿਰੋਧੀਆਂ ਵੱਲ ਫੁਕਰੇ ਗੋਲੇ ਦਾਗੇ ਜਾਣ ਦੀ ਆਪਣੇ ਮੁਲਕਾਂ ਨਾਲ ਈ ਸਿਆਸੀ ਗਦਾਰੀ ਕਰਨੀ ਆਮ ਗੱਲ ਹੀ ਬਣ ਚੁੱਕੀ ਹੈ। ਵਧੇਰੇ ਕਰਕੇ ਸਿਆਸੀ ਗਦਾਰੀ ਦੀ ਇਹੀ ਸਿਉਂਕ ਹੀ ਲੋਕਤੰਤਰ ਨੂੰ ਖਾ ਰਹੀ ਹੈ।

'ਕੇਹੀ ਰੁੱਤ ਆਈ ਵੇ ਲੋਕਾ ,ਖਿੜੀ ਬਹਾਰ ਮਰਝਾਈ ਵੇ ਲੋਕਾ।'

ਬਸੰਤ ਰੁੱਤ ਨੂੰ ਹੀ ਪਤਝੜ ਦੀ ਉਦਾਸੀ ਨਿਗਲਦੀ ਜਾ ਰਹੀ ਹੈ।

ਫੁਕਰੇਬਾਜੀ ਜਮੀਨ ਉਤੇ ਪੈਰ ਹੀ ਲੱਗਣ ਨਹੀਂ ਦਿੰਦੀ ਸਗੋਂ ਮਨ ਨੂੰ ਉਡੂੰ ਉਡੂੰ ਦੀ ਭਚੱਤਰੀ ਲਾ ਕੇ ਉਤਾਂਹ ਹੀ ਉਤਾਂਹ ਉਡਾਈ ਜਾ ਰਹੀ ਹੈ। ਘਾਲੇ ਮਾਲੇ ਦੀ ਡੋਰ ਨਾਲ ਅਖੌਤੀ ਤਰੱਕੀ ਦੀ ਗੁੱਡੀ ਐਸੀ ਬੁਲ੍ਹੇ ਪਈ ਹੋਈ ਐ ਕਿ ਹੇਠਲੀ ਹਵਾ ਵਿੱਚ ਅਸਲੀਅਤ ਦੀ ਗੁੱਡੀ ਕਿਤੇ ਵੀ ਨਜਰ ਨਾ ਆ ਰਹੀ। ਅੰਨੇ ਠੂਹੇਂ ਅੱਕੀਂ ਪਲਾਹੀ ਹੱਥ ਜਰੂਰ ਮਾਰੇ ਜਾ ਰਹੇ ਨੇ ਪਰ ਹੱਥ ਪੱਲੇ ਕੁਝ ਵੀ ਨਹੀਂ ਲੱਗ ਰਿਹਾ। ਹੱਥ ਪੱਲੇ ਕੁਝ ਪਾਉਣ ਲਈ ਫੁਕਰੇਪਨ ਨੂੰ ਛੱਡ ਕੇ ਅਸਲੀਅਤ ਨੂੰ ਸਮਝਣਾ ਪਵੇਗਾ ਕਿ:

'ਫਲ ਨੀਵੇਂ ਰੁੱਖਾਂ ਨੂੰ ਲੱਗਦੇ, ਉਚਾ ਹੋ ਕੇ ਮਾਰਿਆ ਜਾਏਗਾ '

ਭਾਵੇਂ ਕਿ ਹਰ ਮਨੁੱਖ ਦੀ ਤਮੰਨਾ ਹੁੰਦੀ ਹੈ ਕਿ ਉਸ ਦੀ ਵੱਖਰੀ ਪਹਿਚਾਣ ਬਣੇ। ਪਰ ਜੋ ਲੋਕ ਪਹਿਲਾਂ ਚੰਗੀ ਸੋਚ, ਉਦਮ, ਮਿਹਨਤ ਨਾਲ ਯੋਗਤਾ ਤੇ ਤਜਰਬੇ ਪ੍ਰਾਪਤ ਕਰਦੇ ਹਨ। ਫਿਰ ਆਪਣੀ ਲਿਆਕਤ/ ਔਕਾਤ ਨਾਲ ਆਪਣੇ ਲਈ ਵੀ ਤੇ ਸਮਾਜ ਵਾਸਤੇ ਵੀ ਕੁਝ ਨਾ ਕੁਝ ਚੰਗਾ ਕਰਕੇ ਭਲ ਖੱਟਦੇ ਹਨ ਅਤੇ ਦੇਸ ਦੁਨੀਆਂ ਵਿੱਚ ਆਪਣੇ ਨਾਮਣੇ ਕਮਾਉਂਦੇ ਹਨ। ਜਰਾ ਸੋਚੀਏ ਇਹ ਨਾਮਣੇ ਐਵੇਂ ਨਹੀਂ ਮਿਲੇ ਹੁੰਦੇ ਸਗੋਂ ਸਾਲਾਂਬੱਧੀ ਕੀਤੀ ਸਾਰਥਿਕ ਘਾਲ ਕਮਾਈ ਦਾ ਨਤੀਜਾ ਹੀ ਹੁੰਦੇ ਹਨ। ਇਨ੍ਹਾਂ ਮਾਣਮੱਤੇ ਲੋਕਾਂ ਦੇ ਕੰਮਾਂ ਵਿੱਚਲੀ ਅਸਲੀਅਤ ਦਾ ਰੰਗ ਹੀ ਆਲੇ ਦੁਆਲੇ ਨੂੰ ਮੌਲਣ ਦੇ ਸਮਰੱਥ ਹੁੰਦਾ ਹੈ।:-

'ਬਹੁੜੀਂ ਵੇ ਤਬੀਬਾ, ਫੁਕਰੀ ਤੋਂ ਬਚਾਈਂ ਵੇ ਤਬੀਬਾ ।
ਅਸਲੀਅਤ ਸਮਝਾਈਂ ਵੇ ਤਬੀਬਾ।
ਮੰਦੀ ਸੋਚ ਦਿਲ ਚੋਂ ਮਟਾਈਂ ਵੇ ਤਬੀਬਾ।
ਚੰਗੀ ਕੰਮੀਂ ਲਵਾਈਂ ਵੇ ਤਬੀਬਾ।
ਮਿਹਨਤਾਂ ਦਾ ਰੰਗ ਚੜ੍ਹਾਈਂ ਵੇ ਤਬੀਬਾ।---



ਮਾਸਟਰ ਲਖਵਿੰਦਰ ਸਿੰਘ




## ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

ਸੰਪਰਕ 0437641033 | thepunjabherald1@gmail.com

## ਸੰਪਾਦਕ ਦੀ ਕਲਮ ਤੋਂ

ਅਵਤਾਰ ਐਸ. ਸੰਘਾ

# ਬਾਹਰਲੀਆਂ ਨੌਕਰੀਆਂ ਦਾ ਪੰਜਾਬੀ ਮੁਲਾਂਕਣ

ਪੰਜਾਬ ਦੇ ਭਾਰਤ ਵਿੱਚ ਰਹਿੰਦੇ ਲੋਕ, ਖਾਸ ਕਰਕੇ ਉਹ ਜਿਹੜੇ ਇੰਨੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਬਾਹਰ ਨਹੀਂ ਜਾ ਸਕੇ, ਬਾਹਰ ਦੇ ਕਿੱਤਿਆਂ ਨੂੰ ਨੀਵਾਂ ਦਿਖਾ ਕੇ ਬੜੇ ਖੁਸ਼ ਹੁੰਦੇ ਹਨ। ਬਾਹਰ ਸਿਕਿਉਰਟੀ ਦੇ ਕਿੱਤੇ ਵਾਸਤੇ ਅਹੁਦਾ ਸਿਕਿਉਰਟੀ ਅਫਸਰ ਦਾ ਹੈ। ਕਦੀ ਕਦੀ ਬਾਹਰ ਇਸ ਕਿੱਤੇ ਨੂੰ ਸਿਕਿਉਰਟੀ ਗਾਰਡ ਵੀ ਕਹਿ ਦਿੱਤਾ ਜਾਂਦਾ ਹੈ। ਜੇ ਪੰਜਾਬ ਵਿੱਚ ਕਿਸੇ ਨੂੰ ਪੁੱਛੋ ਕਿ ਫਲਾਣਾ ਬੰਦਾ ਮੈਲਬੋਰਨ ਜਾਂ ਲੰਡਨ ਕੀ ਕੀਤਾ ਕਰਦਾ ਏ ਤਾਂ ਬਹੁਤੇ ਕਹਿਣਗੇ-- ਚੌਂਕੀਦਾਰਾ ਕਰਦਾ ਹੈ। ਜੇ ਉਹ ਆਪ ਬਾਹਰ ਪਹੁੰਚ ਕੇ ਇਹੀ ਕਿੱਤਾ ਕਰਨ ਤਾਂ ਪੰਜਾਬ ਵਿੱਚ ਦੱਸਣਗੇ-- ਮੈਂ ਇੱਥੇ ਸਿਕਿਉਰਟੀ ਅਫਸਰ ਹਾਂ। ਇੱਕ ਸਕੂਲ ਅਧਿਆਪਕ ਸਿਡਨੀ ਆਇਆ। ਕਈ ਨਿੱਕੇ ਮੋਟੇ ਕੰਮ ਜਿਵੇਂ ਸ਼ਾਪਿੰਗ ਸੈਂਟਰ ਚੋਂ ਟਰਾਲੀਆਂ ਖਿੱਚਣ, ਪੀਜ਼ਾ ਡਿਲੀਵਰੀ ਕਰਨ, ਖੇਤਾਂ ਵਿੱਚ ਫਲ ਤੇ ਸਬਜ਼ੀਆਂ ਤੋੜਨ-- ਕਰਨ ਤੋਂ ਬਾਅਦ ਮਸਾਂ ਆਈਸ ਕਰੀਮ ਵੇਚਣ ਦੇ ਕਿੱਤੇ ਤੱਕ ਪਹੁੰਚਿਆ। ਹੁਣ ਉਸ ਪਾਸ ਇੱਕ ਗੱਡੀ ਹੈ। ਉਹ ਇਸਦੀ ਟੱਲੀ ਹਲਕੀ ਜਿਹੀ ਗਲੀਆਂ ਵਿੱਚ ਘਰਾਂ ਦੇ ਸਾਹਮਣੇ ਵਜਾਉਂਦਾ ਹੈ। ਘਰ ਵਾਲਿਆਂ ਨੂੰ, ਖਾਸ ਕਰਕੇ ਬੱਚਿਆਂ ਨੂੰ, ਉਸਦੀ ਆਮਦ ਦਾ ਪਤਾ ਲੱਗ ਜਾਂਦਾ ਹੈ ਤੇ ਭੱਜ ਕੇ ਘਰੋਂ ਬਾਹਰ ਆ ਕੇ ਉਸ ਤੋਂ ਆਈਸ ਕਰੀਮ ਖਰੀਦ ਲੈਂਦੇ ਹਨ। ਜਦ ਮੈਂ ਪੰਜਾਬ ਵਿੱਚ ਉਸ ਬੰਦੇ ਦੇ ਸਕੂਲ ਵਿੱਚ ਉਸ ਦੇ ਸਾਥੀ ਨੂੰ ਮਿਲਣ ਗਿਆ ਤਾਂ ਕਈ ਹੋਰ ਅਧਿਆਪਕ ਵੀ ਮੇਰੇ ਨੇੜੇ ਆ ਕੇ ਬੈਠ ਗਏ। ਇੱਕ ਕਹਿੰਦਾ-- ਸੁਣਿਆ, ਆਪਣਾ ਕੁਲੀਗ ਉਥੇ ਆਈਸ ਕਰੀਮ ਦੀ ਰੇਹੜੀ ਲਗਾਉਂਦਾ ਏ। ਇਸ ਬੰਦੇ ਨੇ ਕਿੱਤੇ ਨੂੰ ਇੰਨਾ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਮੇਰਾ ਦਿਲ ਕਰੇ ਉਸਦੇ ਚਪੇੜ ਮਾਰ ਦੇਵਾਂ। ਮੇਰਾ ਪਿੰਡ ਸੱਠਵਿਆਂ ਤੇ ਸੱਤਰਵਿਆਂ ਵਿੱਚ ਬਹੁਤਾ ਇੰਗਲੈਂਡ ਚਲਾ ਗਿਆ ਸੀ। ਮੇਰੇ ਗੁਆਂਡ ਵਿੱਚ ਇੱਕ ਮੁੰਡਾ ਸ਼ੀਰਾ ਰਹਿੰਦਾ ਹੁੰਦਾ ਸੀ। ਉਹ ਵੀ ਉਦੋਂ ਆਪਣੇ ਮਾਪਿਆਂ ਨਾਲ ਇੰਗਲੈਂਡ ਚਲਾ ਗਿਆ ਸੀ। ਮੈਂ ਜਿੰਨੀ ਵਾਰੀ ਵੀ ਆਪਣੀ ਗੁਆਂਢਣ ਦੇਬੋ ਮਾਸੀ ਨੂੰ ਪੁੱਛਣਾ-- ਸ਼ੀਰਾ ਬਾਹਰ ਕਰਦਾ ਕੀ ਏ ? ਜਵਾਬ ਹੋਣਾ, ਉੱਥੇ ਨਾਲੀਆਂ ਸਾਫ ਕਰਦਾ ਏ।
ਕਈ ਸਾਲਾਂ ਬਾਅਦ ਮੈਨੂੰ ਵੀ ਇੰਗਲੈਂਡ ਜਾਣ ਦਾ ਮੌਕਾ ਮਿਲ ਗਿਆ। ਮੈਂ ਲੰਡਨ ਵਿੱਚ ਸ਼ੀਰੇ ਨੂੰ ਜਾ ਮਿਲਿਆ। ਜਦ ਮੈਂ ਉਸਨੂੰ ਪੁੱਛਿਆ ਕਿ ਉਹ ਕੀ ਕੀ ਕੰਮ ਕਰਦਾ ਰਿਹਾ ਸੀ। ਉਸਨੇ ਆਪਣੇ ਬਾਕੀ ਤਿੰਨ ਚਾਰ ਕੰਮਾਂ ਦੇ ਨਾਲ ਇੱਕ ਕੰਮ ਇਹ ਵੀ ਦੱਸਿਆ ਕਿ ਉਹ ਰਾਤ ਦੇ 12 ਕੁ ਵਜੇ ਪਾਣੀ ਦਾ ਭਰਿਆ ਟਰੱਕ ਰੇਲਵੇ ਦੇ ਨਾਲ ਲੱਗਦੇ ਫਰਸ਼ ਨੇੜੇ ਲਿਆ ਕੇ ਪੂਰੇ ਪ੍ਰੈਸ਼ਰ ਨਾਲ ਫਰਸ਼ ਧੋਇਆ ਕਰਦਾ ਸੀ। ਫਿਰ ਇੱਕ ਟਰੱਕ ਦੇ ਹੇਠਾਂ ਲੱਗੇ ਬੁਰਸ਼ਾਂ ਨਾਲ ਫਰਸ਼ ਦੇ ਨਾਲ ਲੱਗਦੇ ਥਾਵਾਂ-- ਜਿਵੇਂ ਟੈਕਸੀ ਰੈਂਕ, ਬੱਸ ਸਟਾਪ, ਦੁਕਾਨਾਂ ਦਾ ਮੂਹਰਾ-- ਤੋਂ ਸਾਰੇ ਕਾਗਜ਼ ਪੱਤਰ, ਸਿਗਰਟਾਂ ਦੇ ਟੋਟੇ, ਖਾਲੀ ਬੋਤਲਾਂ ਆਦਿ ਟਰੱਕ ਦੇ ਵਿੱਚ ਨੂੰ ਚੁਗਦੇ ਜਾਇਆ ਕਰਦੇ ਸਨ। ਉੱਥੇ ਹੱਥ ਨਾਲ ਕੁਝ ਨਹੀਂ ਕਰਨਾ ਹੁੰਦਾ, ਬਸ ਮਸ਼ੀਨਾਂ ਹੀ ਕੰਮ ਕਰਦੀਆਂ ਹਨ। ਟਰੱਕਾਂ ਦੇ ਹੇਠਾਂ ਲੱਗੇ ਹੋਏ ਵੱਡੇ ਵੱਡੇ ਬੁਰਸ਼ ਜ਼ਮੀਨ ਨਾਲ ਇਵੇਂ ਖਹਿ ਕੇ ਚੱਲਦੇ ਹਨ ਕਿ ਬੁਰਸ਼ ਸਾਰਾ ਕਚਰਾ ਆਪਣੇ ਵਿੱਚ ਨੂੰ ਸਮਾ ਲੈਂਦੇ ਹਨ। ਫਿਰ ਮੈਂ ਸਮਝਿਆ ਦੇਬੋ ਮਾਸੀ ਸ਼ੀਰੇ ਨੂੰ ਨਾਲੀਆਂ ਸਾਫ ਕਰਨ ਦਾ ਕਰਿੰਦਾ ਕਿਓਂ ਕਹਿੰਦੀ ਸੀ। ਗੋਰਿਆਂ ਨੇ ਤਕਰੀਬਨ ਬਹੁਤੇ ਕੰਮਾਂ ਦਾ ਮਸ਼ੀਨੀਕਰਨ ਕੀਤਾ ਹੋਇਆ ਹੈ। ਜੇ ਕੋਈ ਕਹੇ ਕਿ ਫਲਾਣਾ ਬੰਦਾ ਸਿਡਨੀ ਵਿੱਚ ਫਰਸ਼ ਸਾਫ ਕਰਦਾ ਏ ਤਾਂ ਸਮਝੋ ਕਿ ਉਸ ਪਾਸ ਇਹ ਕੰਮ ਕਰਨ ਲਈ ਦੋ ਔਜ਼ਾਰ ਹਨ ਇੱਕ ਖੜ੍ਹੇ ਖੜ੍ਹੇ ਤੁਰ ਕੇ ਸਿਗਰਟਾਂ ਦੇ ਟੋਟੇ ਚੁੱਕ ਕੇ ਖੜ੍ਹਵੇਂ ਤਸਲੇ ਵਿੱਚ ਪਾਉਣ ਦਾ ਕੰਮ ਜਿਹੜਾ ਕਿ ਉਹ ਖੜ੍ਹਵੇਂ ਚਿਮਟੇ ਜਿਹੇ ਦੀ ਹੱਥੀ ਦਬਾ ਕੇ ਟੋਟਾ ਕਾਬੂ ਕਰ ਲੈਂਦਾ ਹੈ ਤੇ ਇਸ ਟੋਟੇ ਨੂੰ ਹੱਥ ਲਗਾਇਆ ਬਗੈਰ ਬਿਨ ਤੱਕ ਪਹੁੰਚਾ ਦਿੰਦਾ ਏ। ਇਹ ਕੰਮ ਕਰਦੇ ਹੋਏ ਨੇ ਵੀ ਉਸਨੇ ਦਸਤਾਨੇ ਪਾਏ ਹੁੰਦੇ ਹਨ। ਦੂਜਾ ਕੰਮ ਪੱਤੇ ਇਕੱਠੇ ਕਰਨ ਦਾ ਕੰਮ ਉਹ ਬਲੋਅਰ ਨਾਲ ਕਰਦਾ ਏ। ਉਹ ਬਲੋਅਰ ਦਾ ਬਟਨ ਦਬਾਉਂਦਾ ਹੈ ਪੱਤੇ ਬਲੋਅਰ ਦੇ ਮੂਹਰੇ ਭੱਜਣ ਲੱਗਦੇ ਹਨ। ਇੰਜ ਉਹ ਪੱਤਿਆਂ ਨੂੰ ਬਿਨ ਤੱਕ ਲੈ ਜਾਂਦਾ ਹੈ। ਇਵੇਂ ਹੀ ਹੋਰ ਬਹੁਤ ਸਾਰੇ ਕਿੱਤਿਆਂ ਨੂੰ ਭਾਰਤ ਜਿਹੇ ਦੇਸ਼ਾਂ ਵਿੱਚ ਨੀਵਾਂ ਦਿਖਾ ਕੇ ਮਜ਼ੇ ਲਏ ਜਾਂਦੇ ਹਨ। ਵਿਕਸਤ ਦੇਸ਼ਾਂ ਵਿੱਚ ਪੇੜ ਕੱਟਣ ਤੇ ਛਾਂਗਣ ਦੀ ਪੜ੍ਹਾਈ ਕਰਾਈ ਜਾਂਦੀ ਏ। ਲੋਕ ਦੋ ਤਿੰਨ ਸਾਲ ਵਿੱਚ ਪੇੜ ਕੱਟਣ ਦੇ ਕੋਰਸ ਜਾਂ ਡਿਪਲੋਮਾ ਕਰਦੇ ਹਨ। ਫਿਰ ਉਹਨਾਂ ਨੂੰ ਟਰੀਅ ਕਲਾਈਂਬਰ (ਪੇੜ ਕਾਟੇ) ਦੀ ਨੌਕਰੀ ਮਿਲਦੀ ਏ। ਪੇੜ ਕੱਟਣ ਦਾ ਸਾਰਾ ਕੰਮ ਬਿਜਲੀ ਦੇ ਔਜ਼ਾਰਾਂ (Power tools) ਨਾਲ ਹੁੰਦਾ ਏ। ਵਿਕਸਿਤ ਦੇਸ਼ਾਂ ਵਿੱਚ ਡਾਕੀਏ ਨੂੰ ਚਿੱਠੀਆ ਵੰਡਣ ਵਾਲਾ ਅਫਸਰ (Postal delivery officer) ਕਿਹਾ ਜਾਂਦਾ ਏ। ਜਿਸ ਵਿਅਕਤੀ ਦਾ ਆਪਣਾ ਭਾਰ ਕੁਇੰਟਲ ਜਾਂ ਇਸ ਤੋਂ ਵੱਧ ਹੋਵੇ ਉਹ ਇਹ ਅਫਸਰ (ਡਾਕੀਆ) ਨਹੀਂ ਲੱਗ ਸਕਦਾ। ਡਾਕੀਏ ਹਲਕੇ ਮੋਟਰ ਸਾਈਕਲ ਤੇ ਡਾਕ ਪਾਉਣ ਜਾਂਦੇ ਹਨ। ਇਹ ਮੋਟਰਸਾਈਕਲ ਇੱਕ ਕੁੰਇੰਟਲ ਭਾਰ ਤੋਂ ਘੱਟ ਭਾਰ ਨੂੰ ਹੀ ਚੰਗੀ ਤਰ੍ਹਾਂ ਚੁੱਕ ਸਕਦੇ ਹਨ। ਜਦ ਮੈਂ ਸਿਡਨੀ ਵਿੱਚ ਪਹਿਲਾਂ ਪਹਿਲ ਪਹੁੰਚਿਆ ਤਾਂ ਮੈਂ ਕਿੱਤਿਆਂ ਦੇ ਨਾਮ ਸੁਣ ਸੁਣ ਕੇ ਬੜਾ ਹੈਰਾਨ ਹੋਈ ਜਾਵਾਂ। ਦਾਹ ਸੰਸਕਾਰ ਮੈਨੇਜਰ (Funeral manager), ਅਧਿਆਪਕ ਦੀ ਮਦਦ ਕਰਨ ਵਾਲਾ ਕਰਮਚਾਰੀ (Teacher's aide), ਪ੍ਰਮੁੱਖ ਰਾਜ ਮਿਸਤਰੀ (Chief brick layer) ਆਦਿ। ਪੰਜਾਬ ਦੀ ਕਿਸੇ ਸੱਥ ਵਿੱਚ ਬੈਠ ਕੇ ਇਸ ਪ੍ਰਕਾਰ ਦੇ ਅਹੁਦਿਆਂ ਬਾਰੇ ਗੱਲ ਕਰੋ ਤਾਂ ਕਈ ਮਸਖਰੇ ਤਾਂ ਗੱਲਾਂ ਬਣਾ ਬਣਾ ਕੇ ਢਿੱਡੀ ਪੀੜਾਂ ਪਾ ਦਿੰਦੇ ਹਨ। ਮੇਰੇ ਪਿੰਡ ਦੀ ਇੱਕ ਪੁਰਾਣੀ ਯੂ. ਕੇ. ਗਈ ਇਸਤਰੀ ਨੇ ਕਹਿਣਾ ਕਿ ਉਹ ਬਰਮਿੰਘਮ ਵਿੱਚ ਅਧਿਆਪਕ ਏ। ਜਦ ਮੈਂ 2010 ਵਿੱਚ ਇੰਗਲੈਂਡ ਜਾ ਕੇ ਉਹਨੂੰ ਮਿਲਿਆ ਤਾਂ ਪਤਾ ਲੱਗਾ ਕਿ ਉਹ ਤਾਂ ਸਿਰਫ ਟੀਚਰ ਏਡੀ ਸੀ। ਟੀਚਰ ਏਡੀ ਅਸਲ ਵਿੱਚ ਅਧਿਆਪਕ ਦੇ ਜਮਾਤ ਲੱਗਣ ਤੋਂ ਪਹਿਲਾਂ ਸਾਰਾ ਕਲਾਸ ਰੂਮ ਸੈੱਟ ਕਰਨ ਦਾ ਕੰਮ ਕਰਦਾ ਏ। ਜਦ ਮੈਂ ਸਿਡਨੀ ਵਿੱਚ ਇਸ ਪ੍ਰਕਾਰ ਦੇ ਨਾਮ ਸੁਣੇ ਤਾਂ ਇੱਕ ਬੰਦੇ ਨੂੰ ਪੁੱਛਿਆ ਕਿ ਉਹ ਕੀ ਕੰਮ ਕਰਦਾ ਏ। ਉਹ ਕਹਿੰਦਾ ਮੈਂ ਖੇਤਾਂ ਵਿੱਚ ਫਲ ਤੋੜਦਾ ਹਾਂ। ਮੈ ਸ਼ੁਗਲ ਵਿੱਚ ਕਿਹਾ-- ਕੀ ਆਪਾਂ ਤੈਨੂੰ ਫਲ ਤੋੜੂ ਅਫਸਰ (Fruit picking officer) ਕਹਿ ਲਈਏ ? ਜਵਾਬ ਵਿੱਚ ਉਹ ਬੋਲਿਆ ਕੁਝ ਨਹੀਂ, ਬਸ ਚੁੱਪ ਹੀ ਕਰ ਗਿਆ। ਵਿਕਸਿਤ ਦੇਸ਼ਾਂ ਵਿੱਚ ਅਫਸਰ ਕੁਝ ਸਮੇਂ ਲਈ ਨੌਕਰਾਂ ਵਾਲਾ ਕੰਮ ਵੀ ਕਰਦੇ ਹਨ। ਇੰਜ ਕਰਨਾ ਤੇ ਕਰਵਾਉਣਾ ਇਸ ਢਾਂਚੇ ਦੀ ਖੂਬਸੂਰਤੀ ਹੈ।

# - ਮਿੱਟੀ ਦੀ ਮਹਿਕ -

## ਨਵੰਬਰ 84 ਦੇ ਅੱਲ੍ਹੇ ਜਖਮ

### ਹੌਂਦ ਚਿੱਲੜ ਵਿਖੇ ਖੰਡਰ ਬਣ ਰਹੀਆਂ ਹਵੇਲੀਆਂ , ਸਹੀਦੀ ਯਾਦਗਾਰ ਸਬੰਧੀ ਲਗਾਇਆ ਬੋਰਡ





**ਹਰਿਆਣਾ ਦੇ ਪਿੰਡ ਹੋਂਦ ਚਿੱਲੜ ਦੀ 'ਲਹੂ ਭਿੱਜੀਂ' ਧਰਤੀ**
**ਜਿੱਥੇ ਦੁੱਧ ਚੁੰਘਦੇ ਮਾਸੂਮ ਬੱਚਿਆਂ ਨੂੰ ਵੀ ਕੋਹ-ਕੋਹ ਕੇ ਮਾਰਿਆ ਗਿਆ / ਸਿੱਖ ਆਗੂਆਂ ਦੇ ਵਾਅਦੇ ਜੋ ਵਫਾ ਨਾ ਹੋਏ**

ਬੀਤੇ ਦਿਨੀਂ ਹਰਿਆਣਾ ਦੇ 'ਲਹੂ ਭਿੱਜੇ' ਪਿੰਡ ਹੋਂਦ ਚਿੱਲੜ ਵਿਖੇ ਫਿਰ ਜਾਣ ਦਾ ਮੌਕਾ ਮਿਲਿਆ । ਇਹ ਅਭਾਗਾ ਪਿੰਡ ਜੋ ਹੁਣ ਆਪਣੀ ਹੋਂਦ ਨੂੰ ਤਰਸ ਰਿਹਾ ਹੈ । ਜਿਥੇ ਕਰੀਬ ਚਾਰ ਦਹਾਕੇ ਪਹਿਲਾਂ 2 ਨਵੰਬਰ 1984 ਦੀ ਸਵੇਰ ਨੂੰ ਸਾਢੇ ਕੁ ਸੱਤ ਵਜੇ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਭਾਰਤ ਦੇ ਬਾਕੀ ਹਿੱਸਿਆਂ ਦੀ ਤਰ੍ਹਾਂ ਹਰਿਆਣਾ ਦੇ ਜਿਲ੍ਹਾ ਰਿਵਾੜੀ ਦੀ ਤਹਿਸੀਲ ਪਟੌਦੀ ਦੇ ਹਸਦੇ-ਵਸਦੇ ਪਿੰਡ ਹੋਂਦ ਚਿੱਲੜ ਵਿਖੇ ਦਰਿੰਦਿਆਂ ਦੀ ਭੀੜ ਵੱਲੋਂ ਪਿੰਡ ਅੰਦਰ ਦਾਖਲ ਹੋ ਕੇ ਲਗਪਗ 18 ਸਿੱਖ ਪਰਿਵਾਰਾਂ ਦੇ 32 ਜੀਆਂ ਨੂੰ ਦੁੱਧ ਚੁੰਘਦੇ ਮਾਸੂਮ ਬੱਚਿਆਂ ਸਮੇਤ ਬੇਰਹਿਮੀ ਨਾਲ ਜ਼ਖਮੀ ਕਰਨ ਤੋਂ ਬਾਅਦ ਇੱਕ ਖੂਹ ਵਿੱਚ ਸੁੱਟ ਕੇ ਮਿੱਟੀ ਦਾ ਤੇਲ ਪਾ ਕੇ ਸਾੜਨ ਦੀ ਹਿਰਦੇਵੇਦਕ ਦਾਸਤਾਨ ਨੂੰ ਸੁਣ ਕੇ ਕਿਸੇ ਵੀ ਇਨਸਾਨ ਦੇ ਅੱਜ ਵੀ 'ਲੂ ਕੰਡੇ' ਖੜੇ ਹੋ ਜਾਂਦੇ ਹਨ । ਇਸ ਸਾਰੇ ਨਰਸੰਘਾਰ ਦਾ ਇੱਕ ਬੇਹੱਦ ਦਰਦਨਾਕ ਪਹਿਲੂ ਇਹ ਸੀ ਕਿ ਹੈਵਾਨਾਂ ਦੀ ਭੀੜ ਵੱਲੋਂ ਇੱਕ ਦੁੱਧ ਚੁੰਘਦੇ ਮਾਸੂਮ ਬੱਚੇ ਨੂੰ ਵੀ ਲੱਤਾਂ ਤੋਂ ਫੜ ਕੇ ਕੰਧ ਨਾਲ ਪਟਕਾ-ਪਟਕਾ ਕੇ ਮਾਰ ਦਿੱਤਾ ਗਿਆ । ਸਿੱਖ ਬੀਬੀਆਂ ਨੂੰ ਚੌਂਕ ਵਿੱਚ ਲਿਜਾ ਕੇ ਭੀੜ ਦੇ ਸਾਹਮਣੇ ਉਨ੍ਹਾਂ ਦੇ ਮੂੰਹ ਵਿੱਚ ਪਿਸਾਬ ਪਾ ਕੇ ਬੇਪੱਤ ਕਰਦਿਆਂ ਉਹ ਕੁਝ ਕੀਤਾ ਜਿਸ ਨੂੰ ਸੁਣ ਕੇ ਇਨਸਾਨ ਧੁਰ ਅੰਦਰੋਂ ਤੱਕ ਹਿਲ ਜਾਵੇ । ਇਸ ਨੂੰ ਆਪਣੇ ਪਿੰਡੇ ਤੇ ਹੰਡਾਉਣ ਵਾਲੇ ਅਤੇ ਇਸ ਕਤਲੇਆਮ ਚੋਂ ਬਚੇ ਪਰਿਵਾਰ ਜੀਅ ਅੱਜ ਵੀ ਉਸ ਸਦਮੇ ਚੋਂ ਬਾਹਰ ਨਹੀਂ ਆ ਸਕੇ ।

ਮਨਜਿੰਦਰ ਸਿੰਘ ਸਰੌਦ
Manjinder Singh Saroud



ਗੁੜਗਾਉਂ ਪਟੌਦੀ ਦੇ ਸਿੱਖ ਕਤਲੇਆਮ ਦੇ ਇਨਸਾਫ ਦੀ ਲੜਾਈ ਲੜਨ ਵਾਲੇ ਸਿਰੜੀ ਇਨਸਾਨ ਅਤੇ ਹੋਂਦ ਚਿੱਲੜ ਇਨਸਾਫ ਕਮੇਟੀ ਦੇ ਪ੍ਰਧਾਨ ਭਾਈ ਦਰਸਨ ਸਿੰਘ ਘੋਲੀਆ ਅਨੁਸਾਰ ਸਮੇਂ ਦੇ ਬੀਤਣ ਨਾਲ ਸੰਨ 2011 ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਕੁਝ ਪੰਥਕ ਕਹਾਉਂਦੇ ਆਗੂਆਂ ਦੇ ਨਾਲ ਉਸ ਜਗ੍ਹਾ ਤੇ ਜਾ ਕੇ ਸਹੀਦੀ ਯਾਦਗਾਰ ਵਜੋਂ ਨੀਂਹ ਪੱਥਰ ਵੀ ਰੱਖਿਆ ਗਿਆ ਪਰ ਮੁੜ ਕੇ ਉਸ ਥਾਂ ਤੇ ਫੇਰਾ ਪਾਉਣਾ ਵੀ ਮੁਨਾਸਿਬ ਨਾ ਸਮਝਿਆ । ਸਮੇਂ ਦੀਆਂ ਫੇਟਾਂ ਅਤੇ ਤਿੱਖੜ ਦੁਪਹਿਰੇ ਇਸ ਨਰਸੰਘਾਰ ਦੀ ਲੰਬੀ ਦਾਸਤਾਨ ਦਾ ਸੰਤਾਪ ਹੰਡਾ ਰਹੇ ਸਿੱਖ ਪਰਿਵਾਰਾਂ ਨੇ ਆਖਿਆ ਕਿ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ 'ਸਿਵਾਏ ਸਿਰਫ ਲਾਰਿਆਂ' ਦੇ ਸਾਡੀ ਸ੍ਰੋਮਣੀ ਕਮੇਟੀ ਵੱਲੋਂ ਉਥੇ ਸਹੀਦੀ ਯਾਦਗਾਰ ਵਜੋਂ ਅੱਜ ਤੱਕ ਇੱਕ ਇੱਟ ਵੀ ਨਹੀਂ ਲੱਗ ਸਕੀ ਅਤੇ ਜਥੇਦਾਰ ਸਾਹਿਬ ਵੱਲੋਂ ਰੱਖਿਆ ਨੀਂਹ ਪੱਥਰ ਵੀ ਸਹੀਦਾਂ ਨਾਲ ਮਜਾਕ ਬਣ ਕੇ ਰਹਿ ਗਿਆ । ਪੀੜਤ ਪਰਿਵਾਰਾਂ ਦਾ ਆਖਣਾ ਹੈ ਕਿ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਸ ਕਤਲੇਆਮ ਦਾ ਦਰਦ ਹੰਢਾਅ ਰਹੇ ਪਰਿਵਾਰਾਂ ਦੀਆਂ ਜ਼ਮੀਨਾਂ ਨੂੰ ਵੀ ਇੱਥੋਂ ਦੇ ਕੁਝ ਧਨਾਢ ਅਤੇ ਸਿਆਸਤਦਾਨ ਲੋਕਾਂ ਵੱਲੋਂ ਰਲ ਕੇ ਹੜੱਪ ਕਰਨ ਦੀਆਂ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ ।
ਉਕਤ ਪਿੰਡ ਹੋਂਦ ਦੀ ਜਮੀਨ ਵਿੱਚੋਂ ਕਾਫੀ ਹਿੱਸਾ ਅਸਰ-ਰਸੂਖ ਵਾਲੇ ਵਿਅਕਤੀਆਂ ਨੇ ਆਪਣੇ ਕਬਜੇ ਹੇਠ ਕਰ ਲਿਆ ਹੈ । ਜਦਕਿ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ । ਹਰਿਆਣਾ ਸਰਕਾਰ ਨੂੰ ਇਸ ਸਬੰਧੀ ਨੋਟਿਸ ਲੈਣ ਦੀ ਲੋੜ ਹੈ ਤਾਂ ਕਿ ਪਿੰਡ ਹੋਂਦ ਦੀ ਹੋਂਦ ਬਚਾਈ ਜਾ ਸਕੇ । ਸਿੱਖ ਕਤਲੇਆਮ ਦਾ ਸੰਤਾਪ ਹੰਢਾ ਰਹੀ ਅਤੇ ਆਪਣੇ ਪਰਿਵਾਰ ਦੇ 12 ਜੀਅ ਗੁਆ ਚੁੱਕੀ ਬੀਬੀ ਸੁਰਜੀਤ ਕੌਰ ਦਾ ਆਖਣਾ ਹੈ ਕਿ ਉਨ੍ਹਾਂ ਨੂੰ ਅੱਜ ਵੀ ਇਨਸਾਫ ਦੀ ਉਮੀਦ ਹੈ ਪ੍ਰੰਤੂ ਦੇਰ ਨਾਲ ਮਿਲਿਆ ਇਨਸਾਫ਼ ਵੀ ਜ਼ਖ਼ਮਾਂ ਨੂੰ ਕੁਰੇਦਣ ਤੋਂ ਘੱਟ ਨਹੀਂ ਹੁੰਦਾ । ਸਥਾਨਕ ਸਿੱਖ ਪਰਿਵਾਰਾਂ ਦਾ ਗਿਲਾ ਹੈ ਕਿ ਕੁਝ ਆਗੂਆਂ ਤੋਂ ਸਿਵਾਏ ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਕਮੇਟੀ ਅਤੇ ਸਿੱਖ ਜਥੇਬੰਦੀਆਂ ਵਲੋਂ ਪਿੰਡ ਹੋਂਦ ਚਿੱਲੜ ਅੰਦਰ ਕਤਲੇਆਮ ਵਿੱਚ ਜਾਨਾਂ ਗੁਆ ਚੁੱਕੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਰੱਖਣ ਦੇ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ, ਹਾਂ ਵਾਅਦੇ ਜਰੂਰ ਕੀਤੇ ਗਏ ਜੋ ਕਦੇ ਵੀ ਵਫਾ ਨਾ ਹੋਏ । ਜਸਟਿਸ ਟੀਪੀ ਗਰਗ ਦੀ ਰਿਪੋਰਟ ਦੇ ਵਿੱਚ ਹਰਿਆਣਾ ਸਰਕਾਰ ਨੂੰ ਦੋਸੀਆਂ ਤੇ ਕਾਰਵਾਈ ਲਈ ਲਿਖਣ ਦੇ ਬਾਵਜੂਦ ਕੁਝ ਨਾ ਹੋਇਆ । ਬੀਤੇ ਸਮੇਂ ਹਰਿਆਣਾ ਸਰਕਾਰ ਵੱਲੋਂ ਇਸ ਕਤਲੇਆਮ ਦੌਰਾਨ ਜਾਨਾਂ ਗੁਆ ਚੁੱਕੇ ਜੀਆਂ ਦੇ ਪਰਿਵਾਰਾਂ ਨੂੰ ਭਾਵੇਂ ਮੁਆਵਜਾ ਮਿਲਣ ਨਾਲ ਉਨ੍ਹਾਂ ਦੇ ਜ਼ਖ਼ਮਾਂ ਤੇ ਕੁੱਝ ਮੱਲ੍ਹਮ ਤਾਂ ਲੱਗੀ ਪਰ ਦੋਸ਼ੀਆਂ ਨੂੰ ਸਜ਼ਾਵਾਂ ਦੇ ਲਈ ਅਦਾਲਤਾਂ ਦੇ ਇਨਸਾਫ ਨੂੰ ਉਡੀਕਦੇ-ਉਡੀਕਦੇ ਕਈ ਗਵਾਹ ਵੀ ਜਹਾਨੋਂ ਕੂਚ ਕਰ ਗਏ ।

ਪਿੰਡ ਦੀ ਅਬਾਦੀ ਤੋਂ ਦੂਰ ਬੀਆਬਾਨ ਬਣ ਚੁੱਕੇ ਪਿੰਡ ਹੋਂਦ ਚਿਲੜ ਜਿੱਥੇ ਅੱਜ ਵੀ ਉਸ ਮੌਕੇ ਦੇ ਹਲਾਤਾਂ ਦੀਆਂ ਤਸਵੀਰਾਂ ਵੇਖ ਕਾਲਜਾਂ ਫਟ ਜਾਂਦਾ ਹੈ । ਸਾਹੀ ਹਵੇਲੀਆਂ ਖੰਡਰ ਬਣ ਚੁੱਕੀਆਂ ਹਨ । ਗੁਰਦੁਆਰਾ ਸਾਹਿਬ ਦੀ ਇਮਾਰਤ ਢਹਿ-ਢੇਰੀ ਹੋ ਚੁੱਕੀ ਹੈ । ਪਿੰਡ ਦੀ ਜਿਆਦਾਤਰ ਜਮੀਨ ਤੇ ਧੜੱਲੇਦਾਰ ਲੋਕਾਂ ਵੱਲੋਂ ਕਬਜਾ ਕਰ ਲਿਆ ਗਿਆ ਹੈ । ਜੋ ਕੁਝ ਬਾਕੀ ਬਚਿਆ ਹੈ ਤਾਂ ਸਿਰਫ ਉਸ ਵਹਿਸੀਆਨਾ ਕਾਰੇ ਦੇ ਨਿਸਾਨ ਜਿੱਥੇ ਇਕ ਦੁੱਧ ਜੰਮਦੇ ਮਸੂਮ ਬੱਚੇ ਨੂੰ ਕੰਧ ਨਾਲ ਪਟਕਾ ਕੇ ਮਾਰ ਦਿੱਤਾ ਗਿਆ, ਦਰਜਨਾਂ ਸਿੱਖ ਬੀਬੀਆਂ ਨੂੰ ਵਿਧਵਾ ਕਰ ਦਿੱਤਾ ਗਿਆ, ਕੀ ਉਸ ਮਸੂਮ ਅਤੇ ਸਿੱਖ ਸਹੀਦਾਂ ਦੇ ਪਰਿਵਾਰ ਇਸ ਵਰਤਾਰੇ ਨੂੰ ਭੁਲਾ ਪਾਉਣਗੇ । ਸਿੱਖ ਕੌਮ ਲਈ ਨਾਸੂਰ ਬਣ ਚੁੱਕੇ ਇਸ ਕੌਮੀ ਦਰਦ ਪ੍ਰਤੀ ਗੱਲਬਾਤ ਕਰਦਿਆਂ ਗੁੜਗਾਉਂ ਅਤੇ ਪਟੌਦੀ ਦੇ ਕੇਸਾਂ ਦੀ ਪੈਰਵਾਈ ਕਰ ਰਹੇ ਜਥੇਦਾਰ ਦਰਸਨ ਸਿੰਘ ਘੋਲੀਆ ਨੇ ਆਖਿਆ ਕਿ ਜੇਕਰ ਸਿੱਖ ਸੰਗਤ ਉਨ੍ਹਾਂ ਨੂੰ ਹੁਕਮ ਕਰੇਂਗੀ ਤਾਂ ਉਹ ਕੌਮੀ ਦਰਦ ਰਖਣ ਵਾਲੀਆਂ ਸਿੱਖ ਹਸਤੀਆਂ ਨਾਲ ਮਿਲ ਕੇ ਸਹੀਦੀ ਯਾਦਗਾਰ ਉਸਾਰਨ ਲਈ ਆਪਣੇ ਪੱਧਰ ਤੇ ਉਪਰਾਲਾ ਜਰੂਰ ਕਰਨਗੇ । ਸਿੱਖ ਜਥੇਬੰਦੀਆਂ ਨੂੰ ਵੀ ਇਸ ਸਬੰਧੀ ਅੱਗੇ ਆਉਣ ਦੀ ਲੋੜ ਹੈ।

## ਜ਼ਰੂਰੀ ਸੂਚਨਾ

ਸਮੂਹ ਕਾਰੋਬਾਰੀ ਅਦਾਰਿਆਂ ਅਤੇ ਪਾਠਕ ਵਰਗ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਲ ਵਿੱਚ ਅਖਬਾਰ ਦੇ ਤਿੰਨ ਐਡੀਸਨ ਵਿਸਾਖੀ ਦਿਵਾਲੀ ਅਤੇ ਨਵਾਂ ਸਾਲ ਹਾਰਡ ਕਾਪੀ ਦੇ ਰੂਪ ਵਿੱਚ ਛਪਿਆ ਕਰਨਗੇ। ਬਾਕੀ ਸਾਰਾ ਸਾਲ ਸੌਫਟ ਕਾਪੀ ਛਪਿਆ ਕਰੇਗੀ। ਮੇਰੇ ਵੱਟਸਐਪ ਸਾਥੀਆਂ ਨੂੰ ਪੀ. ਡੀ. ਐਫ. ਫਾਈਲ ਹਮੇਸ਼ਾ ਭੇਜੀ ਜਾਂਦੀ ਹੀ ਹੈ। ਵਟਸਐਪ ਚੈਨਲ ਵੀ ਬਣਾ ਦਿੱਤਾ ਗਿਆ ਹੈ ਤੁਸੀਂ ਸਾਰੇ ਹੇਠਾਂ ਦਿੱਤੇ ਲਿੰਕ ਤੇ ਸਕੈਨ ਕਰਕੇ ਇਸ ਨੂੰ ਜੁਆਇਨ ਵੀ ਕਰ ਸਕਦੇ ਹੋ। ਇਸਤੋਂ ਇਲਾਵਾ ਸੰਪਾਦਕ ਦੇ 4900 ਫੇਸਬੁੱਕ ਮਿੱਤਰ ਹਨ। ਇਨ੍ਹਾਂ ਪਾਸ ਅਖਬਾਰ ਪਹੁੰਚ ਹੀ ਜਾਂਦੀ ਹੈ। ਆਨ ਲਾਈਨ ਦੀ ਪ੍ਰਕਿਰਿਆ ਪੇਪਰ ਨੂੰ ਸਾਰੀ ਦੁਨੀਆ ਵਿੱਚ ਪਹੁੰਚਾ ਹੀ ਦਿੰਦੀ ਏ। ਸਾਫਟ ਐਡੀਸ਼ਨਾਂ ਵਿੱਚ ਛਪਣ ਵਾਲ਼ੇ ਇਸ਼ਤਿਹਾਰਾਂ ਦੀਆਂ ਕੀਮਤਾਂ ਅੱਧੀਆਂ ਕਰ ਦਿੱਤੀਆਂ ਗਈਆਂ ਹਨ। ਫਰੰਟ ਪੇਜ਼ ਅਤੇ ਆਊਟਰ ਕਵਰ ਤੇ ਛਪਣ ਵਾਲ਼ੇ ਇਸ਼ਤਿਹਾਰਾਂ ਦੇ ਪੈਸੇ ਅੱਧੇ ਤੋਂ ਥੋੜ੍ਹੇ ਜ਼ਿਆਦਾ ਹੋਇਆ ਕਰਨਗੇ। ਛਪਣ ਵਾਲ਼ੇ ਸਾਰੇ ਇਸ਼ਤਿਹਾਰਾਂ ਨੂੰ ਮੈਂ ਆਪਣੇ ਫੇਸਬੁੱਕ ਤੇ ਵੀ ਪਾ ਦਿਆ ਕਰਾਂਗਾ।

ਸੰਪਾਦਕ
ਡਾ: ਅਵਤਾਰ ਐਸ. ਸੰਘਾ

ਵਟਸਐਪ ਚੈਨਲ ਨੂੰ ਫੌਲੋ ਕਰਨ ਲਈ ਸਕੈਨ ਕਰੋ

# ਕਿਸਾਨ ਆਗੂ 6 ਦਸੰਬਰ ਨੂੰ ਦਿੱਲੀ ਵੱਲ ਪੈਦਲ ਮਾਰਚ ਕਰਨਗੇ: ਪੰਧੇਰ



ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਅੱਜ ਕਿਹਾ ਕਿ ਉਨ੍ਹਾਂ ਦੇ ਆਗੂਆਂ ਦੀ ਅਗਵਾਈ ਵਿੱਚ ਕਿਸਾਨਾਂ ਦਾ ਇੱਕ ਜਥਾ ਛੇ ਦਸੰਬਰ ਨੂੰ ਪੈਦਲ ਹੀ ਦਿੱਲੀ ਵੱਲ ਮਾਰਚ ਕਰੇਗਾ। ਉਨ੍ਹਾਂ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨੀ ਗਾਰੰਟੀ ਸਣੇ ਹੋਰ ਕਿਸਾਨੀ ਮੁੱਦਿਆਂ 'ਤੇ ਕੋਈ ਗੱਲਬਾਤ ਨਾ ਕਰਨ 'ਤੇ ਕੇਂਦਰ ਦੀ ਨਿਖੇਧੀ ਕੀਤੀ।

ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜਦੂਰ ਮੋਰਚਾ (ਕੇਐੱਮਐੱਮ) ਦੀ ਅਗਵਾਈ ਹੇਠ ਕਿਸਾਨ 13 ਫਰਵਰੀ ਤੋਂ ਸੰਭੂ ਅਤੇ ਖਨੌਰੀ ਹੱਦਾਂ 'ਤੇ ਡੇਰੇ ਲਾ ਕੇ ਬੈਠੇ ਹੋਏ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਧੇਰ ਨੇ ਕਿਹਾ ਕਿ ਕਿਸਾਨ ਸੰਭੂ ਅਤੇ ਖਨੌਰੀ ਵਿੱਚ 293 ਦਿਨਾਂ ਤੋਂ ਪ੍ਰਦਰਸਨ ਕਰ ਰਹੇ ਹਨ ਪਰ ਕੇਂਦਰ ਦਾ ਰਵੱਈਆ ਨਾਂਹਪੱਖੀ ਹੀ ਰਿਹਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵੱਲ ਮਾਰਚ ਕਰਨ ਵਾਲੇ ਕਿਸਾਨਾਂ ਦੇ ਪਹਿਲੇ ਜਥੇ ਦੀ ਅਗਵਾਈ ਸਤਨਾਮ ਸਿੰਘ ਪੰਨੂ, ਸੁਰਿੰਦਰ ਸਿੰਘ ਚੌਟਾਲਾ, ਸੁਰਜੀਤ ਸਿੰਘ ਫੁੱਲ ਅਤੇ ਬਲਜਿੰਦਰ ਸਿੰਘ ਕਰਨਗੇ। ਇਹ ਜਥਾ ਸਾਂਤੀਪੂਰਵਕ ਦਿੱਲੀ ਵੱਲ ਰਵਾਨਾ ਹੋਵੇਗਾ। ਇਹ ਜਥਾ ਅੰਬਾਲਾ ਦੇ ਜੱਗੀ ਸਿਟੀ ਸੈਂਟਰ, ਮੋਹਰਾ ਅਨਾਜ ਮੰਡੀ, ਖਾਨਪੁਰ ਜੱਟਾਂ ਅਤੇ ਹਰਿਆਣਾ ਦੇ ਪਿੱਪਲੀ ਵਿਚ ਰੁਕੇਗਾ।

ਪੰਧੇਰ ਨੇ ਕਿਹਾ ਕਿ ਕਿਸਾਨ ਹਰ ਰੋਜ ਸਵੇਰੇ 9 ਵਜੇ ਤੋਂ ਸਾਮ 5 ਵਜੇ ਤੱਕ ਪੈਦਲ ਜਾਣਗੇ ਅਤੇ ਰਾਤਾਂ ਸੜਕ 'ਤੇ ਬਿਤਾਉਣਗੇ। ਉਨ੍ਹਾਂ ਕਿਹਾ ਕਿ ਪਹਿਲੇ ਗਰੁੱਪ ਵਿੱਚ ਕਿਸਾਨਾਂ ਦੀ ਗਿਣਤੀ ਬਾਅਦ ਵਿੱਚ ਸਾਂਝੀ ਕੀਤੀ ਜਾਵੇਗੀ।




## ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

thepunjabherald1@gmail.com

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

ਸੰਪਰਕ 0437641033

Disclaimer

The Punjab Herald and the staff associated with it are not responsible for any claims made by the advertisers and do not endorse any product or advertisement published in the newspaperI The views expressed in the advertisement and various articles belong solely to the concerned advertisers and authorsI They do not reflect the views of the newspaper managementI Jurisdiction SydneyI

# ਡੇਰੇ 'ਚੋਂ ਢਾਈ ਲੱਖ ਦੀ ਲੁੱਟ ਕਰਨ ਵਾਲਾ ਮੌਕੇ 'ਤੇ ਦਬੋਚਿਆ



ਜਿਲ੍ਹੇ ਦੇ ਪਿੰਡ ਕੁਰੜ ਦੇ ਡੇਰਾ ਚਕੁਆਣਾ ਸਾਹਿਬ ਦੇ ਇੱਕ ਸੇਵਾਦਾਰ ਵੱਲੋਂ ਹੀ ਡੇਰੇ ਦੇ ਇੱਕ ਕਮਰੇ ਦੇ ਗੇਟ ਨੂੰ ਕੁਹਾੜੀ ਨਾਲ ਤੋੜ ਕੇ ਅੰਦਰ ਦਾਖਲ ਹੋਣ 'ਤੇ ਅਲਮਾਰੀ 'ਚੋਂ ਲੱਖਾਂ ਰੁਪਏ ਚੋਰੀ ਕਰਦੇ ਨੂੰ ਮੌਕੇ 'ਤੇ ਹੀ ਹੋਰ ਸੇਵਾਦਾਰਾਂ ਨੇ ਦਬੋਚਦਿਆਂ ਥਾਣਾ ਠੁਲੀਵਾਲ ਪੁਲਿਸ ਹਵਾਲੇ ਕੀਤਾ।

ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਭਗਵਾਨ ਦਾਸ ਨੇ ਪੰਚਾਇਤ ਦੀ ਹਾਜਰੀ 'ਚ ਦੱਸਿਆ ਕਿ ਇਸ ਧਰਮਿਕ ਅਸਥਾਨ 'ਤੇ ਹੀ ਪਿਛਲੇ ਸਮੇਂ ਤੋਂ ਸੇਵਾ ਕਰਦੇ ਆ ਰਹੇ ਇੱਕ ਸੇਵਾਦਾਰ ਨੇ ਆਪਣੀ ਗੱਡੀ 'ਚ ਸਵਾਰ ਹੋ ਕੇ ਡੇਰੇ ਅੰਦਰ ਦਾਖਲ ਹੋ ਕੇ ਕੁਹਾੜੀ ਨਾਲ ਡੇਰੇ ਦੇ ਇੱਕ ਕਮਰੇ ਦੇ ਗੇਟ ਦੀ ਭੰਨ-ਤੋੜ ਕਰਕੇ ਕਮਰੇ 'ਚ ਪਈ ਅਲਮਾਰੀ ਨੂੰ ਕੁਹਾੜੀ ਨਾਲ ਹੀ ਤੋੜ ਕੇ ਉਸ 'ਚੋਂ ਪਈ ਢਾਈ ਲੱਖ ਦੀ ਨਗਦੀ ਚੋਰੀ ਕੀਤੀ। ਜਿਸ ਨੂੰ ਮੌਕੇ 'ਤੇ ਕਾਬੂ ਕਰਕੇ ਦੋ ਲੱਖ ਦੀ ਨਗਦੀ ਬਰਾਮਦ ਕੀਤੀ ਗਈ ਤੇ 50 ਹਜਾਰ ਉਸਨੇ ਚੱਲ ਰਹੇ ਧੂੰਣੇ 'ਚ ਸੁੱਟ ਦਿੱਤੇ, ਜੋ ਕਿ ਸੜ ਕੇ ਸਵਾਹ ਹੋ ਗਏ।

ਇਸ ਘਟਨਾ ਸਬੰਧੀ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਨੂੰ ਜਾਣੂੰ ਕਰਵਾਇਆ ਗਿਆ। ਡੇਰੇ ਦੇ ਪ੍ਰਬੰਧਕਾਂ ਵੱਲੋਂ ਤੁਰੰਤ ਹੀ ਥਾਣਾ ਠੁੱਲੀਵਾਲ ਪੁਲਿਸ ਨੂੰ ਘਟਨਾ ਸੰਬੰਧੀ ਸੂਚਨਾ ਦਿੱਤੀ ਗਈ। ਉਨ੍ਹਾਂ ਇਸ ਮੌਕੇ ਪੁਲਿਸ ਪ੍ਰਸਾਸਨ ਤੋਂ ਮੰਗ ਕੀਤੀ ਕਿ ਕਾਬੂ ਕੀਤੇ ਗਏ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਖਿਲਾਫ ਬਣਦੀ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਸਰਪੰਚ ਸੁਖਵਿੰਦਰ ਦਾਸ ਬਾਵਾ ਕੁਰੜ ਨੇ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਕਦੇ ਵੀ ਗ੍ਰਾਮ ਪੰਚਾਇਤ ਤੇ ਪਿੰਡ ਵਾਸੀ ਬਰਦਾਸਤ ਨਹੀਂ ਕਰਨਗੇ।

ਉਹਨਾਂ ਕਿਹਾ ਕਿ ਸਮੁੱਚੀ ਗ੍ਰਾਮ ਪੰਚਾਇਤ ਤੇ ਪਿੰਡ ਵਾਸੀ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਭਗਵਾਨ ਦਾਸ ਨਾਲ ਖੜ੍ਹੇ ਹਨ। ਇਸ ਲਈ ਪੁਲਿਸ ਪ੍ਰਸਾਸਨ ਨੂੰ ਅਜਿਹੇ ਲੋਕਾਂ ਖਿਲਾਫ ਸਖਤ ਕਾਰਵਾਈ ਕਰਨ ਲਈ ਅੱਗੇ ਆਉਣਾ ਚਾਹੀਦਾ। ਇਸ ਮੌਕੇ ਥਾਣਾ ਠੁਲੀਵਾਲ ਦੇ ਏਐਸਆਈ ਹਰਦੀਪ ਸਿੰਘ ਨੇ ਆਪਣੀ ਪੁਲਿਸ ਪਾਰਟੀ ਸਮੇਤ ਪੁੱਜ ਕੇ ਸਥਿਤੀ ਦਾ ਜਾਇਜਾ ਲਿਆ ਤੇ ਸੰਪਰਕ ਕਰਨ 'ਤੇ ਕਿਹਾ ਕਿ ਡੇਰੇ ਦੇ ਪ੍ਰਬੰਧਕਾਂ ਵੱਲੋਂ ਬਿਆਨ ਦਰਜ ਕਰਵਾਉਣ ਤੋਂ ਬਾਅਦ ਹੀ ਅਗਲੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਇਸ ਮੌਕੇ ਸਾਬਕਾ ਸਰਪੰਚ ਸੁਰਜੀਤ ਸਿੰਘ ਕੁਰੜ, ਜਸਪਾਲ ਸਿੰਘ ਫੌਜੀ, ਬੀਕੇਯੂ ਕਾਦੀਆਂ ਦੇ ਜਿਲਾ ਮੀਤ ਪ੍ਰਧਾਨ ਬਲਜਿੰਦਰ ਸਿੰਘ ਸਰਾਂ, ਹਾਕਮ ਸਿੰਘ ਕੁਰੜ, ਬਾਬਾ ਗੰਗਾ ਦਾਸ ਅਕਲੀਆ, ਬਾਬਾ ਰਾਮਦਾਸ ਜੀ ਜੌਲਾਂ ਵਾਲੇ ਤੋਂ ਇਲਾਵਾ ਪਿੰਡ ਵਾਸੀ ਵੀ ਹਾਜਰ ਸਨ।

# ਮੁੱਖ ਮੰਤਰੀ ਕੋਠੀ ਨੇੜੇ ਬੇਰੁਜ਼ਗਾਰ ਈਟੀਟੀ ਅਧਿਆਪਕਾਂ ਤੇ ਪੁਲੀਸ ਦਰਮਿਆਨ ਧੱਕਾ-ਮੁੱਕੀ



ਇੱਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ ਦਾ ਘਿਰਾਓ ਕਰਨ ਪੁੱਜੇ ਬੇਰੁਜ਼ਗਾਰ ਈਟੀਟੀ ਅਧਿਆਪਕਾਂ ਅਤੇ ਪੁਲੀਸ ਦਰਮਿਆਨ ਅੱਜ ਝੜਪ ਹੋ ਗਈ। ਇਹ ਅਧਿਆਪਕ ਪਿਛਲੇ ਡੇਢ ਸਾਲ ਤੋਂ ਆਪਣੀ ਜੁਆਇਨਿੰਗ ਦੀ ਮੰਗ ਕਰ ਰਹੇ ਸਨ ਜਿਨ੍ਹਾਂ ਨੇ ਈਟੀਟੀ ਕਾਡਰ 5994 ਯੂਨੀਅਨ ਅਤੇ 2364 ਯੂਨੀਅਨ ਦੀ ਅਗਵਾਈ ਹੇਠ ਰੋਸ ਜਾਹਰ ਕੀਤਾ। ਪੁਲੀਸ ਵੱਲੋਂ ਬੇਰੁਜ਼ਗਾਰ ਅਧਿਆਪਕਾਂ ਨੂੰ ਖਦੇੜਨ ਲਈ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ ਜਿਸ ਦੌਰਾਨ ਕਈ ਬੇਰੁਜ਼ਗਾਰ ਅਧਿਆਪਕਾਂ ਦੀਆਂ ਪੱਗਾਂ ਅਤੇ ਚੁੰਨੀਆਂ ਲੱਥ ਗਈਆਂ। ਇਸ ਦੌਰਾਨ ਕਈ ਪ੍ਰਦਰਸ਼ਨਕਾਰੀ ਜ਼ਖ਼ਮੀ ਵੀ ਹੋ ਗਏ। ਯੂਨੀਅਨ ਆਗੂਆਂ ਨੇ ਦੋਸ਼ ਲਾਇਆ ਹੈ ਕਿ ਪੁਲੀਸ ਵਲੋਂ ਬੇਰੁਜ਼ਗਾਰ ਅਧਿਆਪਕਾਂ ਉਪਰ ਅੰਨ੍ਹੇਵਾਹ ਲਾਠੀਚਾਰਜ ਕੀਤਾ ਗਿਆ ਅਤੇ ਅੱਥਰੂ ਗੈਸ ਦੇ ਗੋਲੇ ਵੀ ਛੱਡੇ ਗਏ।

ਇਸ ਤੋਂ ਪਹਿਲਾਂ ਪੰਜਾਬ ਭਰ ਤੋਂ ਵੱਡੀ ਤਾਦਾਦ 'ਚ ਬੇਰੁਜ਼ਗਾਰ ਈਟੀਟੀ ਅਧਿਆਪਕਾਂ ਵਲੋਂ ਜ਼ੀਰਕਪੁਰ-ਬਠਿੰਡਾ ਕੌਮੀ ਹਾਈਵੇਅ ਜਾਮ ਕੀਤਾ ਗਿਆ ਅਤੇ ਰੋਸ ਧਰਨਾ ਦਿੱਤਾ ਗਿਆ ਜਿਸ ਤੋਂ ਬਾਅਦ ਰੋਸ ਮਾਰਚ ਕਰਦੇ ਹੋਏ ਅਧਿਆਪਕ ਮੁੱਖ ਮੰਤਰੀ ਦੀ ਕੋਠੀ ਵੱਲ ਵਧੇ ਜਿਉਂ ਹੀ ਉਹ ਜਬਰੀ ਪੁਲੀਸ ਨਾਕੇਬੰਦੀ ਤੋੜ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰਨ ਲੱਗੇ ਤਾਂ ਪੁਲੀਸ ਨਾਲ ਝੜਪ ਹੋ ਗਈ। ਪੁਲੀਸ ਵਲੋਂ ਪਾਣੀ ਦੀਆਂ ਬੁਛਾੜਾਂ ਚਲਾ ਦਿੱਤੀਆਂ ਗਈਆਂ।

ਈਟੀਟੀ ਕਾਡਰ ਦੀਆਂ ਦੋਨੋ ਯੂਨੀਅਨਾਂ ਦੇ ਆਗੂ ਹਰਜੀਤ ਬੁਢਲਾਡਾ, ਬੰਟੀ ਕੰਬੋਜ, ਗੁਰਸੰਗਤ ਬੁਢਲਾਡਾ, ਬੱਗਾ ਖੁਡਾਲ, ਬਲਿਹਾਰ ਸਿੰਘ, ਪਰਮਪਾਲ ਫਾਜਿਲਕਾ ਨੇ ਦੋਸ਼ ਲਾਇਆ ਕਿ ਪੁਲੀਸ ਵਲੋਂ ਬੇਰੁਜ਼ਗਾਰ ਅਧਿਆਪਕਾਂ ਉਪਰ ਪਾਣੀਆਂ ਬੁਛਾੜਾਂ ਚਲਾਈਆਂ ਗਈਆਂ ਅਤੇ ਅੰਨ੍ਹੇਵਾਹ ਲਾਠੀਚਾਰਜ ਕੀਤਾ ਗਿਆ ਜਿਸ ਦੌਰਾਨ ਕਈਆਂ ਦੀਆਂ ਪੱਗਾਂ ਅਤੇ ਚੁੰਨੀਆਂ ਲੱਥ ਗਈਆਂ।

ਉਨ੍ਹਾਂ ਦੋਸ਼ ਲਾਇਆ ਕਿ ਲਾਠੀਚਾਰਜ ਦੌਰਾਨ ਕਈ ਬੇਰੁਜ਼ਗਾਰ ਅਧਿਆਪਕ ਜ਼ਖ਼ਮੀ ਹੋਏ ਹਨ ਜਿਨ੍ਹਾਂ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ 5994 ਅਤੇ 2364 ਈਟੀਟੀ ਅਧਿਆਪਕਾਂ ਨੂੰ ਨੌਕਰੀ 'ਤੇ ਜੁਆਇੰਨ ਕਰਵਾਇਆ ਜਾਵੇ। ਖ਼ਬਰ ਲਿਖੇ ਜਾਣ ਤੱਕ ਬੇਰੁਜ਼ਗਾਰ ਅਧਿਆਪਕ ਮੁੱਖ ਮੰਤਰੀ ਦੀ ਕੋਠੀ ਨੇੜੇ ਡਟੇ ਹੋਏ ਸਨ।

# ਡੱਲੇਵਾਲ ਦੀ ਭੈਣ ਨੇ ਕਿਸਾਨੀ ਸੰਘਰਸ਼ ਵਿਚ ਡਟਣ ਲਈ ਪ੍ਰੇਰਿਆ



ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਉਨ੍ਹਾਂ ਦੀ ਵੱਡੀ ਭੈਣ ਸੁਖਦੇਵ ਕੌਰ ਨੇ ਅੱਜ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਉਸ ਦਾ ਭਰਾ ਕਿਸਾਨਾਂ ਦੀਆਂ ਮੰਗਾਂ ਲਈ ਲੜਾਈ ਤਾਂ ਪਹਿਲਾਂ ਹੀ ਲੜ ਰਿਹਾ ਸੀ ਪਰ ਕਿਸਾਨ ਅੰਦੋਲਨ ਦੌਰਾਨ ਮਰਨ ਵਰਤ 'ਤੇ ਬੈਠਣ ਦਾ ਪਤਾ ਲੱਗਿਆ ਉਨ੍ਹਾਂ ਨੂੰ ਉਦੋਂ ਲੱਗਿਆ ਜਦੋਂ ਪੁਲੀਸ ਉਨ੍ਹਾਂ ਨੂੰ ਚੁੱਕ ਲੈ ਗਈ।

ਉਨ੍ਹਾਂ ਕਿਹਾ ਇਹ ਸੁਣ ਕੇ ਦੁੱਖ ਲੱਗਿਆ ਕਿ ਕਿਸਾਨੀ ਮੰਗਾਂ ਲਈ ਉਨ੍ਹਾਂ ਮਰਨ ਵਰਤ 'ਤੇ ਬੈਠਣਾ ਸੀ ਤਾਂ ਸਰਕਾਰ ਨੂੰ ਕੀ ਹਰਜ ਸੀ। ਉਨ੍ਹਾਂ ਕਿਹਾ ਕਿ ਇਸ ਦੇ ਉਲਟ ਪ੍ਰਸਾਸਨ ਕਹਿੰਦਾ ਸੀ ਕਿ ਡੱਲੇਵਾਲ ਦੀ ਸਿਹਤ ਦਾ ਚੈੱਕ ਅਪ ਕਰਾਉਣ ਲਈ ਚੁੱਕਿਆ ਗਿਆ ਹੈ। ਜੇ ਡੱਲੇਵਾਲ ਕੈਂਸਰ ਦੀ ਦਵਾਈ ਨਹੀਂ ਲੈ ਰਹੇ ਤਾਂ ਉਨ੍ਹਾਂ ਨੂੰ ਦਵਾਈ ਲੈਣੀ ਵੀ ਨਹੀਂ ਚਾਹੀਦੀ।

ਉਨ੍ਹਾਂ ਸਪਸ਼ਟ ਕੀਤਾ ਹੈ ਕਿ ਉਹ ਉਨ੍ਹਾਂ ਨੂੰ ਰੋਕਣ ਲਈ ਨਹੀਂ ਆਏ ਬਸ ਮਿਲਣ ਆਈ ਹੈ। ਡੱਲੇਵਾਲ ਨੂੰ ਪਤਾ ਕਿ ਕਿਵੇਂ ਕਿਸਾਨੀ ਹੱਕਾਂ ਦੀ ਲੜਾਈ ਲੜਨੀ ਹੈ, ਉਹ ਆਪਣੇ ਢੰਗ ਨਾਲ ਲੜਾਈ ਲੜ ਰਹੇ ਹਨ ਉਨ੍ਹਾਂ ਨੂੰ ਕੋਈ ਗਿਲਾ ਸਿਕਵਾ ਨਹੀਂ। ਇਥੇ ਜਿਕਰਯੋਗ ਹੈ ਕਿ ਡੱਲੇਵਾਲ ਨੂੰ ਮਰਨ ਵਰਤ 'ਤੇ ਬੈਠਿਆਂ ਅੱਜ ਨੌਂ ਦਿਨ ਹੋ ਗਏ ਹਨ ਪਰ ਉਨ੍ਹਾਂ ਦਾ ਹੌਸਲਾ ਅਜੇ ਵੀ ਬੁਲੰਦ ਹੈ।

# ਸੁਖਬੀਰ ਤੇ ਢੀਂਡਸਾ ਨੇ ਤਨਖਾਹ ਤਹਿਤ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ 'ਤੇ ਸੇਵਾਦਾਰ ਵਜੋਂ ਸੇਵਾ ਨਿਭਾਈ



ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਲਾਈ ਗਈ ਤਨਖਾਹ ਨੂੰ ਪੂਰਾ ਕਰਨ ਵਾਸਤੇ ਮੰਗਲਵਾਰ ਸਵੇਰੇ ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਦੋਵਾਂ ਨੇ ਇੱਕ ਘੰਟਾ ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਵਾਲੇ ਪਾਸੇ ਦਰਸਨੀ ਡਿਉੜੀ ਦੇ ਬਾਹਰ ਬੈਠ ਕੇ ਸੇਵਾਦਾਰ ਵਿੱਚੋਂ ਸੇਵਾ ਕੀਤੀ ਹੈ। ਦੋਵੇਂ ਹੀ ਵੀਲ੍ਹ ਚੇਅਰ 'ਤੇ ਬੈਠੇ ਹੋਏ ਸਨ ਅਤੇ ਉਨ੍ਹਾਂ ਨੇ ਸੇਵਾਦਾਰ ਵਾਲਾ ਨੀਲੇ ਰੰਗ ਦਾ ਚੋਲਾ ਪਾਇਆ ਹੋਇਆ ਸੀ ਤੇ ਹੱਥ ਵਿੱਚ ਬਰਛੇ ਫੜੇ ਹੋਏ ਸਨ। ਦੋਵਾਂ ਦੇ ਗਲੇ ਵਿੱਚ ਤਖਤੀਆਂ ਸਨ।

ਇਨ੍ਹਾਂ ਦੋਵਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਦੋ ਦਿਨ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਘੰਟਾ ਘਰ ਵਾਲੇ ਪਾਸੇ ਮੁੱਖ ਦੁਆਰ 'ਤੇ ਇੱਕ ਘੰਟਾ ਸੇਵਾਦਾਰ ਵੱਜੋਂ ਸੇਵਾ ਨਿਭਾਉਣ ਦੀ ਤਨਖਾਹ ਲਾਈ ਗਈ ਹੈ।

ਇਸ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੰਗਤਾਂ ਲਈ ਬਣੇ ਪਖਾਨਿਆਂ ਦੀ ਸਫਾਈ ਦੀ ਸੇਵਾ, ਲੰਗਰ ਘਰ ਵਿੱਚ ਜੂਠੇ ਬਰਤਨ ਸਾਫ ਕਰਨ ਦੀ ਸੇਵਾ, ਗੁਰਬਾਣੀ ਦਾ ਕੀਰਤਨ ਸਰਵਣ ਕਰਨ ਦੀ ਸੇਵਾ ਅਤੇ ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਦਾ ਪਾਠ ਕਰਨ ਦੀ ਸੇਵਾ ਸੁਣਾਈ ਗਈ ਹੈ। ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਤਖਤ ਸ੍ਰੀ ਕੇਸਗੜ੍ਹ ਸਾਹਿਬ, ਤਖਤ ਸ੍ਰੀ ਦਮਦਮਾ ਸਾਹਿਬ, ਗੁਰਦੁਆਰਾ ਸ੍ਰੀ ਮੁਕਤਸਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਵੀ ਇਹ ਦੋ-ਦੋ ਦਿਨ ਵਾਸਤੇ ਇਹ ਸੇਵਾਵਾਂ ਪੂਰੀਆਂ ਕਰਨਗੇ।

ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਸੇਵਾਦਾਰ ਦੀ ਸੇਵਾ ਕਰਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਉਨ੍ਹਾਂ ਦੀ ਹਾਜਰੀ ਦਰਜ ਕੀਤੀ ਹੈ ਅਤੇ ਉਨ੍ਹਾਂ ਕੋਲੋਂ ਇਸ ਸਬੰਧੀ ਕਾਗਜ 'ਤੇ ਦਸਤਖਤ ਵੀ ਕਰਵਾਏ।

ਇਨ੍ਹਾਂ ਤੋਂ ਇਲਾਵਾ ਬੀਬੀ ਜਗੀਰ ਕੌਰ, ਬਿਕਰਮ ਸਿੰਘ ਮਜੀਠੀਆ, ਆਦੇਸ ਪ੍ਰਤਾਪ ਸਿੰਘ ਕੈਰੋਂ ਤੇ ਹੋਰਨਾਂ ਨੂੰ ਵੀ ਇੱਕ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ ਵਿੱਚ ਸੰਗਤ ਦੇ ਜੂਠੇ ਬਰਤਨ ਸਾਫ ਕਰਨ, ਜੋੜੇ ਝਾੜਨ, ਕੀਰਤਨ ਸਰਵਣ ਕਰਨ ਆਦਿ ਦੀ ਸੇਵਾ ਲਾਈ ਗਈ ਹੈ। ਇਸ ਤਹਿਤ ਦਲਜੀਤ ਸਿੰਘ ਚੀਮਾ, ਬਿਕਰਮ ਸਿੰਘ ਮਜੀਠੀਆ ਅਤੇ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਹੋਰ ਆਗੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੰਗਤਾਂ ਲਈ ਬਣੇ ਪਖਾਨਿਆਂ ਦੀ ਸਫਾਈ ਦੀ ਸੇਵਾ ਕੀਤੀ।

ਦੱਸਣਯੋਗ ਹੈ ਕਿ ਸੋਮਵਾਰ ਨੂੰ ਸ੍ਰੀ ਅਕਾਲ ਤਖਤ ਦੇ ਸਨਮੁਖ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਨੇ ਅਕਾਲੀ ਸਰਕਾਰ ਵੇਲੇ ਹੋਏ ਆਪਣੇ ਗੁਨਾਹ ਕਬੂਲ ਕੀਤੇ ਸਨ ਅਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਸਣੇ ਪੰਜ ਸਿੰਘ ਸਾਹਿਬਾਨ ਵੱਲੋਂ ਇਨ੍ਹਾਂ ਨੂੰ ਇਨ੍ਹਾਂ ਦੇ ਗੁਨਾਹਾਂ ਦੀ ਮੁਆਫ਼ੀ ਵਾਸਤੇ ਤਨਖਾਹ ਲਾਈ ਗਈ ਸੀ।

# ਲੰਮੇ ਸੰਘਰਸ਼ ਤੋਂ ਬਾਅਦ ਸਰੀ ਪੁਲੀਸ ਨੇ ਸ਼ਹਿਰ ਦੇ ਅਮਨ ਕਾਨੂੰਨ ਦੀ ਵਾਗਡੋਰ ਸੰਭਾਲੀ

ਲੰਮਾ ਸੰਘਰਸ਼ ਅਤੇ ਕਨੂੰਨੀ ਲੜਾਈਆਂ ਜਿੱਤਣ ਤੋਂ ਬਾਦ ਅਖੀਰ ਸਰੀ ਪੁਲੀਸ ਨੇ ਸ਼ਹਿਰ ਦੇ ਅਮਨ ਕਨੂੰਨ ਦੀ ਵਾਗਡੋਰ ਕੇਂਦਰੀ ਪੁਲੀਸ ਤੋਂ ਆਪਣੇ ਹੱਥ ਲੈ ਲਈ ਹੈ। ਰਾਇਲ ਕੈਨੇਡੀਅਨ ਮਾਉਂਟਡ ਪੁਲੀਸ (ਕੇਂਦਰੀ ਪੁਲੀਸ) 74 ਸਾਲਾਂ ਤੋਂ ਸਰੀ 'ਚ ਤੈਨਾਤ ਸੀ। ਇਸ ਬਦਲਾਅ ਨਾਲ ਸਰੀ ਕੈਨੇਡਾ ਦੇ ਉਨ੍ਹਾਂ ਚੋਣਵੇਂ ਸ਼ਹਿਰਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ, ਜਿਨ੍ਹਾਂ ਦੇ ਆਪਣੇ ਪੁਲੀਸ ਬੋਰਡ ਹਨ। ਪੁਲੀਸ ਬੋਰਡ ਦੇ ਮੁੱਖੀ ਨੌਰਮ ਲਪਿੰਸਕੀ ਨੇ ਸ਼ਹਿਰ ਦੇ ਅਮਨ ਕਨੂੰਨ ਦੀ ਜਿੰਮੇਵਾਰੀ ਆਪਣੀ ਪੁਲੀਸ ਦੇ ਹੱਥ ਆਉਣ ਤੇ ਤਸੱਲੀ ਅਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਨਾਲ ਗੈਰਸਮਾਜੀ ਅਨਸਰਾਂ ਦੇ ਮਨਾਂ ਵਿੱਚ ਪੁਲੀਸ ਸਖਤੀ ਦਾ ਡਰ ਤੇ ਸ਼ਹਿਰੀਆਂ ਦੇ ਮਨਾਂ ਚ ਸੁਰੱਖਿਆ ਦਾ ਅਹਿਸਾਸ ਉਜਾਗਰ ਹੋਵੇਗਾ।

ਉਂਝ ਕਾਨੂੰਨੀ ਅੜਚਨਾਂ ਕਰਕੇ ਕੇਂਦਰੀ ਪੁਲੀਸ ਦੇ ਆਖਰੀ ਮੁਲਾਜਮ ਨੂੰ ਵਿਦਾ ਕਰਨ ਵਿੱਚ ਦੋ ਸਾਲ ਲੱਗ ਸਕਦੇ ਹਨ। ਸਰੀ 'ਚ ਤਾਇਨਾਤ ਕੁੱਲ ਪੁਲੀਸ ਨਫਰੀ 880 ਚੋਂ 446 ਪਹਿਲਾਂ ਹੀ ਸਰੀ ਪੁਲੀਸ ਦੀ ਭਰਤੀ ਹਨ, ਪਰ ਸਮੁੱਚੀ ਕਮਾਂਡ ਕੇਂਦਰੀ ਪੁਲੀਸ ਕੋਲ ਸੀ, ਜਿਸਦਾ ਹੁਣ ਉਲਟ ਫੇਰ ਹੋ ਗਿਆ ਹੈ।

ਸਰੀ ਮਿਉਂਸਪੈਲਿਟੀ ਦੇ ਆਪਣੇ ਪੁਲੀਸ ਬੋਰਡ ਦੀ ਸਥਾਪਨਾ ਦਾ ਮਤਾ ਕੌਂਸਲ ਵਲੋਂ ਨਵੰਬਰ 2018 'ਚ ਪਾਸ ਕਰਨ ਤੋਂ ਬਾਦ ਪੁਲੀਸ ਬੋਰਡ ਸਥਾਪਤ ਹੋਇਆ ਸੀ, ਪਰ 2022 'ਚ ਨਵੀਂ ਮੇਅਰ ਬਰੈਂਡਾ ਲੌਕ ਵਲੋਂ ਕੇਂਦਰੀ ਪੁਲੀਸ ਦੇ ਹੱਕ ਵਿੱਚ ਡਟਣ ਕਾਰਨ, ਲੋਕਾਂ ਦੀ ਇਸ ਮੰਗ ਨੂੰ ਕਈ ਕਨੂੰਨੀ ਲੜਾਈਆਂ ਤੇ ਝੰਜਟਾਂ ਨਾਲ ਸਿੱਝਣਾ ਪਿਆ।

ਸੂਬਾਈ ਸਰਕਾਰ ਦਾ ਸਰੀ ਪੁਲੀਸ ਦੇ ਹੱਕ ਵਿੱਚ ਖੜਨਾ ਕਾਰਗਰ ਸਾਬਤ ਹੋਇਆ ਤੇ ਸੁਪਰੀਮ ਕੋਰਟ ਵਲੋਂ ਫੈਸਲਾ ਸਰੀ ਪੁਲੀਸ ਦੀ ਸਥਾਪਨਾ ਦੇ ਹੱਕ ਵਿੱਚ ਦੇਣ ਨਾਲ ਇਸ ਉੱਤੇ ਪੱਕੀ ਮੋਹਰ ਲੱਗ ਗਈ। ਦੱਸਣਯੋਗ ਹੈ ਕਿ ਕੈਨੇਡਾ ਵਿੱਚ ਪੁਲੀਸ ਤਾਇਨਾਤੀ ਤੇ ਖਰਚ ਮਿਉਂਸਪੈਲਿਟੀਆ ਦੇ ਜਿੰਮੇ ਹੈ।

# ਬੈਂਕ ਖਾਤੇ 'ਚ ਕਿੰਨੇ ਲੋਕਾਂ ਨੂੰ ਬਣਾਇਆ ਜਾ ਸਕਦਾ ਨੋਮਿਨੀ, ਵਿੱਤ ਮੰਤਰੀ ਨੇ ਦੱਸੇ ਨਿਯਮ; ਸਾਈਬਰ ਧੋਖਾਧੜੀ ਲਈ ਵੀ ਮਾਸਟਰ ਪਲਾਨ

ਆਪਣੇ ਬੈਂਕ ਖਾਤੇ 'ਚ ਹੁਣ ਇਕ ਵਿਅਕਤੀ ਦੀ ਥਾਂ ਚਾਰ ਲੋਕਾਂ ਨੂੰ ਨੋਮਿਨੀ ਬਣਾਇਆ ਜਾ ਸਕਦਾ ਹੈ। ਲੋਕ ਸਭਾ 'ਚ ਮੰਗਲਵਾਰ ਨੂੰ ਪਾਸ ਬੈਂਕਿੰਗ ਵਿਧੀਆਂ (ਸੋਧ) ਬਿੱਲ, 2024 'ਚ ਇਸ ਦੀ ਵਿਵਸਥਾ ਹੈ। ਇਸ ਕਾਰਨ ਸਿਰਫ ਬੈਂਕ ਖਾਤੇ 'ਚ ਹੀ ਨਹੀਂ, ਬਲਕਿ ਬੈਂਕਾਂ 'ਚ ਰੱਖੇ ਗਏ ਲਾਕਰਾਂ ਜਾਂ ਦੂਜੀਆਂ ਬੈਂਕਿੰਗ ਸੇਵਾਵਾਂ ਲਈ ਵੀ ਗਾਹਕਾਂ ਨੂੰ ਚਾਰ ਲੋਕਾਂ ਨੂੰ ਨੋਮਿਨੀ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਹੈ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬਿੱਲ ਪੇਸ਼ ਕਰਦੇ ਹੋਏ ਕਿਹਾ ਕਿ ਇਸ ਦਾ ਮਕਸਦ ਦੇਸ਼ ਦੀ ਬੈਂਕਿੰਗ ਵਿਵਸਥਾ 'ਚ ਗਵਰਨੈਂਸ ਨੂੰ ਮਜਬੂਤ ਕਰਨਾ ਤੇ ਆਮ ਬੈਂਕਿੰਗ ਗਾਹਕਾਂ ਨੂੰ ਜਿਆਦਾ ਬਿਹਤਰ ਸੇਵਾ ਦੇਣਾ ਹੈ। ਬਿੱਲ 'ਚ ਬੈਂਕਾਂ ਦੀ ਮੈਨੇਜਮੈਂਟ ਨੂੰ ਜਿਆਦਾ ਅਧਿਕਾਰ ਦੇਣ ਦੀ ਵਿਵਸਥਾ ਵੀ ਹੈ ਜਿਵੇਂ ਬੈਂਕ ਆਪਣੇ ਆਡੀਟਰਾਂ ਦੀ ਫੀਸ ਆਦਿ ਦਾ ਫੈਸਲਾ ਹੁਣ ਆਪਣੇ ਪੱਧਰ 'ਤੇ ਹੀ ਕਰ ਸਕਣਗੇ।

ਇਹ ਬਿੱਲ ਪੇਸ਼ ਕਰਨ ਦਾ ਐਲਾਨ ਵਿੱਤ ਮੰਤਰੀ ਨੇ ਜੁਲਾਈ 2024 'ਚ ਆਪਣੇ ਬਜਟ ਭਾਸ਼ਣ 'ਚ ਕੀਤਾ ਸੀ। ਇਸ ਰਾਹੀਂ ਸਰਕਾਰ ਨੇ ਇਕੱਠੇ ਆਰਬੀਆਈ ਐਕਟ 1934, ਬੈਂਕਿੰਗ ਰੈਗੂਲੇਸ਼ਨ ਐਕਟ 1949, ਐੱਸਬੀਆਈ ਐਕਟ 1955, ਬੈਂਕਿੰਗ ਕੰਪਨੀਜ ਐਕਟ 1970-1980 ਦੀਆਂ ਕਈ ਮਦਾਂ 'ਚ ਸੋਧ ਕੀਤੀ ਹੈ।



ਮੌਜੂਦਾ ਨਿਯਮ ਦੇ ਮੁਤਾਬਕ, ਬੈਂਕ ਖਾਤਿਆਂ ਲਈ ਸਿਰਫ ਇਕ ਹੀ ਵਿਅਕਤੀ ਨੂੰ ਨੋਮਿਨੀ ਬਣਾਇਆ ਜਾ ਸਕਦਾ ਹੈ, ਪਰ ਕੋਵਿਡ ਦੌਰਾਨ ਵੱਡੀ ਗਿਣਤੀ 'ਚ ਹੋਈਆਂ ਮੌਤਾਂ ਤੋਂ ਬਾਅਦ ਬੈਂਕਾਂ ਦੇ ਸਾਹਮਣੇ ਇਸ ਤਰ੍ਹਾਂ ਦੇ ਹਜਾਰਾਂ ਕਾਨੂੰਨੀ ਵਿਵਾਦ ਆਏ ਹਨ ਜਿਸ ਵਿਚ ਇਕ ਬੈਂਕ ਖਾਤੇ 'ਤੇ ਕਈ ਲੋਕਾਂ ਨੇ ਦਾਅਵਾ ਪੇਸ਼ ਕੀਤਾ। ਉਸ ਤੋਂ ਬਾਅਦ ਇਹ ਜਰੂਰਤ ਸਮਝੀ ਗਈ ਕਿ ਖਾਤਾਧਾਰਕ ਨੂੰ ਆਪਣੀ ਮਰਜੀ ਨਾਲ ਖਾਤੇ 'ਚ ਜਮ੍ਹਾ ਪੈਸੇ ਨੂੰ ਆਪਣੇ ਪਰਿਵਾਰਕ ਮੈਂਬਰਾਂ 'ਚ ਵੰਡਣ ਦਾ ਜਿਆਦਾ ਅਧਿਕਾਰ ਦੇਣਾ ਚਾਹੀਦਾ ਹੈ। ਬੈਂਕ ਖਾਤਾਧਾਰਕ ਇਹ ਤੈਅ ਕਰ ਸਕਦਾ ਹੈ ਕਿ ਉਸ ਵੱਲੋਂ ਨਾਮਜਦ ਲੋਕਾਂ ਨੂੰ ਕਿੰਨਾ ਹਿੱਸਾ ਮਿਲੇਗਾ। ਇਸ ਨਾਲ ਬੈਂਕ ਖਾਤੇ 'ਚ ਜਮ੍ਹਾ ਪੈਸੇ ਦੀ ਵੰਡ ਦਾ ਕੰਮ ਜਿਆਦਾ ਆਸਾਨੀ ਨਾਲ ਹੋ ਸਕੇਗਾ।

ਸੋਧ ਰਾਹੀਂ ਸਰਕਾਰ ਨੇ ਦੇਸ਼ ਦੇ ਸਹਿਕਾਰੀ ਬੈਂਕਾਂ ਦੀ ਮੈਨੇਜਮੈਂਟ ਨੂੰ ਲੈ ਕੇ ਵੀ ਕੁਝ ਅਹਿਮ ਤਬਦੀਲੀਆਂ ਦਾ ਰਸਤਾ ਸਾਫ ਕਰ ਦਿੱਤਾ ਹੈ। ਸਹਿਕਾਰੀ ਬੈਂਕਾਂ 'ਚ ਡਾਇਰੈਕਟਰਾਂ ਦੇ ਕੰਮ ਕਰਨ ਦੀ ਮਿਆਦ ਨੂੰ ਅੱਠ ਸਾਲਾਂ ਤੋਂ ਵਧਾ ਕੇ 10 ਸਾਲ ਕਰ ਦਿੱਤਾ ਗਿਆ ਹੈ। ਕੇਂਦਰੀ ਸਹਿਕਾਰੀ ਬੈਂਕਾਂ ਦੇ ਡਾਇਰੈਕਟਰਾਂ ਨੂੰ ਰਾਜ ਸਹਿਕਾਰੀ ਬੈਂਕਾਂ ਦੇ ਡਾਇਰੈਕਟ ਬੋਰਡ ਦਾ ਮੈਂਬਰ ਬਣਨ ਦੀ ਮਨਜ਼ੂਰੀ ਦਿੱਤੀ ਗਈ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਫੈਸਲੇ ਨਾਲ ਕੇਂਦਰ ਤੇ ਰਾਜ ਸਹਿਕਾਰੀ ਬੈਂਕਾਂ ਵਿਚਾਲੇ ਜਿਆਦਾ ਬਿਹਤਰ ਤਾਲਮੇਲ ਬਣਾਇਆ ਜਾ ਸਕੇਗਾ। ਇਕ ਹੋਰ ਅਹਿਮ ਬਦਲਾਅ ਬੈਂਕਾਂ ਲਈ ਇਹ ਕੀਤਾ ਗਿਆ ਹੈ ਕਿ ਉਨ੍ਹਾਂ ਦੇ ਕੈਸ਼ ਰਿਜਰਵ ਦੀ ਗਿਣਤੀ ਦਾ ਸਮਾਂ ਬਦਲਿਆ ਗਿਆ ਹੈ। ਹਾਲੇ ਤੱਕ ਦੂਜੇ ਹਫਤੇ ਦੇ ਸ਼ਨਿਚਰਵਾਰ ਨੂੰ ਬੈਂਕਾਂ ਨੂੰ ਆਪਣੀ ਨਕਦੀ ਰਿਜਰਵ ਦੀ ਗਿਣਤੀ ਦੇਣੀ ਪੈਂਦੀ ਸੀ। ਹੁਣ ਇਹ ਗਿਣਤੀ ਹਰ ਮਹੀਨੇ ਪਹਿਲੀ ਤਰੀਕ ਤੋਂ 15 ਤਰੀਕ ਤੇ 16 ਤੋਂ ਮਹੀਨੇ ਦੇ ਆਖਰੀ ਦਿਨ ਤੱਕ ਦੇ ਆਧਾਰ 'ਤੇ ਹੋਵੇਗੀ।

ਬਿੱਲ 'ਤੇ ਚਰਚਾ ਦੇ ਜਵਾਬ 'ਚ ਸੀਤਾਰਮਨ ਨੇ ਸਵੀਕਾਰ ਕੀਤਾ ਕਿ ਸਾਈਬਰ ਫਰਾਡ ਇਕ ਗੰਭੀਰ ਚੁਣੌਤੀ ਹੈ। ਇਸ 'ਤੇ ਲਗਾਮ ਲਗਾਉਣ ਲਈ ਸਰਕਾਰ ਦੇ ਪੱਧਰ 'ਤੇ ਹੋਰ ਸਖਤ ਕਦਮ ਚੁੱਕਣ ਦੀ ਤਿਆਰੀ ਹੈ। ਜਦੋਂ ਕੁਝ ਵਿਰੋਧੀ ਸੰਸਦ ਮੈਂਬਰਾਂ ਨੇ ਦੇਸ਼ ਦੀ ਮੌਜੂਦਾ ਬੈਂਕਿੰਗ ਵਿਵਸਥਾ ਨੂੰ ਕਮਜੋਰ ਦੱਸਿਆ ਤਾਂ ਸੀਤਾਰਮਨ ਨੇ ਕਿਹਾ ਕਿ ਭਾਰਤੀ ਬੈਂਕਾਂ ਦੀ ਸਥਿਤੀ ਬਹੁਤ ਮਜਬੂਤ ਹੈ ਤੇ ਉਹ ਦੇਸ਼ ਦੇ ਅਰਥਚਾਰੇ ਨੂੰ ਕਾਫੀ ਫਾਇਦਾ ਪਹੁੰਚਾ ਰਹੇ ਹਨ। ਸਰਕਾਰੀ ਖੇਤਰ ਦੇ ਬੈਂਕਾਂ ਦੀ ਮੈਨੇਜਮੈਂਟ ਬਹੁਤ ਹੀ ਪ੍ਰੋਫੈਸ਼ਨਲ ਤਰੀਕੇ ਨਾਲ ਕੀਤੀ ਜਾ ਰਹੀ ਹੈ ਤੇ ਹਰ ਭਾਰਤੀ ਨੂੰ ਇਨ੍ਹਾਂ ਬੈਂਕਾਂ 'ਤੇ ਮਾਣ ਹੋਣਾ ਚਾਹੀਦਾ ਹੈ।

# ਸ੍ਰੀਨਗਰ ਦੇ ਹਰਵਾਨ ਇਲਾਕੇ 'ਚ ਸੁਰੱਖਿਆ ਬਲਾਂ ਤੇ ਅੱਤਵਾਦੀਆਂ ਵਿਚਾਲੇ ਮੁਕਾਬਲਾ; ਇੱਕ ਅੱਤਵਾਦੀ ਢੇਰ

ਗਰਮੀਆਂ ਦੀ ਰਾਜਧਾਨੀ ਸ੍ਰੀਨਗਰ ਦੇ ਨਾਲ ਲੱਗਦੇ ਹਰਵਾਨ ਦੇ ਉਪਰਲੇ ਜੰਗਲ 'ਚ ਗੋਲੀਆਂ ਦੀ ਆਵਾਜ ਗੂੰਜਣ ਲੱਗੀ, ਜਦੋਂ ਅੱਤਵਾਦੀਆਂ ਨੇ ਸੁਰੱਖਿਆ ਬਲਾਂ ਦੀ ਘੇਰਾਬੰਦੀ ਤੋੜ ਕੇ ਫਰਾਰ ਹੋਣ ਲਈ ਗੋਲੀਬਾਰੀ ਕੀਤੀ। ਸੁਰੱਖਿਆ ਬਲਾਂ ਨੇ ਆਪਣਾ ਬਚਾਅ ਕਰਦੇ ਹੋਏ ਜਵਾਬੀ ਕਾਰਵਾਈ ਕੀਤੀ ਅਤੇ ਇਸ ਤੋਂ ਬਾਅਦ ਦੋਵਾਂ ਪਾਸਿਆਂ ਤੋਂ ਗੋਲੀਬਾਰੀ ਸੁਰੂ ਹੋ ਗਈ।



ਮਿਲੀ ਜਾਣਕਾਰੀ ਮੁਤਾਬਕ ਸੁਰੱਖਿਆ ਬਲਾਂ ਨੇ ਇਕ ਅੱਤਵਾਦੀ ਨੂੰ ਮਾਰ ਦਿੱਤਾ ਹੈ। ਮਾਰੇ ਗਏ ਅੱਤਵਾਦੀ ਦੀ ਪਛਾਣ ਕੀਤੀ ਜਾ ਰਹੀ ਹੈ। ਉਸ ਦੇ ਹੋਰ ਸਾਥੀਆਂ ਦੇ ਖਿਲਾਫ ਸੁਰੱਖਿਆ ਬਲਾਂ ਦਾ ਆਪ੍ਰੇਸਨ ਚੱਲ ਰਿਹਾ ਹੈ, ਜਿਸ 'ਚ ਦੋ ਤੋਂ ਤਿੰਨ ਅੱਤਵਾਦੀਆਂ ਦੇ ਫਸੇ ਹੋਣ ਦੀ ਖਬਰ ਹੈ।

ਅੱਤਵਾਦੀਆਂ ਦੇ ਲੁਕੇ ਹੋਣ ਦੀ ਸੂਚਨਾ

ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸੁਰੱਖਿਆ ਬਲਾਂ ਨੇ ਹਰਵਾਨ ਦੇ ਉਪਰਲੇ ਹਿੱਸੇ ਵਿੱਚ ਅੱਤਵਾਦੀਆਂ ਦੇ ਲੁਕੇ ਹੋਣ ਦੀ ਸੂਚਨਾ 'ਤੇ ਤਲਾਸੀ ਮੁਹਿੰਮ ਚਲਾਈ। ਇਸ ਆਪਰੇਸਨ ਦੌਰਾਨ ਇਕ ਥਾਂ 'ਤੇ ਲੁਕੇ ਹੋਏ ਅੱਤਵਾਦੀਆਂ ਨੇ ਜੰਗਲ 'ਚ ਅੱਗੇ ਵਧ ਰਹੇ ਜਵਾਨਾਂ 'ਤੇ ਗੋਲੀਆਂ ਚਲਾ ਦਿੱਤੀਆਂ। ਇਹ ਮੁਕਾਬਲਾ ਰਾਤ ਕਰੀਬ 11.30 ਵਜੇ ਸੁਰੂ ਹੋਇਆ।

ਜਾਬਰਵਾਨ ਦੀਆਂ ਪਹਾੜੀਆਂ ਵਿੱਚ ਲੁਕੇ ਹੋਏ ਅੱਤਵਾਦੀ

ਜਿਸ ਖੇਤਰ ਵਿੱਚ ਇਹ ਮੁਕਾਬਲਾ ਹੋ ਰਿਹਾ ਹੈ, ਉਹ ਡਾਚੀਗਾਮ ਨੈਸਨਲ ਪਾਰਕ ਦਾ ਇੱਕ ਹਿੱਸਾ ਹੈ ਅਤੇ ਜਬਰਵਾਨ ਦੀਆਂ ਪਹਾੜੀਆਂ ਦੇ ਵਿਚਕਾਰ ਸਥਿਤ ਹੈ। ਅੱਤਵਾਦੀ ਇਸ ਖੇਤਰ ਦੀ ਵਰਤੋਂ ਬਾਂਦੀਪੋਰ-ਕਾਂਗਨ-ਗਾਂਦਰਬਲ ਤੋਂ ਦੱਖਣੀ ਕਸਮੀਰ ਜਾਂ ਦੱਖਣੀ ਕਸਮੀਰ ਤੋਂ ਬਾਂਦੀਪੋਰਾ ਰਾਹੀਂ ਗੰਦਰਬਲ ਜਾਣ ਲਈ ਕਰਦੇ ਹਨ। ਇਹ ਇਲਾਕਾ ਦਚੀਗਾਮ ਨੂੰ ਤਰਾਲ ਨਾਲ ਜੋੜਦਾ ਹੈ। ਸਬੰਧਤ ਸੂਤਰਾਂ ਨੇ ਦੱਸਿਆ ਕਿ ਘੇਰਾਬੰਦੀ ਵਿੱਚ ਫਸੇ ਅਤਿਵਾਦੀਆਂ ਦੀ ਸਹੀ ਗਿਣਤੀ ਦਾ ਪਤਾ ਨਹੀਂ ਲੱਗ ਸਕਿਆ ਹੈ ਪਰ ਦਹਿਸਤਗਰਦਾਂ ਵੱਲੋਂ ਕੀਤੀ ਗੋਲੀਬਾਰੀ ਦੇ ਆਧਾਰ 'ਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਦੀ ਗਿਣਤੀ ਦੋ ਤੋਂ ਤਿੰਨ ਹੋਵੇਗੀ। ਹੋਰ ਵੇਰਵਿਆਂ ਦੀ ਉਡੀਕ ਹੈ।

# ਸੰਭਲ ਹਿੰਸਾ: ਫੋਰੈਂਸਿਕ ਟੀਮ ਵਲੋਂ ਵਿਦੇਸ਼ੀ ਗੋਲੀਆਂ ਚੱਲਣ ਦਾ ਦਾਅਵਾ



ਕੁਝ ਦਿਨ ਪਹਿਲਾਂ ਹੋਈ ਹਿੰਸਾ ਵਿਚ ਪਾਕਿਸਤਾਨੀ ਅਸਲੇ ਦੀ ਵਰਤੋਂ ਹੋਣ ਦੀ ਜਾਣਕਾਰੀ ਮਿਲੀ ਹੈ। ਇਸ ਮਾਮਲੇ ਦੀ ਫੋਰੈਂਸਿਕ ਟੀਮਾਂ ਵਲੋਂ ਜਾਂਚ ਕੀਤੀ ਜਾ ਰਹੀ ਹੈ ਤੇ ਅੱਜ ਜਾਂਚ ਦੌਰਾਨ ਟੀਮ ਨੂੰ ਕਈ ਖਾਲੀ ਰੌਂਦ ਮਿਲੇ ਜਿਹੜੇ ਪਾਕਿਸਤਾਨ ਦੇ ਬਣੇ ਹੋਏ ਹਨ ਤੇ ਇਨ੍ਹਾਂ ਰੌਂਦਾਂ ਨੂੰ ਪਾਕਿਸਤਾਨ ਫੌਜ ਵਲੋਂ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਇਕ ਰੌਂਦ ਅਮਰੀਕਾ ਦਾ ਵੀ ਮਿਲਿਆ।

ਦੱਸਣਾ ਬਣਦਾ ਹੈ ਕਿ ਇੱਥੋਂ ਦੀ ਮੁਗਲ ਕਾਲ ਦੀ ਜਾਮਾ ਮਸਜਿਦ ਦੇ ਸਰਵੇਖਣ ਦੌਰਾਨ ਹਿੰਸਾ ਭੜਕ ਗਈ ਸੀ ਤੇ ਲੋਕਾਂ ਨੇ ਸਰਵੇਖਣ ਟੀਮ, ਪੁਲੀਸ ਤੇ ਸੁਰੱਖਿਆ ਬਲਾਂ 'ਤੇ ਪਥਰਾਅ ਕਰ ਦਿੱਤਾ ਸੀ, ਇਸ ਤੋਂ ਬਾਅਦ ਗੋਲੀਆਂ ਵੀ ਚੱਲੀਆਂ ਸਨ ਤੇ ਕਈ ਸਥਾਨਕ ਲੋਕ ਮਾਰੇ ਗਏ ਸਨ। ਇਸ ਮਾਮਲੇ ਦੀ ਜਾਂਚ ਤਿੰਨ ਮੈਂਬਰੀ ਨਿਆਂਇਕ ਕਮਿਸਨ ਵਲੋਂ ਕੀਤੀ ਜਾ ਰਹੀ ਹੈ। ਇਸ ਤਹਿਤ ਦੋ ਦਿਨ ਪਹਿਲਾਂ ਟੀਮ ਨੇ ਜਾਮਾ ਮਸਜਿਦ ਦਾ ਜਾਇਜਾ ਲਿਆ ਸੀ। ਇਸ ਦੌਰਾਨ ਪੁਲੀਸ ਅਧਿਕਾਰੀ ਨੇ ਟੀਮ ਨੂੰ ਦੱਸਿਆ ਸੀ ਕਿ 24 ਨਵੰਬਰ ਨੂੰ ਕਈ ਘਰਾਂ ਤੋਂ ਪੁਲੀਸ ਤੇ ਸੁਰੱਖਿਆ ਬਲਾਂ 'ਤੇ ਪਥਰਾਅ ਕੀਤਾ ਗਿਆ। ਇਸ ਤੋਂ ਪਹਿਲਾਂ ਕਮਿਸਨ ਦੇ ਮੈਂਬਰਾਂ ਨੇ ਮੁਰਾਦਾਬਾਦ ਦੇ ਕਮਿਸਨਰ ਨਾਲ ਮੁਲਾਕਾਤ ਕੀਤੀ ਸੀ। ਜਿਕਰਯੋਗ ਹੈ ਕਿ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਅਗਵਾਈ ਵਾਲੀ ਉੱਤਰ ਪ੍ਰਦੇਸ ਸਰਕਾਰ ਨੇ ਇਸ ਘਟਨਾ ਦੀ ਨਿਆਂਇਕ ਜਾਂਚ ਦੇ ਹੁਕਮ ਦਿੱਤੇ ਸਨ।

# ਗੁਜਰਾਤ : ਫੈਕਟਰੀ ਵਿੱਚ ਧਮਾਕਾ; ਚਾਰ ਹਲਾਕ



ਇੱਥੋਂ ਦੇ ਅੰਕਲੇਸਵਰ ਵਿੱਚ ਭਰੂਚ ਟੂਡੇ ਦੀ ਇਕ ਸਨਅਤੀ ਫੈਕਟਰੀ ਵਿਚ ਅੱਜ ਧਮਾਕਾ ਹੋ ਗਿਆ ਜਿਸ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ। ਇਹ ਧਮਾਕਾ ਫੈਕਟਰੀ ਦੇ ਸਟੋਰੇਜ ਟੈਂਕ ਵਿਚ ਹੋਇਆ ਜਿਸ ਵਿਚ ਇੰਡਸਟਰੀਅਲ ਰਹਿੰਦ ਖੂੰਹਦ ਨੂੰ ਸੋਧਣ ਦਾ ਕੰਮ ਚਲ ਰਿਹਾ ਸੀ। ਇਸ ਦੌਰਾਨ ਹਫੜਾ-ਦਫੜੀ ਦਾ ਮਾਹੌਲ ਬਣ ਗਿਆ। ਇਸ ਮੌਕੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪੁੱਜ ਗਈਆਂ ਹਨ ਤੇ ਪੁਲੀਸ ਟੀਮਾਂ ਵੀ ਪੁੱਜ ਗਈਆਂ ਹਨ।

# ਸੀਬੀਐੱਸਈ: ਸਾਇੰਸ ਤੇ ਸੋਸ਼ਲ ਸਾਇੰਸ ਨੂੰ ਦੋ ਪੱਧਰਾਂ 'ਚ ਪੜ੍ਹਾਉਣ ਦੀ ਯੋਜਨਾ

ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀਬੀਐੱਸਈ) ਵੱਲੋਂ ਵਿਗਿਆਨ ਤੇ ਸਮਾਜਿਕ ਵਿਗਿਆਨ ਵਿਚ ਨੌਵੀਂ ਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦੋ ਲੈਵਲਾਂ (ਸੌਖਾ ਤੇ ਔਖਾ) ਵਿਚ ਪੜ੍ਹਾਈ ਕਰਨ ਦੀ ਸਹੂਲਤ ਦੇਣ ਲਈ ਵਿਚਾਰ ਕੀਤਾ ਜਾ ਰਿਹਾ ਹੈ। ਇਸ ਨੂੰ ਸੀਬੀਐਸਈ ਕਰੀਕੁਲਮ ਕਮੇਟੀ ਵਲੋਂ ਮਨਜ਼ੂਰੀ ਮਿਲ ਗਈ ਹੈ ਪਰ ਇਸ ਨੂੰ ਗਵਰਨਿੰਗ ਬਾਡੀ ਤੋਂ ਮਨਜ਼ੂਰੀ ਮਿਲਣੀ ਬਾਕੀ ਹੈ। ਇਸ ਤੋਂ ਪਹਿਲਾਂ ਸਿਰਫ ਦਸਵੀਂ ਦੇ ਵਿਦਿਆਰਥੀਆਂ ਨੂੰ ਗਣਿਤ ਵਿਚ ਹੀ ਇਹ ਸਹੂਲਤ ਮਿਲ ਰਹੀ ਹੈ ਜਿਸ ਤਹਿਤ ਵਿਦਿਆਰਥੀ ਗਣਿਤ ਬੇਸਿਕ ਤੇ ਗਣਿਤ ਸਟੈਂਡਰਡ ਦੀ ਪੜ੍ਹਾਈ ਵਿਚੋਂ ਇਕ ਦੀ ਚੋਣ ਕਰ ਸਕਦੇ ਹਨ। ਸੀਬੀਐਸਈ ਦੀ ਪਹਿਲਕਦਮੀ ਦਾ ਉਦੇਸ਼ ਇਨ੍ਹਾਂ ਦੋ ਵਿਸ਼ਿਆਂ ਵਿਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਬਿਹਤਰ ਮੌਕੇ ਦੇਣਾ ਹੈ ਜਿਸ ਤਹਿਤ ਵਿਦਿਆਰਥੀਆਂ ਨੂੰ ਵਿਗਿਆਨ ਤੇ ਸਮਾਜਿਕ ਵਿਗਿਆਨ ਵਿਚ ਪੜ੍ਹਾਈ ਦੀ ਵਾਧੂ ਸਮੱਗਰੀ ਮੁਹੱਈਆ ਕਰਵਾਈ ਜਾਵੇਗੀ ਤੇ ਉਨ੍ਹਾਂ ਨੂੰ ਐਡਵਾਂਸਡ ਪੱਧਰ ਦੀ ਪੜ੍ਹਾਈ ਹੋਰ ਆਧੁਨਿਕ ਢੰਗ ਤਰੀਕਿਆਂ ਨਾਲ ਕਰਵਾਈ ਜਾਵੇਗੀ।



ਇਹ ਵੀ ਦੱਸਣਾ ਬਣਦਾ ਹੈ ਕਿ ਸਟੈਂਡਰਡ ਤੇ ਐਡਵਾਂਸਡ ਦੇ ਪੇਪਰ ਵੱਖੋ ਵੱਖਰੇ ਹੋਣਗੇ ਤੇ ਐਡਵਾਂਸਡ ਵਿਚ ਵਿਦਿਆਰਥੀਆਂ ਨੂੰ ਉਸ ਵਿਸ਼ੇ ਬਾਰੇ ਵਾਧੂ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ ਤਾਂ ਕਿ ਉਹ ਅਗਲੇਰੀ ਪੜ੍ਹਾਈ ਵਿਚ ਇਨ੍ਹਾਂ ਵਿਸ਼ਿਆਂ ਬਾਰੇ ਪਹਿਲਾਂ ਹੀ ਜਾਣਕਾਰੀ ਹਾਸਲ ਕਰ ਸਕਣ।

ਪ੍ਰੈਕਟੀਕਲ ਪ੍ਰੀਖਿਆਵਾਂ ਲਈ ਨਿਰਦੇਸ਼ ਜਾਰੀ

ਸੀਬੀਐਸਈ ਨੇ ਬੋਰਡ ਜਮਾਤਾਂ ਦਸਵੀਂ ਤੇ ਬਾਰ੍ਹਵੀਂ ਜਮਾਤ ਦੇ ਪ੍ਰੈਕਟੀਕਲ ਕਰਵਾਉਣ ਲਈ ਨਿਰਦੇਸ਼ ਜਾਰੀ ਕੀਤੇ ਹਨ। ਇਸ ਸਬੰਧੀ ਪ੍ਰੀਖਿਆਵਾਂ ਕੰਟਰੋਲਰ ਡਾ. ਸੰਯਮ ਭਾਰਦਵਾਜ ਨੇ ਦੋ ਦਸੰਬਰ ਨੂੰ ਸਕੂਲਾਂ ਨੂੰ ਪੱਤਰ ਜਾਰੀ ਕੀਤਾ ਹੈ। ਇਸ ਵਿਚ ਸਕੂਲਾਂ ਨੂੰ ਕਿਹਾ ਗਿਆ ਹੈ ਕਿ ਉਹ ਤੈਅ ਸਮੇਂ ਵਿਚ ਪ੍ਰੈਕਟੀਕਲ ਦਾ ਸਿਲੇਬਸ ਮੁਕੰਮਲ ਕਰਵਾਉਣ। ਇਸ ਸਬੰਧੀ ਸਕੂਲ ਲੈਬਾਰਟਰੀਆਂ ਤੇ ਹੋਰਾਂ ਦੇ ਬਣਦੇ ਪ੍ਰਬੰਧ ਕਰਨ। ਜੇ ਇਸ ਸਬੰਧੀ ਕੋਈ ਖਾਮੀਆਂ ਰਹਿੰਦੀਆਂ ਹਨ ਤਾਂ ਸੀਬੀਐਸਈ ਨੂੰ ਸੂਚਿਤ ਕੀਤਾ ਜਾਵੇ।

# ਅਦਾਲਤ ਵੱਲੋਂ ਇਮਰਾਨ ਖਾਨ ਦੇ ਗ੍ਰਿਫਤਾਰੀ ਵਾਰੰਟ ਜਾਰੀ



ਪਾਕਿਸਤਾਨ ਦੀ ਇੱਕ ਦਹਿਸ਼ਤਗਰਦ ਵਿਰੋਧੀ ਅਦਾਲਤ ਨੇ ਅੱਜ ਇਮਰਾਨ ਖਾਨ, ਉਨ੍ਹਾਂ ਦੀ ਪਤਨੀ ਬੁਸਰਾ ਬੀਬੀ, ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਅਲੀ ਅਮੀਨ ਅਤੇ 93 ਹੋਰਾਂ ਖਿਲਾਫ ਪਿਛਲੇ ਹਫਤੇ ਉਨ੍ਹਾਂ ਦੀ ਪਾਰਟੀ ਦੇ ਸਮਰਥਕਾਂ ਵੱਲੋਂ ਕੀਤੇ ਪ੍ਰਦਰਸਨਾਂ ਨਾਲ ਸਬੰਧਤ ਇੱਕ ਮਾਮਲੇ ਵਿੱਚ ਗੈਰ-ਜਮਾਨਤੀ ਵਾਰੰਟ ਜਾਰੀ ਕੀਤੇ ਹਨ। ਜਿਕਰਯੋਗ ਹੈ ਕਿ ਇਮਰਾਨ ਖਾਨ 2023 ਤੋਂ ਜੇਲ੍ਹ ਵਿੱਚ ਹਨ, ਉਨ੍ਹਾਂ ਨੇ 13 ਨਵੰਬਰ ਨੂੰ ਕਿਹਾ ਸੀ ਕਿ 24 ਨਵੰਬਰ ਨੂੰ ਦੇਸ ਵਿਆਪੀ ਵਿਰੋਧ ਪ੍ਰਦਰਸਨ ਕੀਤੇ ਜਾਣਗੇ ਜਿਸ ਵਿੱਚ ਉਨ੍ਹਾਂ ਦੀ ਪਾਰਟੀ ਦੇ ਨਜਰਬੰਦ ਪਾਰਟੀ ਮੈਂਬਰਾਂ ਦੀ ਰਿਹਾਈ ਤੇ ਹੋਰ ਮਸਲਿਆਂ ਦੇ ਹੱਲ ਦੀ ਦੀ ਮੰਗ ਕੀਤੀ ਗਈ ਸੀ। ਇਸ ਸਬੰਧੀ ਇਸਲਾਮਾਬਾਦ ਵਿੱਚ ਕੀਤੇ ਗਏ ਵਿਰੋਧ ਪ੍ਰਦਰਸਨ ਦੌਰਾਨ ਝੜਪਾਂ ਹੋ ਗਈਆਂ ਸਨ ਜਿਸ ਵਿੱਚ ਪਾਰਟੀ ਅਨੁਸਾਰ ਉਨ੍ਹਾਂ ਦੇ 12 ਪੀਟੀਆਈ ਸਮਰਥਕ ਮਾਰੇ ਗਏ ਸਨ ਜਦੋਂ ਕਿ ਸੈਂਕੜੇ ਗ੍ਰਿਫਤਾਰ ਕੀਤੇ ਗਏ ਸਨ।

# ਬਾਇਡਨ ਨੇ ਪੁੱਤਰ ਹੰਟਰ ਦੇ ਗੁਨਾਹ ਕੀਤੇ ਮੁਆਫ



ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਪੁੱਤਰ ਹੰਟਰ ਬਾਇਡਨ ਨੂੰ ਸਾਰੇ ਗੁਨਾਹਾਂ ਤੋਂ ਮੁਆਫ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪੁੱਤਰ ਹੋਣ ਕਰਕੇ ਉਸ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਸ ਨਾਲ ਹੰਟਰ ਸੰਘੀ ਬੰਦੂਕ ਅਤੇ ਟੈਕਸ ਦੋਸ਼ਾਂ ਲਈ ਸੰਭਾਵਿਤ ਜੇਲ੍ਹ ਦੀ ਸਜਾ ਤੋਂ ਬਚ ਗਿਆ ਹੈ। ਕਰੀਬ ਇਕ ਮਹੀਨੇ ਬਾਅਦ ਰਾਸ਼ਟਰਪਤੀ ਦੇ ਅਹੁਦੇ ਤੋਂ ਲਾਂਭੇ ਹੋਣ ਤੋਂ ਪਹਿਲਾਂ ਜੋਅ ਬਾਇਡਨ ਨੇ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਪੁੱਤਰ ਹੰਟਰ ਨੂੰ ਮੁਆਫੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਨੇ ਕਿਹਾ ਸੀ ਕਿ ਉਹ ਆਪਣੇ ਪੁੱਤਰ ਨੂੰ ਡੈਲਾਵੇਅਰ ਅਤੇ ਕੈਲੀਫੋਰਨੀਆ ਦੇ ਦੋ ਮਾਮਲਿਆਂ 'ਚ ਦੋਸ਼ੀ ਠਹਿਰਾਏ ਜਾਣ ਮਗਰੋਂ ਉਸ ਨੂੰ ਮੁਆਫ ਨਹੀਂ ਕਰਨਗੇ ਜਾਂ ਉਸ ਦੀ ਸਜਾ ਘੱਟ ਨਹੀਂ ਕਰਨਗੇ। ਐਤਵਾਰ ਸ਼ਾਮ ਜਾਰੀ ਬਿਆਨ 'ਚ ਬਾਇਡਨ ਨੇ ਕਿਹਾ, 'ਅੱਜ ਮੈਂ ਆਪਣੇ ਪੁੱਤਰ ਹੰਟਰ ਲਈ ਮੁਆਫੀਨਾਮੇ ਵਾਲੇ ਪੱਤਰ 'ਤੇ ਦਸਤਖਤ ਕੀਤੇ ਹਨ।" ਜੋਅ ਬਾਇਡਨ ਨੇ ਦੋਸ਼ ਲਾਇਆ ਕਿ ਉਨ੍ਹਾਂ ਦੇ ਪੁੱਤਰ ਖਿਲਾਫ ਮੁਕੱਦਮਾ ਸਿਆਸਤ ਤੋਂ ਪ੍ਰੇਰਿਤ ਸੀ ਅਤੇ ਨਿਆਂ ਦਾ ਮਖੌਲ ਉਡਾਇਆ ਗਿਆ ਸੀ। ਉਨ੍ਹਾਂ ਉਮੀਦ ਜਤਾਈ ਕਿ ਅਮਰੀਕੀ ਸਮਝਣਗੇ ਕਿ ਇਕ ਪਿਤਾ ਅਤੇ ਇਕ ਰਾਸ਼ਟਰਪਤੀ ਨੇ ਅਜਿਹਾ ਫੈਸਲਾ ਕਿਉਂ ਲਿਆ ਹੈ। ਉਨ੍ਹਾਂ ਕਿਹਾ, 'ਹੰਟਰ ਦੇ ਮਾਮਲਿਆਂ ਦੇ ਤੱਥਾਂ ਨੂੰ ਦੇਖਣ ਵਾਲਾ ਕੋਈ ਵੀ ਸਮਝਦਾਰ ਵਿਅਕਤੀ ਕਿਸੇ ਹੋਰ ਨਤੀਜੇ 'ਤੇ ਨਹੀਂ ਪਹੁੰਚ ਸਕਦਾ, ਸਿਰਫ ਇਸ ਦੇ ਕਿ ਹੰਟਰ ਨੂੰ ਸਿਰਫ ਇਸ ਲਈ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਉਹ ਮੇਰਾ ਪੁੱਤਰ ਹੈ।

# ਬੰਗਲਾਦੇਸ 'ਚ ਭਾਰਤੀ ਹਾਈ ਕਮਿਸਨਰ ਤਲਬ, ਅਗਰਤਲਾ ਮਾਮਲੇ 'ਚ ਪੁੱਛਗਿੱਛ ਲਈ ਬੁਲਾਇਆ



ਅਗਰਤਲਾ ਵਿਚ ਬੰਗਲਾਦੇਸ ਦੇ ਸਹਾਇਕ ਹਾਈ ਕਮਿਸਨ ਦੇ ਬਾਹਰ ਹਿੰਦੂ ਨੇਤਾ ਚਿਨਮਯ ਦਾਸ ਦੀ ਗ੍ਰਿਫਤਾਰੀ ਦੇ ਖਿਲਾਫ ਪ੍ਰਦਰਸਨਾਂ ਤੋਂ ਬਾਅਦ ਮੰਗਲਵਾਰ ਨੂੰ ਭਾਰਤੀ ਹਾਈ ਕਮਿਸਨਰ ਪ੍ਰਣਯ ਵਰਮਾ ਨੂੰ ਪੁੱਛਗਿੱਛ ਲਈ ਤਲਬ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਸੱਤ ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਸੀ। ਉਸ 'ਤੇ ਬੰਗਲਾਦੇਸ ਦੇ ਵਣਜ ਦੂਤਘਰ 'ਚ ਦਾਖਲ ਹੋ ਕੇ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ ਸੀ।

ਸਰਕਾਰੀ ਨਿਊਜ ਏਜੰਸੀ ਬੰਗਲਾਦੇਸ ਸੰਗਤ ਸੰਸਥਾ (ਬੀਐਸਐਸ) ਨੇ ਕਿਹਾ ਕਿ ਭਾਰਤੀ ਰਾਜਦੂਤ ਸਾਮ 4 ਵਜੇ ਵਿਦੇਸ ਮੰਤਰਾਲੇ ਵਿੱਚ ਦਾਖਲ ਹੋਏ। ਭਾਰਤੀ ਹਾਈ ਕਮਿਸਨਰ ਨੂੰ ਕਾਰਜਕਾਰੀ ਵਿਦੇਸ ਸਕੱਤਰ ਰਿਆਜ ਹਮੀਦੁੱਲਾ ਨੇ ਤਲਬ ਕੀਤਾ ਸੀ।

ਤੁਹਾਨੂੰ ਦੱਸ ਦੇਈਏ ਕਿ 5 ਅਗਸਤ ਨੂੰ ਤਤਕਾਲੀ ਪ੍ਰਧਾਨ ਮੰਤਰੀ ਸੇਖ ਹਸੀਨਾ ਦੇ ਭਾਰਤ ਆਉਣ ਤੋਂ ਬਾਅਦ ਦੋਵਾਂ ਗੁਆਂਢੀ ਦੇਸਾਂ ਵਿਚਾਲੇ ਤਣਾਅ ਵਧ ਗਿਆ ਹੈ। ਪਿਛਲੇ ਹਫਤੇ ਹਿੰਦੂ ਭਿਕਸੂ ਚਿਨਮੋਏ ਕ੍ਰਿਸਨਾ ਦਾਸ ਦੀ ਗ੍ਰਿਫਤਾਰੀ ਤੋਂ ਬਾਅਦ ਇਹ ਤਣਾਅ ਹੋਰ ਵਧ ਗਿਆ ਹੈ।

ਭਾਰਤ ਨੇ ਸੋਮਵਾਰ ਨੂੰ ਅਗਰਤਲਾ 'ਚ ਬੰਗਲਾਦੇਸ ਦੇ ਡਿਪਟੀ ਹਾਈ ਕਮਿਸਨ ਦੀ ਇਮਾਰਤ 'ਤੇ ਕੁਝ ਸਮਾਜ ਵਿਰੋਧੀ ਤੱਤਾਂ ਵੱਲੋਂ ਕੀਤੇ ਗਏ ਹਮਲੇ 'ਤੇ ਡੂੰਘਾ ਅਫਸੋਸ ਪ੍ਰਗਟ ਕੀਤਾ ਹੈ। ਇਸ ਤੋਂ ਬਾਅਦ ਦੇਸ ਭਰ ਵਿੱਚ ਬੰਗਲਾਦੇਸ ਹਾਈ ਕਮਿਸਨ ਦੀਆਂ ਇਮਾਰਤਾਂ ਦੀ ਸੁਰੱਖਿਆ ਵਧਾ ਦਿੱਤੀ ਗਈ ਸੀ। ਦੂਜੇ ਪਾਸੇ ਬੰਗਲਾਦੇਸ ਦੇ ਵਿਦੇਸ ਮੰਤਰਾਲੇ ਨੇ ਇੱਕ ਵਿਸਤ੍ਰਿਤ ਪ੍ਰੈਸ ਬਿਆਨ ਜਾਰੀ ਕਰਕੇ ਭਾਰਤ ਨੂੰ ਵਿਆਨਾ ਸਮਝੌਤੇ ਦੀ ਯਾਦ ਦਿਵਾਉਂਦੇ ਹੋਏ ਇਸ ਦੀ ਪੂਰੀ ਜਾਂਚ ਦੀ ਮੰਗ ਕੀਤੀ ਹੈ। ਇਸ ਹਮਲੇ ਨੇ ਭਾਰਤ ਨੂੰ ਬੈਕਫੁੱਟ 'ਤੇ ਖੜ੍ਹਾ ਕਰ ਦਿੱਤਾ ਹੈ ਕਿਉਂਕਿ ਹੁਣ ਤੱਕ ਭਾਰਤ ਢਾਕਾ ਸਥਿਤ ਆਪਣੇ ਹਾਈ ਕਮਿਸਨ ਦੀ ਸੁਰੱਖਿਆ ਲਈ ਬੰਗਲਾਦੇਸ ਸਰਕਾਰ 'ਤੇ ਦਬਾਅ ਬਣਾਉਣ ਦੀ ਰਣਨੀਤੀ ਅਪਣਾ ਰਿਹਾ ਸੀ। ਇਸ ਘਟਨਾ ਨੇ ਭਾਰਤ ਅਤੇ ਬੰਗਲਾਦੇਸ ਵਿਚਾਲੇ ਚੱਲ ਰਹੇ ਕੂਟਨੀਤਕ ਤਣਾਅ ਨੂੰ ਹੋਰ ਡੂੰਘਾ ਕਰ ਦਿੱਤਾ ਹੈ।

ਇੱਕ ਬੇਕਾਬੂ ਭੀੜ ਨੇ ਸੋਮਵਾਰ ਨੂੰ ਅਗਰਤਲਾ ਵਿੱਚ ਬੰਗਲਾਦੇਸ ਸਹਾਇਕ ਹਾਈ ਕਮਿਸਨ ਵਿੱਚ ਸੁਰੱਖਿਆ ਬੈਰੀਕੇਡ ਤੋੜ ਦਿੱਤੇ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ। ਬੰਗਲਾਦੇਸ ਦੇ ਰਾਸਟਰੀ ਝੰਡੇ ਨੂੰ ਹਟਾਉਣ ਦੇ ਕੁਝ ਘੰਟਿਆਂ ਬਾਅਦ, ਤ੍ਰਿਪੁਰਾ ਪੁਲਿਸ ਨੇ ਇਸ ਘਟਨਾ ਲਈ ਸੱਤ ਲੋਕਾਂ ਨੂੰ ਗ੍ਰਿਫਤਾਰ ਕੀਤਾ ਅਤੇ ਤਿੰਨ ਪੁਲਿਸ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ।

# ਕੁਵੈਤ ਦੇ ਹਵਾਈ ਅੱਡੇ 'ਤੇ 20 ਘੰਟੇ ਤੱਕ ਫਸੇ ਰਹੇ ਭਾਰਤੀ ਯਾਤਰੀ



ਮੈਨਚੈਸਟਰ ਜਾਣ ਵਾਲੀ 'ਗਲਫ ਏਅਰ' ਦੀ ਉਡਾਣ ਦੇ ਕਈ ਭਾਰਤੀ ਯਾਤਰੀ ਕੁਵੈਤ ਹਵਾਈ ਅੱਡੇ 'ਤੇ ਤਕਰੀਬਨ 20 ਘੰਟੇ ਤੱਕ ਫਸੇ ਰਹਿਣ ਮਗਰੋਂ ਅੱਜ ਸਵੇਰੇ ਆਪਣੀ ਮੰਜਿਲ ਵੱਲ ਰਵਾਨਾ ਹੋਏ। ਬਹਿਰੀਨ ਤੋਂ ਮੈਨਚੈਸਟਰ ਜਾਣ ਵਾਲੀ ਉਡਾਣ ਨੂੰ ਤਕਨੀਕੀ ਖਰਾਬੀ ਕਾਰਨ ਕੁਵੈਤ ਵੱਲ ਮੋੜ ਦਿੱਤਾ ਗਿਆ ਸੀ।

ਖਬਰ ਅਨੁਸਾਰ 'ਗਲਫ ਏਅਰ ਜੀਐੱਫ5' ਨੇ 1 ਦਸੰਬਰ ਨੂੰ ਸਥਾਨਕ ਸਮੇਂ ਅਨੁਸਾਰ ਦੇਰ ਰਾਤ 2:05 ਵਜੇ ਬਹਿਰੀਨ ਤੋਂ ਉਡਾਣ ਭਰੀ ਪਰ ਜਹਾਜ 'ਚ ਕੁਝ ਤਕਨੀਕੀ ਖਰਾਬੀ ਆਉਣ ਕਾਰਨ ਉਸ ਨੂੰ ਸਵੇਰੇ 4:01 ਵਜੇ ਕੁਵੈਤ 'ਚ ਉਤਾਰਨਾ ਪਿਆ। ਸੋਸ਼ਲ ਮੀਡੀਆ 'ਤੇ ਪਾਈ ਗਈ ਇੱਕ ਪੋਸਟ ਅਨੁਸਾਰ ਕਈ ਯਾਤਰੀਆਂ ਨੇ ਸ਼ਿਕਾਇਤ ਕੀਤੀ ਕਿ ਉਹ ਘੰਟਿਆਂ ਤੱਕ ਹਵਾਈ ਅੱਡੇ 'ਤੇ ਫਸੇ ਰਹੇ ਜਿਸ ਮਗਰੋਂ ਕੁਵੈਤ 'ਚ ਭਾਰਤੀ ਦੂਤਾਵਾਸ ਨੇ ਗਲਫ ਏਅਰ ਦੇ ਅਧਿਕਾਰੀਆਂ ਸਾਹਮਣੇ ਮਸਲਾ ਉਠਾਇਆ। ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਦੂਤਾਵਾਸ ਨੇ ਕਿਹਾ ਕਿ ਯਾਤਰੀਆਂ ਦੀ ਮਦਦ ਕਰਨ ਅਤੇ ਹਵਾਈ ਸੇਵਾ ਕੰਪਨੀ ਨਾਲ ਤਾਲਮੇਲ ਲਈ ਉਸ ਦੀ ਟੀਮ ਹਵਾਈ ਅੱਡੇ 'ਤੇ ਪੁੱਜੀ। ਯਾਤਰੀਆਂ ਨੂੰ ਹਵਾਈ ਅੱਡੇ 'ਤੇ ਦੋ ਆਰਾਮ ਘਰਾਂ 'ਚ ਠਹਿਰਾਇਆ ਗਿਆ ਅਤੇ ਉਨ੍ਹਾਂ ਲਈ ਖਾਣ-ਪੀਣ ਦਾ ਪ੍ਰਬੰਧ ਕੀਤਾ ਗਿਆ। ਦੂਤਾਵਾਸ ਨੇ ਇੱਕ ਪੋਸਟ 'ਚ ਕਿਹਾ, 'ਅੱਜ ਸਵੇਰੇ 4:34 ਵਜੇ ਗਲਫ ਏਅਰ ਦੇ ਜਹਾਜ ਨੇ ਮੈਨਚੈਸਟਰ ਲਈ ਉਡਾਣ ਭਰੀ। ਉਡਾਣ ਰਵਾਨਾ ਹੋਣ ਤੱਕ ਦੂਤਾਵਾਸ ਦੀ ਟੀਮ ਉੱਥੇ ਹੀ ਮੌਜੂਦ ਸੀ।' ਇੱਕ ਯਾਤਰੀ ਨੇ ਅੱਜ ਐਕਸ 'ਤੇ ਦੋਸ਼ ਲਾਇਆ ਕਿ ਭਾਰਤੀ ਯਾਤਰੀਆਂ ਨੂੰ ਬਿਨਾਂ ਮਦਦ ਦੇ ਛੱਡ ਦਿੱਤਾ ਗਿਆ।

# ਇਜਰਾਇਲੀ ਫੌਜ ਨੇ ਮੁਵਾਸੀ ਇਲਾਕੇ ਦੇ ਇਕ ਕੈਂਪ ਨੂੰ ਬਣਾਇਆ ਨਿਸ਼ਾਨਾ



ਗਾਜਾ ਪੱਟੀ 'ਤੇ ਇਜਰਾਈਲ ਵੱਲੋਂ ਕੀਤੇ ਗਏ ਹਮਲਿਆਂ 'ਚ ਦੋ ਬੱਚਿਆਂ ਸਮੇਤ ਛੇ ਵਿਅਕਤੀ ਹਲਾਕ ਹੋ ਗਏ। ਇਜਰਾਈਲ ਵੱਲੋਂ ਮੁਵਾਸੀ ਇਲਾਕੇ ਦੇ ਇਕ ਕੈਂਪ 'ਤੇ ਹਮਲਾ ਕੀਤਾ ਗਿਆ ਸੀ ਜਿਥੇ ਹਜਾਰਾਂ ਲੋਕਾਂ ਨੇ ਪਨਾਹ ਲਈ ਹੋਈ ਹੈ। ਮਿਸਰ ਨਾਲ ਲਗਦੇ ਸਰਹੱਦੀ ਸ਼ਹਿਰ ਰਾਫਾਹ 'ਤੇ ਇਕ ਹੋਰ ਹਮਲੇ 'ਚ ਚਾਰ ਵਿਅਕਤੀ ਮਾਰੇ ਗਏ। ਇਜਰਾਇਲੀ ਫੌਜ ਨੇ ਕਿਹਾ ਕਿ ਉਨ੍ਹਾਂ ਨੂੰ ਇਨ੍ਹਾਂ ਇਲਾਕਿਆਂ 'ਚ ਹਮਲਿਆਂ ਦੀ ਕੋਈ ਜਾਣਕਾਰੀ ਨਹੀਂ ਹੈ। ਇਜਰਾਈਲ ਨੇ ਕਿਹਾ ਕਿ ਉਹ ਆਮ ਨਾਗਰਿਕਾਂ ਨੂੰ ਬਚਾਉਣ ਦੀ ਕੋਸ਼ਿਸ਼ ਦੌਰਾਨ ਸਿਰਫ ਦਹਿਸ਼ਤਗਰਦਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਇਕ ਹੋਰ ਵੱਖਰੇ ਘਟਨਾਕ੍ਰਮ ਦੌਰਾਨ ਇਰਾਨ ਸਮਰਥਿਤ ਹੂਤੀ ਬਾਗੀਆਂ ਵੱਲੋਂ ਦਾਗੀ ਮਿਜਾਈਲ ਕਾਰਨ ਇਜਰਾਈਲ 'ਚ ਸਾਇਰਨ ਵਜਣ ਲੱਗ ਪਏ। ਇਜਰਾਇਲੀ ਫੌਜ ਨੇ ਕਿਹਾ ਕਿ ਉਨ੍ਹਾਂ ਮਿਜਾਈਲ ਨੂੰ ਆਪਣੇ ਇਲਾਕੇ 'ਚ ਦਾਖਲ ਹੋਣ ਤੋਂ ਪਹਿਲਾਂ ਹੀ ਹਵਾ 'ਚ ਫੂੰਡ ਦਿੱਤਾ। ਉਧਰ ਇਜਰਾਈਲ ਦੇ ਸਾਬਕਾ ਰੱਖਿਆ ਮੰਤਰੀ ਮੋਸ਼ੇ ਯਾਲੋਨ ਨੇ ਨੇਤਨਯਾਹੂ ਸਰਕਾਰ 'ਤੇ ਦੋਸ ਲਾਇਆ ਕਿ ਉਹ ਉੱਤਰੀ ਗਾਜਾ 'ਚ ਅਰਬਾਂ ਦੀ ਨਸਲਕੁਸ਼ੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਫੌਜ ਨੇ ਹੁਣ ਜਬਾਲੀਆ 'ਚ ਕਹਿਰ ਢਾਹਿਆ ਹੋਇਆ ਹੈ।

ਸੰਯੁਕਤ ਰਾਸ਼ਟਰ ਨੇ ਗਾਜਾ 'ਚ ਸਹਾਇਤਾ ਰੋਕੀ

ਦੀਰ ਅਲ-ਬਲਾਹ: ਫਲਸਤੀਨੀ ਸ਼ਰਨਾਰਥੀਆਂ ਬਾਰੇ ਸੰਯੁਕਤ ਰਾਸ਼ਟਰ ਏਜੰਸੀ ਨੇ ਕਿਹਾ ਹੈ ਕਿ ਸੁਰੱਖਿਆ ਕਾਰਨਾਂ ਕਰਕੇ ਉਹ ਗਾਜਾ ਦੇ ਮੁੱਖ ਲਾਂਘੇ ਤੋਂ ਭੇਜੀ ਜਾ ਰਹੀ ਰਾਹਤ ਸਮੱਗਰੀ ਨੂੰ ਰੋਕ ਰਹੇ ਹਨ। ਏਜੰਸੀ ਨੇ ਕਿਹਾ ਕਿ ਰਾਹਤ ਸਮੱਗਰੀ ਨਾਲ ਭਰੇ ਟਰੱਕਾਂ ਨੂੰ ਹਥਿਆਰਬੰਦ ਗਰੋਹਾਂ ਤੋਂ ਖਤਰਾ ਹੈ ਜੋ ਕਰੀਬ 100 ਟਰੱਕਾਂ 'ਚੋਂ ਸਮੱਗਰੀ ਲੁੱਟ ਚੁੱਕੇ ਹਨ। ਏਜੰਸੀ ਦੇ ਮੁਖੀ ਫਿਲਿਪ ਲਾਜਾਰਿਨੀ ਨੇ ਕਿਹਾ ਕਿ ਗਰੋਹਾਂ ਨੇ ਸ਼ਨਿਚਰਵਾਰ ਨੂੰ ਇਕ ਛੋਟੇ ਬੇੜੇ 'ਚ ਲੱਦੀ ਸਮੱਗਰੀ ਵੀ ਲੁੱਟ ਲਈ। ਸੰਯੁਕਤ ਰਾਸ਼ਟਰ ਦੀ ਏਜੰਸੀ ਦੇ ਇਸ ਫੈਸਲੇ ਨਾਲ ਗਾਜਾ 'ਚ ਮਾਨਵੀ ਸੰਕਟ ਹੋਰ ਡੂੰਘਾ ਹੋ ਸਕਦਾ ਹੈ ਕਿਉਂਕਿ ਠੰਢ ਅਤੇ ਮੀਂਹ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ ਅਤੇ ਹਜਾਰਾਂ ਲੋਕ ਕੈਂਪਾਂ 'ਚ ਰਹਿ ਰਹੇ ਹਨ ਜੋ ਕੌਮਾਂਤਰੀ ਰਾਹਤ ਸਮੱਗਰੀ 'ਤੇ ਨਿਰਭਰ ਹਨ। ਮਾਹਿਰ ਪਹਿਲਾਂ ਹੀ ਚਿਤਾਵਨੀ ਦੇ ਚੁੱਕੇ ਹਨ ਕਿ ਉੱਤਰੀ ਗਾਜਾ 'ਚ ਅਕਾਲ ਪੈ ਸਕਦਾ ਹੈ ਕਿਉਂਕਿ ਇਜਰਾਇਲੀ ਫੌਜ ਨੇ ਇਲਾਕੇ ਨੂੰ ਅਕਤੂਬਰ ਤੋਂ ਘੇਰਾ ਪਾਇਆ ਹੋਇਆ ਹੈ।

# ਕੈਨੇਡਾ: ਇਮੀਗ੍ਰੇਸ਼ਨ ਐਪਲੀਕੇਸ਼ਨ ਫੀਸਾਂ ਵਿਚ ਭਾਰੀ ਵਾਧਾ

ਕੈਨੇਡਾ ਸਰਕਾਰ ਨੇ ਇੰਟਰਨੈਸ਼ਨਲ ਸਟੂਡੈਂਟਸ ਇਮੀਗ੍ਰੇਸ਼ਨ ਸਮੇਤ ਇਥੇ ਪਹੁੰਚਣ ਦੇ ਸਾਰੇ ਚਾਹਵਾਨਾਂ ਲਈ ਪਹਿਲੀ ਦਸੰਬਰ ਤੋਂ ਫੀਸਾਂ ਵਿਚ ਭਾਰੀ ਵਾਧਾ ਕਰ ਦਿਤਾ ਹੈ। ਇਸ ਫੈਸਲੇ ਨਾਲ ਪੰਜਾਬੀਆਂ ਨੂੰ ਵੱਡਾ ਝਟਕਾ ਲੱਗ ਸਕਦਾ ਹੈ ਅਤੇ ਉਨ੍ਹਾਂ ਦਾ ਵਿਦੇਸ਼ 'ਚ ਪੜ੍ਹਾਈ ਕਰਨ ਤੇ ਰਹਿਣ ਦਾ ਸੁਪਨਾ ਟੁੱਟ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਐਪਲੀਕੇਸ਼ਨ ਫੀਸਾਂ ਵਧਣ ਕਾਰਨ ਪ੍ਰੋਸੈਸਿੰਗ ਫੀਸਾਂ ਵੀ ਦੁੱਗਣੀਆਂ ਹੋ ਸਕਦੀਆਂ ਹਨ। ਜਿਹੜੀਆਂ ਐਪਲੀਕੇਸਨ ਫੀਸਾਂ ਵਿਚ ਕੈਨੇਡਾ ਸਰਕਾਰ ਨੇ ਵਾਧੇ ਦਾ ਐਲਾਨ ਕੀਤਾ ਹੈ, ਉਨ੍ਹਾਂ ਵਿਚ ਵਿਦਿਆਰਥੀ, ਵਿਜਿਟਰ ਵੀਜਾ, ਟੈਂਪਰੇਰੀ ਰਿਹਾਇਸ਼, ਨਵੇਂ ਸਟੱਡੀ ਪਰਮਿਟ, ਵਰਕ ਪਰਮਿਟ ਆਦਿ ਵਰਗ ਆਉਂਦੇ ਹਨ। ਉਂਜ ਇਹ ਕੋਈ ਗਾਰੰਟੀ ਨਹੀਂ ਕਿ ਇਨ੍ਹਾਂ ਵਰਗਾਂ ਨੂੰ ਵੀਜਾ ਮਿਲ ਵੀ ਸਕਦਾ ਹੈ। ਕੈਨੇਡਾ 'ਚ ਵਿਜਿਟਰ ਵੀਜੇ 'ਤੇ ਪਹੁੰਚਣ ਵਾਲੇ ਕਰਮੀ ਪਹਿਲਾਂ ਐੱਲਐੱਮਆਈਏ ਪਰਮਿਟ ਲੈ ਕੇ ਪੱਕੇ ਹੋ ਜਾਂਦੇ ਸਨ ਪਰ ਹੁਣ ਇਸ ਸ਼੍ਰੇਣੀ ਵਿਚ ਉਹ ਪਰਮਿਟ ਨਹੀਂ ਲੈ ਸਕਦੇ ਹਨ। ਇਸੇ ਤਰ੍ਹਾਂ ਵਿਦਿਆਰਥੀ ਵਰਕ ਪਰਮਿਟ ਲੈ ਕੇ ਆਪਣੇ ਪੱਕੇ ਹੋਣ ਦੇ ਸਕੋਰ ਵਿਚ 55 ਅੰਕਾਂ ਦਾ ਵਾਧਾ ਕਰ ਲੈਂਦੇ ਸਨ ਪਰ ਸਰਕਾਰ ਨੇ ਇਹ ਵੀ ਬੰਦ ਕਰ ਦਿੱਤੇ ਹਨ। ਪਰਮਿਟ ਦੀ ਮਾਰਕਿਟ ਕੀਮਤ 40 ਹਜ਼ਾਰ ਡਾਲਰ ਤੱਕ ਹੈ। ਕਰੀਬ ਢਾਈ ਲੱਖ ਵਿਦਿਆਰਥੀਆਂ 'ਤੇ ਛਾਂਟੀ ਦੀ ਤਲਵਾਰ ਲਟਕ ਰਹੀ ਹੈ। ਪੰਜਾਬੀਆਂ ਵੱਲੋਂ ਫੀਸਾਂ 'ਚ ਵਾਧੇ ਦੇ ਪਹਿਲੇ ਹੀ ਦਿਨ ਸਿਆਸੀ ਪਨਾਹ ਲਈ 14 ਹਜ਼ਾਰ ਅਰਜੀਆਂ ਪੁੱਜ ਗਈਆਂ ਹਨ।

# ਚੋਰ ਅੱਖ

ਆਸਟਰੇਲੀਆ ਵਿੱਚ ਟੈਕਸੀ ਸਟੈਂਡ ਨੂੰ ਟੈਕਸੀ ਰੈਂਕ ਕਹਿੰਦੇ ਹਨ। ਬਹੁਤੇ ਵੱਡੇ ਰੈਂਕ ਦੋ ਕੁ ਵਲ਼ ਖਾਂਦੇ ਹੁੰਦੇ ਹਨ। ਟੈਕਸੀਆਂ ਆ ਆ ਕੇ ਪਿੱਛੇ ਲਗਦੀਆਂ ਰਹਿੰਦੀਆਂ ਹਨ।ਅਗਲੀਆਂ ਅੱਗੇ ਨੂੰ ਤੁਰਦੀਆਂ ਰਹਿੰਦੀਆਂ ਹਨ ਤੇ ਪਿਛਲੀਆਂ ਉਨ੍ਹਾਂ ਦੀ ਥਾਂ ਲੈਂਦੀਆਂ ਰਹਿੰਦੀਆਂ ਹਨ। ਟੈਕਸੀ ਫੜਨ ਤੋਂ ਬਾਅਦ ਡਰਾਇਵਰ ਦਾ ਇਹ ਫਰਜ਼ ਹੈ ਕਿ ਉਹ ਗ੍ਰਾਹਕ/ਮੁਸਾਫਿਰ ਨੂੰ ਉਸਦੇ ਦੱਸੇ ਹੋਏ ਰੂਟ ਮੁਤਾਬਿਕ ਲੈ ਕੇ ਜਾਵੇ। ਇਨ੍ਹਾਂ ਮਹਾਂਗਰਰਾਂ ਵਿੱਚ ਕਈ ਥਾਵਾਂ ਨੂੰ ਦੋ ਤਿੰਨ ਰੂਟ ਵੀ ਜਾਂਦੇ ਹਨ- ਇੱਕ ਤੇਜ਼ ਮੋਟਰਵੇਅ ਵਾਲ਼ਾ, ਦੂਜਾ ਘੱਟ ਤੇਜ਼ ਹਾਈਵੇਅ ਵਾਲਾ ਤੇ ਤੀਜਾ ਉਸਤੋਂ ਵੀ ਘੱਟ ਆਮ ਸੜਕਾਂ ਵਾਲ਼ਾ।

ਸ਼ਨੀਵਾਰ ਦਾ ਦਿਨ ਸੀ। ਸਮਾਂ ਸਵੇਰੇ 9 ਕੁ ਵਜੇ ਦਾ ਸੀ।ਲਾਈਨ ਵਿੱਚ ਲੱਗੀ ਹੋਈ ਕੈੱਨ ਦੀ ਗੱਡੀ ਹੁਣ ਸਭ ਤੋਂ ਮੂਹਰੇ ਪਹੁੰਚ ਗਈ ਸੀ। ਦੋ ਕੁ ਮਿੰਟਾਂ ਵਿੱਚ ਇੱਕ 40 ਕੁ ਸਾਲ ਦੀ ਗੋਰੀ ਉੱਪਰੋਂ ਉਤਰੀ ਤੇ ਕੈੱਨ ਦੀ ਗੱਡੀ ਵਿੱਚ ਬੈਠ ਗਈ।

"ਵਹੇਅਰ ਗੋਇੰਗ ਪਲੀਜ਼?", ਕੈੱਨ ਨੇ ਪੁੱਛਿਆ।

"ਪੈਰਾਮੈਟਾ ਸ਼ਾਪਿੰਗ ਸੈਂਟਰ ਪਲੀਜ਼।"

ਜਾਬ ਚੰਗੀ ਸੀ 50 ਕੁ ਡਾਲਰ ਦੀ ਤਾਂ ਹੈ ਹੀ ਸੀ। ਕੈੱਨ ਨੇ ਮੀਟਰ ਚਲਾਇਆ ਤੇ ਲੈ ਕੇ ਰੈਂਕ ਤੋਂ ਬਾਹਰ ਨਿਕਲ ਗਿਆ। ਬਾਕੀ ਸਵਾਲ ਰੈਂਕ ਦੇ ਅੰਦਰ ਪੁੱਛਣੇ ਕਈ ਵਾਰ ਨੁਕਸਾਨ ਦੇਹ ਵੀ ਸਾਬਿਤ ਹੋ ਜਾਂਦੇ ਹਨ। ਅਗਲਾ ਸਵਾਲ ਪੁੱਛਣਾ ਹੁੰਦਾ ਏ ਸਵਾਰੀ ਮੀਟਰ ਤੇ ਪੈਸਿਆਂ ਦਾ ਭੁਗਤਾਨ ਕਰੇਗੀ ਜਾਂ ਉੱਕਦਾ ਮੁੱਕਦਾ। ਕੈੱਨ ਨੇ ਇਹ ਸਵਾਲ ਪੁੱਛਿਆ ਤੇ ਸਵਾਰੀ ਨੇ ਮੀਟਰ ਚਲਵਾ ਕੇ ਹੀ ਜਾਣਾ ਚਾਹਿਆ।

"ਹਾਈਵੇਅ ਰਾਹੀਂ ਜਾਓਗੇ ਜਾਂ ਮੋਟਰਵੇਅ ਰਾਹੀਂ?" ਕੈੱਨ ਨੇ ਸਵਾਲ ਕੀਤਾ।

"ਮੈਂ ਬਹੁਤ ਕਾਹਲੀ ਵਿੱਚ ਹਾਂ। ਪਲੀਜ਼ ਮੋਟਰਵੇਅ ਰਾਹੀਂ ਚੱਲੋ।"

ਕੈੱਨ ਰੈਂਕ ਚੋਂ ਨਿਕਲ ਕੇ ਪਹਿਲਾਂ 2 ਕੁ ਕਿਲੋਮੀਟਰ ਆਮ ਸੜਕ ਤੇ ਗਿਆ ਤੇ ਫਿਰ ਮੋਟਰਵੇ 4 ਤੇ ਪੈ ਗਿਆ। ਸਵਾਰੀ ਸੋਚਦੀ ਸੀ ਕਿ 10-12 ਮਿੰਟ ਵਿੱਚ ਪੈਰਾਮੈਟਾ ਪਹੁੰਚ ਜਾਵੇਗੀ। ਮੀਟਰ ਆਪਣੀ ਰਫਤਾਰ ਤੇ ਚੱਲੀ ਜਾ ਰਿਹਾ ਸੀ। ਕੈੱਨ ਕਦੀ ਕਦੀ ਚੋਰ ਅੱਖ ਨਾਲ ਉਸ ਵੱਲ ਦੇਖ ਲੈਂਦਾ ਸੀ। ਉਸ ਨੂੰ ਪਤਾ ਸੀ ਕਿ ਭਾੜਾ 50 ਕੁ ਡਾਲਰ ਦਾ ਮਸਾਂ ਸੀ। ਜਦ ਗੱਡੀ ਕੰਬਰਲੈਂਡ ਹਾਈਵੇਅ ਵਾਲਾ ਨਿਕਾਸ (Exit) ਟੱਪੀ ਤਾਂ ਮੂਹਰੇ ਟ੍ਰੈਫਿਕ ਖੜ੍ਹੀ ਹੋਣ ਲੱਗ ਪਈ।

"ਟੂ ਸਲੋਅ! ਵਹੱਟ ਹੈਪਨਡ ?"ਸਵਾਰੀ ਬੋਲੀ।

"ਲਗਦਾ ਏ ਮੂਹਰੇ ਕੁਝ ਹੋ ਗਿਆ ਏ। ਹੋ ਸਕਦਾ ਏ ਐਕਸੀਡੈਂਟ ਹੋ ਗਿਆ ਹੋਵੇ। ਟ੍ਰੈਫਿਕ ਤਾਂ ਪੂਰੀ ਤਰ੍ਹਾਂ ਰੁਕਦੀ ਜਾ ਰਹੀ ਏ।" ਕੈੱਨ ਨੇ ਉਸਨੂੰ ਅੰਗਰੇਜ਼ੀ ਵਿੱਚ ਦੱਸਿਆ।

ਮੀਟਰ ਤੇ ਤਾਂ ਹੁਣੇ 40 ਡਾਲਰ ਬਣ ਗਏ ਹਨ। ਕੀ ਕੀਤਾ ਜਾਵੇ? ਪਿਛਲਾ ਨਿਕਾਸ (Exit) ਹੁਣੇ ਲੰਘਿਆ ਏ। ਅਗਲਾ ਨਿਕਾਸ ਅਜੇ ਦੂਰ ਏ। ਸਵਾਰੀ ਕਾਫੀ ਔਖੀ ਸੀ।

"ਯੂ ਨੌਮੀਨੇਟਡ ਦਾ ਰੂਟ ਆਫ ਮੋਟਰਵਅ। ਮੈਂ ਤਾਂ ਤੁਹਾਨੂੰ ਪੁੱਛਿਆ ਸੀ ਕਿ ਕਿਸ ਰੂਟ ਜਾਣਾ ਚਾਹੋਗੇ। ਜੇਕਰ ਮੈਂ ਹਾਈਵੇਅ ਰਾਹੀਂ ਲੈ ਜਾਂਦਾ ਤਾਂ ਤੁਸੀਂ ਹੁਣ ਤੱਕ ਪਹੁੰਚੇ ਹੋਏ ਹੋਣਾ ਸੀ। ਹੁਣ ਤਾਂ ਟ੍ਰੈਫਿਕ ਤੁਰੂਗੀ ਤਾਂ ਹੀ ਆਪਾਂ ਤੁਰਾਂਗੇ। ਮੀਟਰ ਚੱਲਦਾ ਹੀ ਰਹੇਗਾ।"

ਟ੍ਰੈਫਿਕ ਥੋੜ੍ਹੀ ਜਿਹੀ ਤੁਰੀ। ਮੁਸਾਫਿਰ ਦੇ ਚਿਹਰੇ ਤੇ ਚਮਕ ਆਈ। ਟ੍ਰੈਫਿਕ ਫਿਰ ਖੜ੍ਹ ਗਈ। ਸਵਾਰੀ ਰੋਣਹਾਕੀ ਹੋ ਗਈ। ਕੈੱਨ ਨੇ ਚੋਰ ਅੱਖ ਨਾਲ ਦੇਖਿਆ ਮੀਟਰ ਤੇ 80 ਡਾਲਰ ਹੋ ਗਏ। ਮੂਹਰਲਾ ਨਿਕਾਸ ਅਜੇ 5 ਕਿਲੋਮੀਟਰ ਦੂਰ ਸੀ। ਕੁਝ ਵੀ ਕੀਤਾ ਨਹੀਂ ਜਾ ਸਕਦਾ ਸੀ। ਕਾਨੂੰਨ ਮੁਤਾਬਿਕ ਚੁੱਪ ਕਰਕੇ ਟਰੈਫਿਕ ਦੇ ਚੱਲਣ ਦੀ ਹੀ ਉਡੀਕ ਕਰਨੀ ਪੈਣੀ ਸੀ। ਰੂਟ ਮੁਸਾਫਿਰ ਦਾ ਆਪਣਾ ਚੁਣਿਆ ਹੋਇਆ ਸੀ। ਜੇ ਸਵਾਰੀ ਖੁਦ ਅੱਖਾਂ ਪਾੜ ਪਾੜ ਕੇ ਮੀਟਰ ਵੱਲ ਝਾਕ ਰਹੀ ਸੀ ਤਾਂ ਕੈੱਨ ਚੁਸਤੀ ਤੇ ਚੋਰ ਅੱਖਾਂ ਨਾਲ ਹੀ ਮੀਟਰ ਵੱਲ ਦੇਖਦਾ ਸੀ। ਟੈਕਸੀ ਅੰਦਰ ਲੱਗਾ ਕੈਮਰਾ ਮੁਸਾਫਿਰ ਤੇ ਕੈੱਨ ਦੀਆਂ ਤਸਵੀਰਾਂ ਵੀ ਖਿੱਚੀ ਜਾ ਰਿਹਾ ਸੀ ਤੇ ਆਵਾਜ਼ ਵੀ ਰਿਕਾਰਡ ਕਰੀ ਜਾ ਰਿਹਾ ਸੀ। ਕੈੱਨ ਨੇ ਸੋਚਿਆ ਸਵਾਰੀ ਤੋਂ ਇਹ ਵੀ ਪਤਾ ਕਰ ਲਿਆ ਜਾਵੇ ਕਿ ਉਹਨੇ ਸਪੱਸ਼ਟ ਰੂਪ ਵਿੱਚ ਸ਼ਾਪਿੰਗ ਸੈਂਟਰ ਹੀ ਜਾਣਾ ਏ ਜਾਂ ਨੇੜੇ ਕਿਸੇ ਹੋਰ ਅਦਾਰੇ ਵਿੱਚ ਜਾਂ ਘਰ ਵਿੱਚ। ਇੰਜ ਕਰਨ ਨਾਲ ਸਵਾਰੀ ਝੱਟ ਉਤਰ ਕੇ ਪੈਸੇ ਦਿੱਤੇ ਬਗੈਰ ਤੁਰ ਜਾਣ ਤੇ ਫੜ੍ਹੀ ਵੀ ਜਾ ਸਕਦੀ ਸੀ ਉਸਨੇ ਗੱਲਾਂ ਗੱਲਾਂ ਵਿੱਚ ਪਤਾ ਕਰ ਲਿਆ ਕਿ ਸਵਾਰੀ ਕਿਸ ਗਲੀ ਵਿੱਚ ਕਿਹੜੇ ਨੰਬਰ ਘਰ ਜਾ ਰਹੀ ਸੀ। ਖੈਰ ਸਵਾਰੀ ਓਨੀ ਸ਼ੈਤਾਨ ਤੇ ਚਲਾਕ ਨਹੀਂ ਸੀ। ਸਵਾਰੀ ਤਾਂ ਸਿਰਫ ਹਾਲਾਤ ਤੋਂ ਦੁਖੀ ਸੀ ਕਿਸੇ ਵਿਅਕਤੀ ਵਿਸ਼ੇਸ਼ ਤੋਂ ਨਹੀਂ। ਟ੍ਰੈਫਿਕ ਰੁਕਣਾ ਕੁਦਰਤੀ ਵਰਤਾਰਾ ਸੀ। ਇਹ ਕਿਸੇ ਬੰਦੇ ਦੇ ਕਸੂਰ ਕਰਕੇ ਨਹੀਂ ਸੀ ਵਾਪਰਿਆ।

ਟ੍ਰੈਫਿਕ ਹੁਣ ਹੌਲੀ ਹੌਲੀ ਚੱਲ ਪਈ ਸੀ। ਸਵਾਰੀ ਮਾੜੀ ਮਾੜੀ ਖੁਸ਼ ਲੱਗ ਰਹੀ ਸੀ।




ਇਹਨਾਂ ਦੇਸ਼ਾਂ ਵਿੱਚ ਦਾਖਲ ਹੁੰਦੇ ਸਾਰ ਅਸੀਂ ਭੰਬੱਤਰ ਜਾਂਦੇ ਹਾਂ। ਸਾਡੇ ਦਿਮਾਗ ਵਿੱਚ ਐਸੇ ਖਿਆਲ ਪਾਏ ਗਏ ਹੁੰਦੇ ਹਨ ਕਿ ਗੋਰੀਆਂ ਜਿਹਦੇ ਨਾਲ ਮਰਜ਼ੀ ਤੁਰ ਪੈਂਦੀਆਂ ਹਨ। ਇਧਰ ਆ ਕੇ ਅਸੀਂ ਕਈ ਭੁਲੇਖਿਆਂ ਦਾ ਸ਼ਿਕਾਰ ਵੀ ਹੋ ਜਾਂਦੇ ਹਾਂ। ਕੋਝੀਆਂ ਹਰਕਤਾਂ ਕਰ ਬੈਠਦੇ ਹਾਂ। ਗੋਰੇ ਚੁੱਪ ਚਪੀਤੇ ਵੀ ਸਾਡੇ ਬਾਰੇ ਸਭ ਕੁਝ ਜਾਣਦੇ ਹੁੰਦੇ ਹਨ। ਇਹ ਇੱਕ ਦੋ ਚਤਾਵਨੀਆਂ ਦੇ ਕੇ ਸਾਨੂੰ ਸੁਧਾਰਨ ਦੀ ਕੋਸ਼ਿਸ਼ ਕਰਦੇ ਹਨ। ਫਿਰ ਕਿਤੇ ਜਾ ਕੇ ਸਾਡੇ ਖਿਲਾਫ ਵੱਡਾ ਐਕਸ਼ਨ ਲੈਂਦੇ ਹਨ।

ਕੈੱਨ ਨਾ ਬਹੁਤਾ ਖੁਸ਼ ਜਾਹਰ ਹੋ ਰਿਹਾ ਸੀ ਤੇ ਨਾ ਹੀ ਉਦਾਸ। ਦਿਲੋਂ ਉਹ ਖੁਸ਼ ਸੀ ਕਿਉਂਕਿ ਭਾੜਾ ਹੁਣ 100 ਦੇ ਨੇੜੇ ਪਹੁੰਚ ਗਿਆ ਸੀ। ਮੂਹਰੇ ਪੈਰਾਮੈਟਾ ਦਾ ਚਰਚ ਸਟਰੀਟ ਵਾਲਾ ਨਿਕਾਸ ਨੇੜੇ ਹੀ ਸੀ। ਕੈੱਨ ਦੀ ਸੋਚ ਇਵੇਂ ਉਡਾਰੀ ਲਗਾ ਰਹੀ ਸੀ--- ਲੱਗਦਾ ਏ 110 ਤਾਂ ਬਣ ਹੀ ਜਾਣਗੇ। ਜਦੋਂ ਮੈਂ ਪੈਰਾਮੈਟਾ ਦੇ ਰੈਂਕ ਤੇ ਖੜ੍ਹੇ ਡਰਾਇਵਰਾਂ ਨੂੰ ਦੱਸਾਂਗਾ ਕਿ ਧੀਮੀਂ ਟ੍ਰੈਫਿਕ ਨੇ ਕਮਾਲ ਕਰਤੀ, ਉਹ ਤਾਂ ਹੈਰਾਨ ਰਹਿ ਜਾਣਗੇ। 50 ਡਾਲਰ ਵਾਲਾ ਭਾੜਾ 110 ਡਾਲਰ ਬਣ ਗਿਆ ਸੀ। ਉਹ ਵੀ ਉਸ ਦਿਨ ਜਿਹੜਾ ਟੈਕਸੀ ਲਈ ਮਾੜਾ ਮੰਨਿਆ ਜਾਂਦਾ ਏ-- ਸ਼ਨੀਵਾਰ ਦੀ ਸਵੇਰ ਦੀ ਸ਼ਿਫਟ। ਜਾ ਕੇ ਦੇਖਦੇ ਹਾਂ, ਉਹ ਕੀ ਕਹਿੰਦੇ ਹਨ।

ਟੈਕਸੀ ਮੋਟਰਵੇਅ ਤੋਂ ਨਿਕਲ ਕੇ ਬਾਹਰ ਆ ਗਈ। ਪੰਜ ਕੁ ਮਿੰਟ ਵਿੱਚ ਹੀ ਉਹ ਉਸ ਥਾਂ ਤੇ ਪਹੁੰਚ ਗਈ ਜਿੱਥੇ ਮੁਸਾਫਿਰ ਨੇ ਜਾਣਾ ਸੀ। ਚਿੜਚਿੜੇ ਮੂੰਹ ਨਾਲ 110 ਡਾਲਰ ਦੇ ਕੇ ਸਵਾਰੀ ਆਖਰ ਉੱਤਰ ਗਈ। ਕੈੱਨ ਅੰਤਾਂ ਦਾ ਖੁਸ਼ ਸੀ। ਨੇੜੇ ਹੀ ਪੈਰਾਮੈਟਾ ਦਾ ਵੱਡਾ ਟੈਕਸੀ ਰੈਂਕ ਸੀ। ਕੈੱਨ ਨੇ ਗੱਡੀ ਮੋੜੀ ਤੇ ਘੁਮਾ ਕੇ ਰੈਂਕ ਤੇ ਲੱਗੀ ਲਾਈਨ ਦੇ ਪਿੱਛੇ ਲਗਾ ਦਿੱਤੀ। ਉੱਥੇ ਉਹਨੂੰ ਅਚਾਨਕ ਉਸਦੇ ਤਿੰਨ ਚਾਰ ਵਾਕਫ ਡਰਾਇਵਰ ਮਿਲ ਪਏ-- ਹਰਜੀਤ ਉਰਫ ਹੈਰੀ, ਮਲਕੀਤ ਉਰਫ ਮਾਈਕਲ, ਲਾਹੌਰ ਵਾਲਾ ਅਲੀ ਤੇ ਕਰਾਚੀ ਵਾਲਾ ਅਸ਼ਰਫ।

"ਅੱਜ ਇਧਰ ਨੂੰ ਕਿਵੇਂ ਆ ਗਿਆ", ਹੈਰੀ ਨੇ ਕੈੱਨ ਨੂੰ ਪੁੱਛਿਆ।

"ਓਏ ਹੈਰੀ, ਅੱਜ ਤਾਂ ਮਜ਼ਾ ਹੀ ਆ ਗਿਐ। ਬਲੈਕਟਾਊਨ ਤੋਂ ਪੈਰਾਮੈਟਾ 110 ਡਾਲਰ।

"ਕੈੱਨ, ਝੂਠ ਵੀ ਉਨਾ ਕੁ ਬੋਲਣਾ ਚਾਹੀਦਾ ਜਿੰਨਾ ਕੁ ਠੀਕ ਲੱਗੇ। ਤੈਨੂੰ 110 ਡਾਲਰ ਕੌਣ ਦੇ ਗਿਐ?"

"ਹੈਰੀ ਸੌਂਹ ਰੱਬ ਦੀ। ਮੋਟਰਵੇਅ ਤਾਂ ਜਾਮ ਹੀ ਹੋ ਗਿਆ ਸੀ। ਸਵਾਰੀ ਨੇ ਆਪ ਚੁਣਿਆ ਸੀ। ਕਹਿੰਦੀ ਮੋਟਰਵੇਅ ਰਾਹੀਂ ਜਾਣਾ ਏ ਮਿੰਟਾਂ ਸਕਿੰਟਾਂ ਵਿੱਚ, ਹਾਈਵੇਅ ਰਾਹੀਂ ਨਹੀਂ। ਜਦ ਰੱਬ ਦਿੰਦਾ ਏ ਤਾਂ ਛੱਪਰ ਫਾੜ ਕੇ ਦਿੰਦਾ ਏ। ਮੀਟਰ ਤੇ ਬਣਿਆ ਭਾੜਾ ਤਾਂ ਉਸ ਗੋਰੀ ਨੂੰ ਦੇਣਾ ਹੀ ਪੈਣਾ ਸੀ।"

"ਕਮਾਲ ਹੋ ਗਈ, ਕੈੱਨ। ਜੇ ਮੈਂ ਤੈਨੂੰ ਕੱਲ ਐਤਵਾਰ ਦੀ ਮੇਰੇ ਨਾਲ ਵਾਪਰੀ ਸੁਣਾਵਾਂ ਫਿਰ ਤਾਂ ਤੂੰ ਟੱਬਰ ਸਮੇਤ ਧਰਤੀ ਵਿੱਚ ਧੱਸ ਜਾਵੇਂਗਾ।"

"ਕੀ ਵਾਪਰ ਗਿਐ? ਏਅਰਪੋਰਟ ਗਿਆ ਸੀ? ਸਿਟੀ ਗਿਆ ਸੀ?"

"ਨਾ, ਨਾ, ਰੱਬ ਨੇ ਸਿੱਧਾ 500 ਡਾਲਰ ਸੁੱਟ ਦਿੱਤਾ।"

"ਸੱਚ! ਇਹ ਕਿਵੇਂ ਹੋ ਗਿਐ? ਮੈਂ ਤਾਂ ਅੱਜ ਤੱਕ ਸਿਰਫ ਦੋ ਡਰਾਈਵਰ ਦੇਖੇ ਜਿਨ੍ਹਾਂ ਨੂੰ 400 ਦੀ ਜਾਬ ਪਈ ਸੀ। ਤੂੰ ਤਾਂ ਰਿਕਾਰਡ ਹੀ ਤੋੜ ਦਿੱਤਾ। ਹੋਇਆ ਕੀ ਸੀ? ਸੁਣਾ ਤਾਂ ਸਹੀ?"

"ਮੈਂ ਟੈਕਸੀ ਰੈਂਕ ਦੇ ਮੂਹਰਿਓਂ ਤੀਜੇ ਨੰਬਰ ਤੇ ਸਾਂ। ਦੋ ਗੋਰੀਆਂ ਤੇ ਨਾਲ ਇੱਕ ਛੇ ਕੁ ਸਾਲ ਦਾ ਮੁੰਡਾ। ਮੈਂ ਧਿਆਨ ਨਾਲ ਦੇਖ ਰਿਹਾ ਸਾਂ ਕਿ ਉਹ ਸਭ ਤੋਂ ਮੂਹਰਲੇ ਡਰਾਈਵਰ ਨਾਲ ਕੋਈ ਗਿੱਟਮਿਟ ਕਰ ਰਹੀਆਂ ਸਨ। ਡਰਾਈਵਰ ਨੇ ਉਹਨਾਂ ਨੂੰ ਉਹਨਾਂ ਦਾ ਪਹੁੰਚਣ ਵਾਲਾ ਟਿਕਾਣਾ ਪੁੱਛੇ ਬਗੈਰ ਕੁਝ ਬੋਲਿਆ। ਸ਼ਾਇਦ ਕੋਈ ਭਾਨ


ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033

ਨਾਲ ਸੰਬੰਧਿਤ ਗੱਲ ਸੀ। ਇਹ ਸੁਣ ਕੇ ਉਹ ਚੁੱਪ ਕਰ ਗਈਆਂ। ਇਹਨਾਂ ਵਿੱਚੋਂ ਇੱਕ ਗੋਰੀ ਆਪਣੀ ਸਿਗਰੇਟ ਮੁਕਾ ਰਹੀ ਸੀ। ਇੰਨੇ ਚਿਰ ਵਿੱਚ ਦੋ ਸਵਾਰੀਆਂ ਉਪਰ ਰੇਲਵੇ ਕਨਕੋਰਸ ਤੋਂ ਉੱਤਰੀਆਂ ਤੇ ਆ ਕੇ ਮੂਹਰਲੀਆਂ ਦੋਹਾਂ ਗੱਡੀਆਂ ਵਿੱਚ ਬੈਠ ਗਈਆਂ। ਇਹ ਗੱਡੀਆਂ ਤੁਰ ਗਈਆਂ। ਵਾਰੀ ਮੇਰੀ ਸੀ। ਗੋਰੀ ਦੀ ਸਿਗਰਟ ਵੀ ਖਤਮ ਹੋ ਗਈ ਸੀ। ਦੋਨੋਂ ਜਣੀਆਂ ਤੇ ਲੜਕਾ ਮੇਰੀ ਗੱਡੀ ਵਿੱਚ ਬੈਠ ਗਏ। ਇੱਕ ਗੋਰੀ ਅੱਧਖੜ ਸੀ ਤੇ ਦੂਜੀ ਉਹਦੀ ਜਵਾਨ ਧੀ। ਮੈਂ ਪੁੱਛਿਆ ਕਿ ਉਹ ਕਿੱਥੇ ਜਾ ਰਹੇ ਹਨ। ਉਹ ਬੋਲੀ ਬਲਿਊ ਮਾਉਂਟੇਨਜ਼ (Blue Mountains)। ਮੈਂ ਸੁਣ ਕੇ ਚੁੱਪ ਕਰ ਗਿਆ। ਪਹਿਲਾਂ ਗੱਡੀ ਤੋਰੀ ਤੇ ਰੈਂਕ ਤੋਂ ਬਾਹਰ ਕੱਢੀ। ਜਦ ਡਰਾਈਵਰ ਇੱਕ ਵਾਰੀ ਰੈਂਕ ਤੋਂ ਬਾਹਰ ਨਿਕਲ ਜਾਵੇ ਫਿਰ ਸਵਾਰੀ ਕਾਬੂ ਹੋ ਗਈ ਹੁੰਦੀ ਏ। ਇਸ ਹਾਲਤ ਵਿੱਚ ਵਿਚਾਰਾਂ ਦਾ ਕੋਈ ਮਤਭੇਦ ਹੋ ਜਾਵੇ ਤਾਂ ਡਰਾਈਵਰ ਤੇ ਸਵਾਰੀ ਇਸ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਦੇ ਹਨ। ਜੇ ਇਹ ਮੱਤਭੇਦ ਰੈਂਕ ਦੇ ਅੰਦਰ ਹੀ ਪੈਦਾ ਹੋ ਜਾਵੇ ਤਾਂ ਸਵਾਰੀ ਇੱਕ ਦਮ ਗੱਡੀ ਚੋਂ ਬਾਹਰ ਨਿਕਲ ਜਾਂਦੀ ਏ ਤੇ ਦੂਜੀ ਗੱਡੀ ਫੜ੍ਹ ਲੈਂਦੀ ਏ।"

"ਨਾਓ ਟੈੱਲ ਮੀ ਵਹੇਅਰ ਯੂ ਆਰ ਗੋਇੰਗ ਟੂ?"

"ਬਲਿਊ ਮਾਉਂਟੇਨਜ਼ (Blue Mountains)" ਅੱਧਖੜ ਗੋਰੀ ਬੋਲੀ।

"ਕੀ ਤੁਹਾਨੂੰ ਪਤਾ ਏ ਕਿ ਨੇਪੀਅਨ ਦਰਿਆ ਤੋਂ ਬਾਅਦ ਦੁੱਗਣਾ ਕਿਰਾਇਆ ਲੱਗੇਗਾ?" ਹੈਰੀ ਕਹਿੰਦਾ ਕਿ ਉਸਨੇ ਪੁੱਛਿਆ।

"ਨਹੀਂ, ਕੌਣ ਕਹਿੰਦਾ?"

"ਜਦ ਗੱਡੀ ਸਿਡਨੀ ਦੇ ਕਿਸੇ ਵੀ ਪਾਸੇ ਸ਼ਹਿਰ ਤੋਂ ਬਾਹਰ ਜਾਂਦੀ ਏ ਤਾਂ ਬਾਹਰਲੇ ਸਫਰ ਦਾ ਭਾੜਾ ਦੁੱਗਣਾ ਹੁੰਦਾ ਏ। ਜੇ ਨਹੀਂ ਯਕੀਨ ਆਉਂਦਾ ਤਾਂ ਔਹ ਗੱਡੀ ਉੱਪਰ ਲਿਖਿਆ ਹੋਇਆ ਨੰਬਰ ਮਿਲਾ ਲਓ ਤੇ ਸਾਡੇ ਦਫਤਰ ਤੋਂ ਪੁੱਛ ਲਓ।"

"ਓ ਕੇ. ਨੋ ਪ੍ਰਾਬਲਮ।"

"ਮੈਂ ਸੋਚਿਆ ਸਵਾਰੀਆਂ ਟਿਕ ਗਈਆਂ ਸਨ," ਹੈਰੀ ਦੱਸਦਾ ਗਿਆ।

"ਟੈਕਸੀ ਮੋਟਰਵੇਅ ਤੇ ਪੈ ਗਈ। ਸਫਰ ਦੀਆਂ ਧੱਜੀਆਂ ਉਡਾਉਂਦੀ ਹੋਈ ਟੈਕਸੀ ਨੇਪੀਅਨ ਦਰਿਆ ਪਾਰ ਕਰ ਗਈ। ਮੀਟਰ ਤੇ 100 ਡਾਲਰ ਬਣ ਗਿਆ। ਮੈਂ ਇਹ 100 ਮੰਗ ਲਿਆ। ਗੋਰੀ ਨੇ ਦੇ ਦਿੱਤਾ", ਹੈਰੀ ਦੱਸਦਾ ਗਿਆ।

"ਹੁਣ ਅੱਗੇ ਸਫਰ ਲੰਬਾ ਵੀ ਸੀ ਤੇ ਪਹਾੜੀ ਵੀ ਸੀ। ਮੀਟਰ ਮੈਂ ਦੁਬਾਰਾ ਚਲਾ ਦਿੱਤਾ ਕਿ ਅਗਲੇ ਭਾੜੇ ਨੂੰ ਦੁਗਣਾ ਕਰਕੇ ਮੰਗਣਾ ਸੌਖਾ ਹੋ ਜਾਵੇ। ਕੀ ਤੁਸੀਂ ਖਾਸ ਬਲਿਊ ਮਾਉਂਟੇਨਜ਼ ਸਟੇਸ਼ਨ ਤੇ ਜਾਣਾ ਹੈ ਜਾਂ ਹੋਰ ਕਿਤੇ," ਹੈਰੀ ਕਹਿੰਦਾ ਮੈਂ ਸਵਾਰੀਆਂ ਦਾ ਆਖਰੀ ਟਿਕਾਣਾ ਜਾਨਣਾ ਚਾਹਿਆ।

"ਅਸੀਂ ਮੈਡਲੋਬਾਥ (Medlow Bath) ਜਾਣਾ ਏ। ਉੱਥੇ ਹੋਟਲ ਵਿੱਚ ਇੱਕ ਵਿਆਹ ਹੈ। ਇਹ ਹੋਟਲ ਮੋਟਰਵੇਅ ਦੇ ਉੱਪਰ ਹੀ ਏ," ਗੋਰੀ ਬੋਲੀ।

ਟੈਕਸੀ ਹਲਕੀਆਂ ਹਲਕੀਆਂ ਪਹਾੜੀਆਂ ਚੋਂ ਲੰਘਦੀ ਗਈ। ਆਖਿਰਕਾਰ ਅਸੀਂ ਮੈਡਲੋਬਾਥ ਹੋਟਲ ਦੇ ਮੂਹਰੇ ਪਹੁੰਚ ਗਏ। ਮੀਟਰ ਤੇ ਭਾੜਾ 150 ਸੀ। ਮੈਂ ਦੁੱਗਣਾ ਕਰਕੇ 300 ਮੰਗਿਆ। ਗੋਰੀ 300 ਦੇ ਕੇ ਬਾਕੀ ਸਵਾਰੀਆਂ ਸਮੇਤ ਗੱਡੀ ਚੋਂ ਉਤਰ ਗਈ। ਮੈਂ ਗੱਡੀ ਵਾਪਸ ਮੋੜੀ ਤੇ ਖੁਸ਼ੀ ਵਿੱਚ ਝੂਮਦਾ ਲਿਓਨੇ (Leonay) ਤੱਕ ਆ ਗਿਆ। ਜਦ ਕੰਪਿਊਟਰ ਦੇਖਿਆ ਤਾਂ ਇਥੋਂ ਹਵਾਈ ਅੱਡੇ ਦੀ ਜਾਬ ਪੈ ਗਈ। ਜਦ ਸਾਈਡ ਤੇ ਨੂੰ ਜਾਬ ਵਾਲੀ ਥਾਂ ਤੇ ਗਿਆ ਤਾਂ ਦੇਖਿਆ ਕਿ ਇੱਕ ਗੋਰਾ ਬਰੀਫਕੇਸ ਲਈ ਖੜ੍ਹਾ ਸੀ। ਮੈਂ ਚੁੱਕਿਆ ਤੇ 160 ਵਿੱਚ ਏਅਰਪੋਰਟ ਜਾ ਕੇ ਲਾਹ ਦਿੱਤਾ। ਫਿਰ ਗੱਡੀ ਏਅਰਪੋਰਟ ਦੇ ਟੈਕਸੀ ਰੈਂਕ ਤੇ ਲਗਾ ਦਿੱਤੀ। ਇੱਕ ਘੰਟਾ ਇੰਤਜ਼ਾਰ ਤੋਂ ਬਾਅਦ ਇੱਕ ਸਿਰਫ 30 ਡਾਲਰ ਦੀ ਜਾਬ ਮਿਲੀ। ਇਹ ਜਾਬ ਕਰਕੇ ਫਿਰ ਆਪਣੇ ਰੈਂਕ ਪੈਰਾਮੈਟਾ ਆ ਗਿਆ। ਜਦ ਬੰਦਿਆਂ ਨੂੰ 600 ਡਾਲਰ ਦਾ ਗੱਫਾ ਦੱਸਿਆ ਤਾਂ ਸਾਰੇ ਹੈਰਾਨ ਰਹਿ ਗਏ। ਇਵੇਂ ਹੋਇਆ ਸੀ ਮੇਰੇ ਨਾਲ।"

ਹੈਰੀ ਇਹ ਗੱਲ ਕਰਕੇ ਹਟਿਆ ਹੀ ਸੀ ਕਿ ਉਸਦੀ ਵਾਰੀ ਆ ਗਈ। ਉਹ ਸਵਾਰੀ ਲੈ ਕੇ ਦੌੜ ਗਿਆ। ਕੈੱਨ ਨੂੰ ਹੈਰੀ ਬਾਰੇ ਹੋਰ ਗੱਲ ਕਰਨ ਦਾ ਮੌਕਾ ਮਿਲ ਗਿਆ।

"ਅਲੀ ਜੋ ਹੈਰੀ ਦੱਸ ਕੇ ਗਿਆ ਏ ਕੀ ਇਹ ਸੱਚ ਏ? 600 ਡਾਲਰ ਚਾਰ ਕੁ ਘੰਟਿਆਂ ਵਿੱਚ ਹੀ? ਕੈੱਨ ਨੇ ਅਲੀ ਨਾਲ ਗੱਲ ਕੀਤੀ।

"ਪੈਸੇ ਤਾਂ ਹੈਰੀ ਨੂੰ ਬਣ ਗਏ ਸੀ ਪਰ ਹੋਰ ਜੋ ਕੁਝ ਵਾਪਰਿਆ ਸੀ ਉਹ ਉਸਨੇ ਦੱਸਿਆ ਹੀ ਨਹੀਂ। ਹਰਾਮੀ ਦੀ ਚੰਗੀ ਖਿਚਾਈ ਹੋਈ ਸੀ। ਉਹਦਾ ਤਾਂ ਇਹ ਹਾਲ ਏ ਆਪਣੀਆਂ ਕੱਛ ਵਿੱਚ ਤੇ ਦੂਜੇ ਦੀਆਂ ਹੱਥ ਵਿੱਚ।" ਅਲੀ ਦੱਸਣ ਲਈ ਕਾਹਲਾ ਸੀ।

"ਕੀ ਹੋਇਆ ਸੀ ?"

"ਪਤਾ ਲੱਗਾ ਏ ਕਿ ਹੈਰੀ ਟੈਕਸੀ ਵਿੱਚ ਬੈਠੀ ਗੋਰੀ ਕੁੜੀ ਨਾਲ ਅੱਖ ਮਿਲਾਉਣ ਲੱਗ ਪਿਆ ਸੀ। ਅੱਧਖੜ ਮਾਂ ਮਾੜਾ ਮਾੜਾ ਸੌਣ ਲੱਗ ਪਈ ਸੀ। ਬੱਚਾ ਬਾਹਰ ਪਹਾੜਾਂ ਦਾ ਨਜ਼ਾਰਾ ਦੇਖ ਰਿਹਾ ਸੀ। ਕੁੜੀ ਇਹਦੇ ਵੱਲ ਘੱਟ ਧਿਆਨ ਦੇ ਰਹੀ ਸੀ। ਹੈਰੀ ਉਸ ਵੱਲ ਆਪਣੇ ਮੂਹਰਲੇ ਸ਼ੀਸ਼ੇ ਵਿੱਚ ਦੀ ਦੇਖੀ ਜਾ ਰਿਹਾ ਸੀ। ਉਸ ਸਮੇਂ ਤਾਂ ਕੁੜੀ ਨੇ ਆਪਣੀ ਮਾਂ ਨੂੰ ਕੁਝ ਨਹੀਂ ਦੱਸਿਆ। ਬਾਅਦ ਵਿੱਚ ਘਰ ਜਾ ਕੇ ਲੜਕੀ ਨੇ ਮਾਂ ਨੂੰ ਡਰਾਈਵਰ ਦੇ ਚਾਲਿਆਂ ਬਾਰੇ ਸਭ ਕੁਝ ਦੱਸ ਦਿੱਤਾ। ਟੈਕਸੀ ਦਾ ਨੰਬਰ ਉਸਨੇ ਨੋਟ ਕਰ ਹੀ ਲਿਆ ਸੀ।"

"ਫਿਰ ਕੀ ਹੋਇਆ?"

"ਮਾਂ ਨੇ ਘਰ ਜਾ ਕੇ ਟੈਕਸੀ ਬੇਸ (Taxi Base) ਨੂੰ ਫੋਨ ਮਿਲਾਇਆ ਤੇ ਡਰਾਈਵਰ ਦੀ ਹਰਕਤ ਬਾਰੇ ਸਭ ਕੁਝ ਬਿਆਨ ਕਰ ਦਿੱਤਾ। ਮੂਹਰੇ ਤੈਨੂੰ ਪਤਾ ਹੀ ਹੈ ਕੌਣ ਏ। ਐਂਡਰਿਊ ਰਾਬਿਨਸਨ, ਇਨਫੋਰਸਮੈਂਟ ਅਫਸਰ।"

"ਫਿਰ ਕੀ ਬਣਿਆ?"

"ਉਹਨੇ ਹੈਰੀ ਨੂੰ ਫੋਨ ਮਿਲਾਇਆ। ਇਹਨੂੰ ਕੋਈ ਜਵਾਬ ਨਾ ਆਵੇ। ਹੁਣ ਉਹਨੇ ਇਹਨੂੰ ਦਫਤਰ ਵਿੱਚ ਸੱਦਿਆ ਹੋਇਆ ਏ। ਹੋ ਸਕਦਾ ਚੇਤਾਵਨੀ ਦੇ ਕੇ ਛੱਡ ਦੇਵੇ ਜਾਂ ਕੁਝ ਸ਼ਿਫਟਾਂ ਕੈਂਸਲ ਕਰ ਦੇਵੇ। ਤੈਨੂੰ ਉਹ ਪੂਰੀ ਗੱਲ ਦੱਸ ਕੇ ਨਹੀਂ ਗਿਆ। 600 ਡਾਲਰ ਦੱਸ ਕੇ ਆਪਣਾ ਰੋਅਬ ਝਾੜ ਗਿਐ। ਕੀਤੀ ਕਰਤੂਤ ਦਾ ਕੀ ਬਣਨਾ ਅਜੇ ਪਤਾ ਨਹੀਂ ਬਾਕੀ ਤੂੰ ਦੇਖ ਲੈ ਕੀ ਬਣੂ।"

ਅਲੀ ਨੇ ਸਾਰਾ ਭਾਂਡਾ ਫੋੜ ਦਿੱਤਾ।

"ਅਲੀ, ਤੈਨੂੰ ਪਤਾ ਹੀ ਏ ਇਹ ਦੇਸ਼ ਨੈਤਿਕਤਾ ਅਤੇ ਕਸਟਮਰ ਕੇਅਰ ਤੇ ਕਿੰਨਾ ਜ਼ੋਰ ਪਾਉਂਦੇ ਹਨ ਜਦ ਇਹ ਸਾਨੂੰ ਕੰਮਾਂ ਤੇ ਲਗਾਉਂਦੇ ਹਨ। ਅਸੀਂ ਫਿਰ ਵੀ ਕਰਤੂਤਾਂ ਕਰਨ ਤੋਂ ਬਾਜ਼ ਨਹੀਂ ਆਉਂਦੇ। ਬਾਂਦਰਾਂ ਨੂੰ ਬਨਾਰਸ ਦੀਆਂ ਟੋਪੀਆਂ। ਅਸੀਂ ਅਰਧ ਵਿਕਸਿਤ ਸਮਾਜ ਚੋਂ ਆਏ ਹਾਂ। ਸਿਡਨੀ ਦਾ ਸਮਾਜ ਪੂਰਨ ਰੂਪ ਵਿੱਚ ਵਿਕਸਿਤ ਹੈ। ਇਹਨਾਂ ਦੇਸ਼ਾਂ ਵਿੱਚ ਦਾਖਲ ਹੁੰਦੇ ਸਾਰ ਅਸੀਂ ਭੰਬੱਤਰ ਜਾਂਦੇ ਹਾਂ। ਸਾਡੇ ਦਿਮਾਗ ਵਿੱਚ ਐਸੇ ਖਿਆਲ ਪਾਏ ਗਏ ਹੁੰਦੇ ਹਨ ਕਿ ਗੋਰੀਆਂ ਜਿਹਦੇ ਨਾਲ ਮਰਜ਼ੀ ਤੁਰ ਪੈਂਦੀਆਂ ਹਨ। ਇਧਰ ਆ ਕੇ ਅਸੀਂ ਕਈ ਭੁਲੇਖਿਆਂ ਦਾ ਸ਼ਿਕਾਰ ਵੀ ਹੋ ਜਾਂਦੇ ਹਾਂ। ਕੋਝੀਆਂ ਹਰਕਤਾਂ ਕਰ ਬੈਠਦੇ ਹਾਂ। ਗੋਰੇ ਚੁੱਪ ਚਪੀਤੇ ਵੀ ਸਾਡੇ ਬਾਰੇ ਸਭ ਕੁਝ ਜਾਣਦੇ ਹੁੰਦੇ ਹਨ। ਇਹ ਇੱਕ ਦੋ ਚਤਾਵਨੀਆਂ ਦੇ ਕੇ ਸਾਨੂੰ ਸੁਧਾਰਨ ਦੀ ਕੋਸ਼ਿਸ਼ ਕਰਦੇ ਹਨ। ਫਿਰ ਕਿਤੇ ਜਾ ਕੇ ਸਾਡੇ ਖਿਲਾਫ ਵੱਡਾ ਐਕਸ਼ਨ ਲੈਂਦੇ ਹਨ।"

"ਕੈੱਨ ਤੂੰ ਠੀਕ ਫਰਮਾਇਆ ਏ। ਤੈਨੂੰ ਪਤਾ ਪਿੱਛੇ ਜਿਹੇ ਦੋ ਡਰਾਈਵਰਾਂ ਦੇ ਖਿਲਾਫ ਵੱਡਾ ਐਕਸ਼ਨ ਹੋਇਆ ਸੀ। ਇੱਕ ਮਿਸਰ ਦਾ ਸੀ ਤੇ ਦੂਜਾ ਬੰਗਲਾਦੇਸ਼ ਦਾ ਸੀ। ਜਦ ਤੁਹਾਡੇ ਖਿਲਾਫ ਕੋਈ ਅਨੁਸ਼ਾਸਨੀ ਕਾਰਵਾਈ ਹੋਈ ਹੁੰਦੀ ਏ ਤਾਂ ਇਸਦਾ ਅਸਰ ਬਹੁਤ ਦੂਰ ਤੱਕ ਪਹੁੰਚਦਾ ਏ। ਕੰਪਿਊਟਰ ਦੇ ਵਿੱਚ ਤੁਹਾਡਾ ਸਾਰਾ ਡਾਟਾ ਇਕਦਮ ਨਿਕਲ ਆਉਂਦਾ ਏ। ਤੁਸੀਂ ਹੋਰ ਥਾਵਾਂ ਤੇ ਜਾ ਕੇ ਵੀ ਨੌਕਰੀ ਨਹੀਂ ਲੱਭ ਸਕਦੇ। ਚੰਗਾ ਹੁਣ ਮੇਰੀ ਵੀ ਵਾਰੀ ਆਉਣ ਲੱਗੀ ਏ ਜੋ ਕੁਝ ਮੈਂ ਤੈਨੂੰ ਹੈਰੀ ਬਾਰੇ ਦੱਸਿਆ ਏ ਨਾ ਇਹ ਉਹਨੂੰ ਪੁੱਛੀ ਤੇ ਨਾ ਹੀ ਇਹ ਕਿਸੇ ਹੋਰ ਨਾਲ ਸਾਂਝਾ ਕਰੀਂ। ਅੱਲਾ, ਖੈਰ ਕਰੇ।"

"ਚੰਗਾ ਅਲੀ! ਅੱਗੇ ਵਾਸਤੇ ਵੀ ਮਿਲਦਾ ਗਿਲਦਾ ਰਿਹਾ ਕਰੀਂ।"

"ਓਕੇ।"

# ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ

ਅਰਦਾਸ ਕਰਨ ਵੇਲੇ ਸਿਖ ਆਪਣੀ ਅਰਦਾਸ ਵਿਚ ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ ਰਹਿਣ ਦੀ ਜੋਦੜੀ ਕਰਦੇ ਹਨ। ਅੱਜ ਅਸੀਂ ਇਹਨਾਂ ਤਿੰਨਾਂ ਦੀ ਸੰਖੇਪ ਵਿਆਖਿਆ ਕਰਾਂਗੇ।

ਚੌਕੀਆਂ: ਚੌਕੀ ਦਾ ਸਬਦੀ ਅਰਥ ਚਾਰ ਬੰਦਿਆਂ ਦਾ ਜੱਥਾ ਹੁੰਦਾ ਹੈ ਪਰ ਸਿਖ ਮਰਿਆਦਾ ਅਨੁਸਾਰ ਇਸਦਾ ਮਤਲਬ ਹਰਿਮੰਦਰ ਸਾਹਿਬ ਦੀ ਮਰਿਆਦਾ ਅਨੁਸਾਰ ਰਾਗਾਂ ਵਿਚ ਸਮੇਂ ਸਮੇਂ ਬਾਣੀ ਪੜਨ ਅਤੇ ਕੀਰਤਨ ਕਰਨ ਲਈ ਵਰਤਿਆ ਜਾਂਦਾ ਹੈ। ਇਹਨਾਂ ਨੂੰ ਨਿੱਤਨੇਮ ਦੀਆਂ ਚੌਂਕੀਆਂ ਵੀ ਕਿਹਾ ਜਾਂਦਾ ਹੈ। ਦੂਸਰਾ ਮਤਲਬ ਇਕ ਥਾਂ ਤੋਂ ਦੂਜੀ ਥਾਂ ਚੱਲਕੇ ਗੁਰੂ ਦੇ ਸਬਦ ਗਾਉਣ ਵਾਲਾ ਜੱਥਾ ਹੈ। ਹਰਿਮੰਦਰ ਸਾਹਿਬ ਵਿਚ ਮੁਖ ਤੌਰ ਤੇ ਪੰਜ ਚੌਕੀਆਂ ਲਗਦੀਆਂ ਹਨ। ਇਹਨਾਂ ਪੰਜ ਚੌਕੀਆਂ ਤੋਂ ਇਲਾਵਾ ਕੁਝ ਚੌਂਕੀਆਂ ਇਤਿਹਾਸਕ ਅਤੇ ਪਵਿਤਰ ਦਿਹਾੜੇ ਤੇ ਵੀ ਕੱਢੀਆਂ ਜਾਂਦੀਆਂ ਹਨ ਜਿਨਾਂ ਨੂੰ ਇਤਿਹਾਸਕ ਅਤੇ ਯਾਤਰੂ ਚੌਕੀਆਂ ਵੀ ਕਿਹਾ ਜਾਂਦਾ ਹੈ।

ਚੌਕੀਆਂ ਦਾ ਇਤਿਹਾਸ:

ਹਰਮਿੰਦਰ ਸਾਹਿਬ ਵਿਚ ਜੋ ਗੁਰਬਾਣੀ ਅਤੇ ਕੀਰਤਨ ਦਾ ਪ੍ਰਵਾਹ ਅਮ੍ਰਿਤ ਵੇਲੇ ਤੋਂ ਰਾਤ ਤੱਕ 20 ਕੁ ਘੰਟੇ ਚਲਦਾ ਹੈ ਮੁਖ ਤੌਰ ਤੇ ਇਹ ਗੁਰੂ ਅਰਜਨ ਦੇਵ ਜੀ ਵਲੋਂ ਸਥਾਪਤ ਚਾਰ ਚੌਕੀਆਂ ਦੇ ਅੰਤਰਗਤ ਹੈ। ਉਸ ਸਮੇਂ ਤੋਂ ਲੈਕੇ ਦਰਬਾਰ ਸਾਹਿਬ ਵਿਚ ਚੌਕੀਆਂ ਦੀ ਪ੍ਰਥਾ ਕੁਝ ਵਾਧ ਘਾਟ ਨਾਲ ਨਿਰੰਤਰ ਚਲਦਾ ਰਹਿੰਦਾ ਹੈ।

ਇਤਿਹਾਸਕ ਅਤੇ ਯਾਤਰੂ ਚੌਕੀਆਂ ਦਾ ਇਤਿਹਾਸ ਇਹ ਹੈ ਕਿ ਜਦੋਂ ਗੁਰੂ ਹਰਗੋਬਿੰਦ ਸਾਹਿਬ ਨੇ ਜਦੋਂ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਕੇ ਸਿਖਾਂ ਨੂੰ ਮੀਰੀ ਪੀਰੀ ਦਾ ਸਿਧਾਂਤ ਦਿਤਾ ਅਤੇ ਕਿਲੇ ਉਸਾਰਨੇ ਸੁਰੂ ਕੀਤੇ ਤਾਂ ਸਮੇਂ ਦੀ ਘਬਰਾਈ ਹੋਈ ਹਕੂਮਤ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਲਿਆ। ਉਸ ਸਮੇਂ ਬਾਬਾ ਬੁਢਾ ਜੀ ਮਸਾਲ ਅਤੇ ਝੰਡਾ ਲੈਕੇ ਸੰਗਤਾਂ ਸਮੇਤ ਅਕਾਲ ਤਖਤ ਸਾਹਿਬ ਤੋਂ ਸਬਦ ਕੀਰਤਨ ਕਰਦੇ ਹੋਇ ਪਿੰਡਾਂ ਵਿਚ ਦੀ ਵਿਚਰਦੇ ਗਵਾਲੀਅਰ ਦੇ ਕਿਲੇ ਦੀ ਪਰਕਰਮਾ ਕਰਦੇ ਸਨ। ਸਮੇਂ ਦੀ ਹਕੂਮਤ ਨੇ ਸੰਗਤਾਂ ਦਾ ਰੋਹ ਦੇਖਕੇ ਗੁਰੂ ਜੀ ਨੂੰ ਕਿਲੇ ਵਿਚੋਂ ਰਿਹਾ ਕਰ ਦਿਤਾ। ਗੁਰੂ ਹਰਗੋਬਿੰਦ ਸਾਹਿਬ ਨੇ ਬਾਬਾ ਬੁਢਾ ਜੀ ਦਾ ਸਿਦਕ ਦੇਖਕੇ ਕਿਹਾ ਕਿ ਮੈਂ ਹਮੇਸਾ ਇਹਨਾਂ ਚੌਕੀਆਂ ਵਿਚ ਸਾਮਲ ਰਿਹਾ ਕਰਾਂਗਾ। ਫੇਰ ਇਹ ਚੌਕੀਆਂ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਸੁਰੂ ਕਰ ਦਿਤੀਆਂ ਗਈਆਂ। ਹੁਣ ਸੰਗਤਾਂ ਜਥੇ ਬਣਾਕੇ ਅਕਾਲ ਤਖਤ ਤੋਂ ਸਿਰੀ ਸਾਹਿਬ ਅਤੇ ਨਿਸਾਨ ਸਾਹਿਬ ਦੀ ਬਖਸਿਸ ਲੈਕੇ ਸਬਦ ਪੜਦੀਆਂ ਹੋਈਆਂ ਅਮ੍ਰਿਤ ਸਰੋਵਰ ਦੀ ਪਰਿਕਰਮਾ ਕਰਦੀਆਂ ਹਨ। ਜਦ ਸੰਗਤਾਂ ਦਾ ਜਥਾ ਦਰਬਾਰ ਸਾਹਿਬ ਦੇ ਦਰਵਾਜੇ ਕੋਲ ਪਹੁੰਚਦਾ ਹੈ ਤਾਂ ਕੁਝ ਚਿਰ ਲਈ ਕੀਰਤਨ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਸੰਗਤਾਂ ਦੇ ਅਗਾਂਹ ਲੰਘ ਜਾਣ ਤੋਂ ਬਾਅਦ ਕੀਰਤਨ ਫੇਰ ਸੁਰੂ ਹੋ ਜਾਂਦਾ ਹੈ। ਪਰਿਕਰਮਾ ਪੂਰੀ ਹੋਣ ਤੋਂ ਬਾਅਦ ਸਿਰੀ ਸਾਹਿਬ ਅਤੇ ਨਿਸਾਨ ਸਾਹਿਬ ਅਕਾਲ ਤਖਤ ਸਾਹਿਬ ਵਿਖੇ ਆਦਰ ਸਹਿਤ ਸੌਂਪ ਦਿਤੇ ਜਾਂਦੇ ਹਨ। ਸੰਗਤਾਂ ਵਲੋਂ ਜੋ ਪ੍ਰਸਾਦਿ ਆਦਿ ਲਿਆਂਦਾ ਜਾਂਦਾ ਹੈ ਉਹ ਸੰਗਤਾਂ ਵਿਚ ਹੀ ਵਰਤਾ ਦਿਤਾ ਜਿੰਦਾ ਹੈ। ਇਹਨਾਂ ਚੌਕੀਆਂ ਵਿਚ ਸਾਮਲ ਹੋਣ ਲਈ ਸਿਖਾਂ ਵਿਚ ਅਥਾਹ ਸਰਧਾ ਹੈ ਕਿਹਾ ਜਾਂਦਾ ਹੈ ਕਿ ਸਬਦ ਚੌਕੀਆਂ ਵਿਚ ਸਾਮਲ ਹੋਣ ਵਾਲੇ ਦੀ ਹਰ ਮਨੋਕਾਮਨਾ ਪੂਰੀ ਹੋ ਜਾਂਦੀ ਹੈ। ਸਮੇਂ ਸਮੇਂ ਤੇ ਮਹੰਤ ਸੋਭਾ ਸਿੰਘ, ਮਹੰਤ ਦੀਨਾ ਨਾਥ, ਭਾਈ ਨਰਾਇਣ ਸਿੰਘ, ਭਾਈ ਸੰਤ ਸਿੰਘ ਆਦਿ ਨੇ ਵੀ ਚੌਕੀਆਂ ਦੀ ਕੱਢਣੀਆਂ ਸੁਰੂ ਕੀਤੀਆ ਸਨ।

ਦਰਬਾਰ ਸਾਹਿਬ ਦੀ ਮਰਿਆਦਾ ਅਨੁਸਾਰ ਧਾਰਮਿਕ ਅਥਵਾ ਨਿੱਤਨੇਮ ਦੀਆਂ ਚੌਕੀਆਂ ਜੋ ਹਰਮਿੰਦਰ ਸਾਹਿਬ ਦੇ ਅੰਦਰ ਸੰਪੂਰਨ ਹੁੰਦੀਆਂ ਹਨ ਇਸ ਤਰਾਂ ਹਨ :

1.ਅਮ੍ਰਿਤ ਵੇਲੇ ਆਸਾ ਦੀ ਵਾਰ ਦੀ ਚੌਕੀ।
2.ਬਿਲਾਵਲ ਦੀ ਚੌਂਕੀ।
3.ਸਵਾ ਪਹਿਰ ਦਿਨ ਚੜ੍ਹਨ ਤੇ ਚਰਨਕੰਵਲ ਦੀ ਚੌਂਕੀ।
4.ਸਾਮ ਵੇਲੇ ਰਹਿਰਾਸ ਸਾਹਿਬ ਦੇ ਪਾਠ ਤੋਂ ਪਹਿਲਾਂ ਸੋਦਰੁ ਦੀ ਚੌਂਕੀ।
5.ਚਾਰ ਘੜੀ ਰਾਤ ਬੀਤਣ ਤੋਂ ਬਾਅਦ ਕਲਿਆਣ ਦੀ ਚੌਂਕੀ।

ਇਹਨਾਂ ਚੌਕੀਆਂ ਤੋਂ ਇਲਾਵਾ ਸਿਖਾਂ ਦੇ ਪਵਿਤਰ ਦਿਹਾੜੇ ਮੱਸਿਆ ਸੰਗਰਾਂਦ, ਪੂਰਨਮਾਸੀ ਆਦਿ ਅਤੇ ਇਤਿਹਾਸਕ ਦਿਹਾੜਿਆਂ ਨੂੰ ਮੁਖ ਰਖਕੇ ਵੀ ਚੌਕੀਆਂ ਕੱਢੀਆਂ ਜਾਂਦੀਆਂ ਹਨ। ਇਹ ਚੌਕੀਆਂ ਦਰਬਾਰ ਸਾਹਿਬ ਤੋਂ ਸੁਰੂ ਕਰਕੇ ਸੰਗਤਾਂ ਇਤਿਹਾਸਕ ਗੁਰਦੁਆਰੇ ਛੇਹਰਟਾ, ਵੇਰਕਾ, ਬਾਸਰਕੇ, ਤਰਨਤਾਰਨ ਸਾਹਿਬ, ਗੋਇੰਦਵਾਲ ਸਾਹਿਬ ਆਦਿ ਤੱਕ ਪੈਦਲ ਸਬਦ ਕੀਰਤਨ ਕਰਦੀਆਂ ਜਾਂਦੀਆਂ ਹਨ। ਕਿਹਾ ਜਾਂਦਾ ਹੈ ਇਕ ਅਜਿਹੀ ਚੌਕੀ ਦੇਸ ਦੀ ਵੰਡ ਤੋਂ ਪਹਿਲਾਂ ਗੁਜਰਾਂਵਾਲੇ ਤੋਂ ਗੁਰਦੁਆਰਾ ਰੋੜੀ ਸਾਹਿਬ ਤੱਕ ਵੀ ਕੱਢੀ ਜਾਂਦੀ ਸੀ। ਇਸੇ ਕਰਕੇ ਇਹਨਾਂ ਚੌਕੀਆਂ ਨੂੰ ਯਾਤਰੂ ਚੌਕੀਆਂ ਅਥਵਾ ਇਤਿਹਾਸ ਦੀਆਂ ਚੌਂਕੀਆਂ ਆਖਿਆ ਜਾਂਦਾ ਹੈ।






ਝੰਡੇ : ਸਿਖ ਧਰਮ ਵਿਚ ਝੰਡੇ ਅਥਵਾ ਨਿਸਾਨ ਸਾਹਿਬ ਦੀ ਵਿਸੇਸ ਮਹੱਤਤਾ ਹੈ। ਉਚੀ ਥਾਂ ਤੇ ਝੂਲਦਾ ਝੰਡਾ/ਨਿਸਾਨ ਸਾਹਿਬ ਸਿਖਾਂ ਦੀ ਚੜਦੀ ਕਲਾ ਅਤੇ ਸੁਤੰਤਰਤਾ ਦਾ ਪ੍ਰਤੀਕ ਮੰਨਿਆਂ ਜਾਂਦਾ ਹੈ। ਸਿਖ ਚਲਦੀ ਵਹੀਰ ਅਤੇ ਜੰਗਾਂ ਯੁਧਾਂ ਵਿਚ ਝੰਡਾ ਨਾਲ ਲੈਕੇ ਚਲਦੇ ਸਨ ਅਤੇ ਝੰਡੇ ਦੀ ਰਾਖੀ ਲਈ ਮਰ ਮਿਟਦੇ ਸਨ। ਸਿਖਾਂ ਦੀ ਇਕ ਮਿਸਾਲ ਦਾ ਨਾਮ ਹੀ ਨਿਸਾਨਸਾਹੀਆ ਮਿਸਲ ਸੀ ਜੋ ਆਪਣੇ ਅਗੇ ਝੰਡਾ ਲੈਕੇ ਚਲਦੇ ਸਨ। ਇਸ ਝੰਡੇ ਦਾ ਇਤਿਹਾਸ ਵੀ ਵਚਿਤਰ ਹੈ। ਪਹਿਲੇ ਸਮਿਆਂ ਵਿਚ ਅਸਮਾਨੀ ਨੀਲੇ ਰੰਗ ਦਾ ਝੰਡਾ ਰਾਜਸੀ ਤਾਕਤ ਦਾ ਅਤੇ ਦੂਸਰਾ ਝੰਡਾ ਪੀਲੇ ਰੰਗ ਦਾ ਹੋਇਆ ਕਰਦਾ ਸੀ।ਦਰਬਾਰ ਸਾਹਿਬ ਦੀ ਤਿਆਰੀ ਵੇਲੇ ਇਕ ਬਾਂਸ ਦੀ ਲੱਕੜ ਵਾਲੇ ਡੰਡੇ ਨਾਲ ਝੰਡਾ ਖੜਾ ਕੀਤਾ ਗਿਆ ਸੀ। 1840 ਬਿਕ੍ਰਮੀ ਨੂੰ ਪ੍ਰੀਤਮ ਦਾਸ ਅਤੇ ਸੰਤੋਖ ਦਾਸ ਨਿਰਬਾਣ ਲੱਕੜ ਦਾ ਝੰਡਾ ਲੈਕੇ ਗੁਰਧਾਮਾਂ ਦੀ ਯਾਤਰਾ ਕਰਦਿਆਂ ਅਜੋਕੇ ਦੇਹਰਾਦੂਨ ਪਹੁੰਚੇ ਸਨ ਅਤੇ ਵਾਪਸੀ ਤੇ ਛਾਲ ਦੀ ਦਰੱਖਤ ਦੇ ਡੰਡੇ ਵਾਲਾ ਝੰਡਾ ਲੈਕੇ ਅਮ੍ਰਿਤਸਰ ਪਹੁੰਚੇ ਸਨ। 1877 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਦੇਸਾ ਸਿੰਘ ਮਜੀਠੀਆ ਨੇ ਲੱਕੜ ਦਾ ਝੰਡਾ ਉਖੇੜ ਕੇ ਲੋਹੇ ਦੀ ਰਾਡ ਉਪਰ ਤਾਂਬਾ ਅਤੇ ਸੋਨਾ ਚੜ੍ਹਾਕੇ ਇਕ ਝੰਡਾ ਲਗਾਉਣ ਦਾ ਐਲਾਨ ਕੀਤਾ ਪਰ ਕੁਝ ਉਸ ਝੰਡੇ ਨੂੰ ਰਣਜੀਤ ਸਿੰਘ ਤੋਂ ਡਰਦਿਆਂ ਕੁਝ ਸਮੇਂ ਬਾਅਦ ਸੁਸੋਭਿਤ ਕੀਤਾ ਗਿਆ ਕਿਉਂਕਿ ਐਨ ਉਸੇ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਵੀ ਇਸੇ ਤਰਾਂ ਦਾ ਇਕ ਝੰਡਾ ਲਗਾਉਣ ਦਾ ਹੁਕਮ ਕਰ ਦਿਤਾ ਸੀ। ਪਰ ਮਹਾਰਾਜਾ ਨੇ ਪਹਿਲੇ ਝੰਡੇ ਨੂੰ ਉਖਾੜਨਾ ਮੁਨਾਸਿਬ ਨਾ ਸਮਝਿਆ ਸੋ ਮਹਾਰਾਜਾ ਰਣਜੀਤ ਸਿੰਘ ਦਾ ਇਹ ਝੰਡਾ ਕਈ ਸਾਲ ਬੁੰਗਾ ਰਾਮਗੜ੍ਹੀਆਂ ਵਿਚ ਹੀ ਪਿਆ ਰਿਹਾ।

ਪਰ 1898 ਵਿਚ ਇਕ ਦਿਨ ਤੇਜ ਹਨੇਰੀ ਨੇ ਦੇਸਾ ਸਿੰਘ ਵਾਲਾ ਝੰਡਾ ਉਖਾੜ ਦਿਤਾ ਪਰ ਇਸਦੀ ਦੁਆਰਾ ਮੁਰੰਮਤ ਕਰਕੇ ਰਾਜਾ ਸੇਰ ਸਿੰਘ ਨੇ ਇਸ ਝੰਡੇ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਵਾਲਾ ਝੰਡਾ ਵੀ ਝੁਲਾ ਦਿੱਤਾ ਗਿਆ। ਕਈ ਇਤਿਹਿਸਕਾਰਾਂ ਦਾ ਮੱਤ ਹੈ ਕਿ ਇਹ ਦੋਵੇਂ ਝੰਡੇ ਪੰਜਵੀਂ ਅਤੇ ਛੇਵੀਂ ਪਾਤਸਾਹੀ ਦੁਆਰਾ ਆਰੰਭ ਕੀਤੇ ਗਏ ਸਨ। ਇਹ ਇਕ ਖੋਜ ਦਾ ਵਿਸਾ ਹੈ। ਇਤਿਹਾਸਕਾਰਾਂ ਦੇ ਆਪੋ ਆਪਣੇ ਮੱਤ ਹਨ। ਸਮਾਂ ਬੀਤਣ ਦੇ ਨਾਲ ਦੇਸਾ ਸਿੰਘ ਅਤੇ ਮਹਾਰਾਜਾ ਰਣਜੀਤ ਸਿੰਘ ਵਾਲੇ ਦੋਨੋਂ ਝੰਡੇ ਪੁਰਾਣੇ ਹੋ ਗਏ। ਸੰਨ 1962 ਵਿਚ ਸ੍ਰੋਮਣੀ ਕਮੇਟੀ ਜਦੋਂ ਸੰਤ ਚੰਨਣ ਸਿੰਘ ਸ੍ਰੋਮਣੀ ਕਮੇਟੀ ਦੇ ਪ੍ਰਧਾਨ ਸਨ ਅਤੇ ਸੰਤ ਫਤਹਿ ਸਿੰਘ ਅਕਾਲੀ ਦਲ ਦੇ ਪ੍ਰਧਾਨ ਸਨ ਨੇ ਭਾਈ ਆਤਮਾ ਰਾਮ ਸਿੰਘ ਅਫਰੀਕਾ ਵਾਲਿਆਂ ਨੂੰ ਨਵੇਂ ਨਿਸਾਨ ਸਾਹਿਬ ਬਨਾਉਣ ਦੀ ਸੇਵਾ ਸੌਂਪੀ ਅਤੇ ਉਹਨਾਂ ਮਾਇਆ ਇਕੱਤਰ ਕਰਕੇ ਜਿਸ ਵਿਚ ਕੁਝ ਮਾਇਆ ਗੁਰਦੁਆਰਾ ਸਾਹਿਬ ਦੇ ਖਜਾਨੇ ਵਿਚੋਂ ਵੀ ਲਈ ਗਈ, ਲੋਹਾ, ਤਾਂਬਾ ਅਤੇ ਸੋਨੇ ਨਾਲ ਬਣੇ ਨਵੇਂ ਨਿਸਾਨ ਸਾਹਿਬ ਦੀ ਸਿਰਜਣਾ ਕੀਤੀ ਜਿਸ ਦੀ ਰਾਡ ਵਿਚ ਇਕ ਮੋਰੀ ਵੀ ਰੱਖੀ ਗਈ ਤਾਂ ਜੋ ਉਸ ਵਿਚ ਦੀ ਬਿਜਲੀ ਦੀਆਂ ਤਾਰਾਂ ਲੰਘਾਕੇ ਨਿਸਾਨ ਸਾਹਿਬ ਉਪਰ ਲਾਈਟਾਂ ਜਗਾਈਆਂ ਜਾ ਸਕਣ। ਪੁਰਾਣੇ ਹੋ ਚੁਕੇ ਨਿਸਾਨ ਸਾਹਿਬ ਉਖਾੜ ਦਿੱਤੇ ਗਏ। ਸੰਤ ਚੰਨਣ ਸਿੰਘ, ਸੰਤ ਫਤਹਿ ਸਿੰਘ, ਇੰਜਨੀਅਰਜ ਅਤੇ ਸੰਗਤਾਂ ਦੇ ਸਹਿਯੋਗ ਨਾਲ 1923 ਦੀ ਕਾਰ ਸੇਵਾ ਵਿਚ ਵਰਤੀਆਂ ਗਈਆ ਸੋਨੇ ਦੀਆਂ ਕਹੀਆਂ ਵਰਤਕੇ ਪੰਜ ਪਿਆਰਿਆਂ ਵਲੋਂ ਪੰਜ ਪੰਜ ਟੱਕ ਲਗਾਕੇ ਅਰਦਾਸ ਕਰ ਨਵੀਂ ਡਿਉਢੀ ਦੇ ਨਾਲ ਟੋਏ ਪੁੱਟਕੇ ਨਵੇਂ ਨਿਸਾਨ ਸਾਹਿਬ ਖੜੇ ਕਰ ਦਿਤੇ ਗਏ। ਇਹਨਾਂ ਪੰਜ ਪਿਆਰਿਆਂ ਵਿਚ ਸ੍/ਸਿੰਘ ਸਾਹਿਬ ਅੱਛਰ ਸਿੰਘ ਜਥੇਦਾਰ ਅਕਾਲ ਤਖਤ, ਗਿਆਨੀ ਭੁਪਿੰਦਰ ਸਿੰਘ ਮੁਖ ਗ੍ਰੰਥੀ, ਚੇਤ ਸਿੰਘ ਗ੍ਰੰਥੀ, ਕਿਰਪਾਲ ਸਿੰਘ ਗ੍ਰੰਥੀ ਦਰਬਾਰ ਸਾਹਿਬ ਅਤੇ ਸੰਤ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਸਾਮਲ ਸਨ। ਇਹਨਾਂ ਦੋਨਾਂ ਨਵੇਂ ਨਿਸਾਨ ਸਾਹਿਬਾਂ ਨੂੰ ਆਪਸ ਵਿਚ ਲੋਹੇ ਦੀ ਰਾਡ ਨਾਲ ਕਸ ਦਿਤਾ ਗਿਆ। ਸ੍ਰੋਮਣੀ ਕਮੇਟੀ ਵਲੋਂ ਹੁਣ ਕੇਸਰੀ ਝੰਡੇ ਦੇ ਰੰਗ ਨੂੰ ਬਦਲ ਕੇ ਬਸੰਤੀ ਕਰ ਦਿਤਾ ਹੈ। ਨਿਸਾਨ ਸਾਹਿਬ ਵਿਚ ਖੰਡਾ ਅਤੇ ਦੋ ਤਲਵਾਰਾਂ ਮੀਰੀ ਪੀਰੀ ਦਾ ਸੂਚਕ ਹਨ ਅਤੇ ਗੋਲ ਚੱਕਰ ਬ੍ਰਹਿਮੰਡ ਦੀ ਤਾਕਤ ਦਾ ਸੂਚਕ ਹੈ। ਗੁਰੂ ਸਾਹਿਬਾਂ ਵਲੋਂ ਵਰੋਸਾਇ ਨਿਸਾਨ ਸਾਹਿਬ ਸਿਖਾਂ ਦੇ ਸਾਰੇ ਗੁਰਦੁਆਰਿਆਂ ਵਿਚ ਵੱਖੋ ਵਖਰੇ ਸਾਈਜਾਂ ਵਿਚ ਸੁਸੋਭਿਤ ਹਨ ਜਿਹਨਾਂ ਦੇ ਕੇਸਰੀ ਚੋਲੇ ਤੋਂ ਇਲਾਵਾ ਸਿਖਰ ਉਪਰ ਤਿੰਨ ਕੋਨਾ ਕੱਪੜੇ ਦਾ ਫਰਲਾ ਲਹਿਰਾ ਕੇ ਅਤੇ ਉਪਰ ਤੀਰ ਜਾਂ ਨੇਜੇ ਦਾ ਚਿੰਨ ਲਗਾ ਦਿਤਾ ਜਾਂਦਾ ਹੈ।

ਦਰਬਾਰ ਸਾਹਿਬ ਦੀਆਂ ਕੁਝ ਹੋਰ ਇਮਾਰਤਾਂ ਉਪਰ ਵੀ ਝੰਡੇ ਲਹਿਰਾ ਰਹੇ ਹਨ। ਪੁਰਾਤਨ ਸਮਿਆਂ ਚ ਪ੍ਰਚਾਰਕ ਵੀ ਆਪਣੇ ਨਾਲ ਝੰਡੇ ਲੈਕੇ ਚਲਦੇ ਸਨ।

ਬੁੰਗੇ : ਬੁੰਗਾ ਫਾਰਸੀ ਦਾ ਸਬਦ ਹੈ ਜਿਸਦੇ ਅਰਥ ਹਨ ਰਿਹਾਇਸੀ ਥਾਂ, ਤੰਬੂ, ਸੰਸਥਾ, ਅਦਾਰਾ, ਇਮਾਰਤ ਆਦਿ। ਬੁੰਗਿਆਂ ਦੀ ਸਿਰਜਣਾ ਸੰਗਤਾਂ ਦੀ ਰਿਹਾਇਸ, ਸਿਖੀ ਪਰੰਪਰਾਵਾਂ, ਸਿੱਖੀ ਸਿਧਾਂਤ, ਸਿਖ ਇਤਿਹਾਸ ਦੇ ਪ੍ਰਚਾਰ ਆਦਿ ਲਈ ਕੀਤੀ ਜਾਂਦੀ ਸੀ।

ਜਦੋਂ ਗੁਰੂ ਰਾਮਦਾਸ ਜੀ ਵਲੋਂ ਅਮ੍ਰਿਤਸਰ ਸਾਹਿਬ ਸਹਿਰ ਦੀ ਬੁਨਿਆਦ ਰੱਖਣ ਦਾ ਕਾਰਜ ਉਲੀਕਿਆ ਗਿਆ ਤਾਂ ਸਭ ਤੋਂ ਪਹਿਲਾਂ ਨਾਲ ਦੇ ਪਿੰਡਾਂ ਦੀਆਂ ਜਮੀਨਾਂ ਖਰੀਦੀਆਂ ਗਈਆ। ਕੁਝ ਜਗਾਹ ਗੁਰਦੁਆਰਾ ਸਾਹਿਬ, ਸਰੋਵਰ, ਲੰਗਰ ਆਦਿ ਲਈ ਰਖੀ ਗਈ ਅਤੇ ਵਿਚਕਾਰ ਖੁਦਾਈ ਕਰਕੇ ਇਕ ਸਰੋਵਰ ਉਸਾਰਿਆ ਗਿਆ। ਇਸ ਸਰੋਵਰ ਦੀ ਮਿਟੀ ਨਾਲ ਮੌਜੂਦਾ ਪਰਿਕਰਮਾ ਦੀ ਜਗ੍ਹਾ ਤੇ ਬੁੰਗੇ ਉਸਾਰਨ ਲਈ ਭਰਤ ਪਾ ਦਿਤਾ ਗਿਆ। ਸੰਗਤਾਂ ਦੇ ਰਹਿਣ ਲਈ ਸਰੋਵਰ ਦੇ ਆਲੇ ਦੁਆਲੇ ਛਪਰੀਆਂ ਅਤੇ ਕੱਚੇ ਮਕਾਨ ਉਸਾਰੇ ਗਏ। ਇਹਨਾਂ ਨੂੰ ਹੀ ਬੁੰਗੇ ਆਖਿਆ ਜਾਂਦਾ ਸੀ। ਦੁਨੀਆਂ ਦੇ ਕੋਨੇ ਕੋਨੇ ਤੋਂ ਹਰ ਪ੍ਰਕਾਰ ਦੇ ਕਾਰੀਗਰ, ਵਪਾਰੀ ਅਤੇ ਲੇਬਰ ਆਦਿ ਨੂੰ ਸੱਦਕੇ ਇਸ ਨਵੇਂ ਸਹਿਰ ਵਿਚ ਵਸਾਇਆ ਗਿਆ। ਅਬਦਾਲੀ ਵਲੋਂ ਜਦੋਂ ਅਮ੍ਰਿਤਸਰ ਤੇ ਹਮਲਾ ਕੀਤਾ ਤਾਂ ਉਸਨੇ ਸਰੋਵਰ ਨੂੰ ਪੂਰ ਕੇ ਉਥੇ ਬਣੇ ਕੱਚੇ ਮਕਾਨ ਵੀ ਢਹਿ ਢੇਰੀ ਕਰ ਦਿਤੇ। ਇਸਤੋਂ ਬਾਅਦ ਇਸ ਥਾਂ ਉਤੇ ਕੁਝ ਪੱਕੇ ਮਕਾਨ, ਅਕਾਲ ਬੁੰਗਾ ਜਿਸਨੂੰ ਅਜ ਕੱਲ ਅਕਾਲ ਤਖਤ ਆਖਿਆ ਜਾਂਦਾ ਹੈ ਅਤੇ ਸਹੀਦ ਬੁੰਗਾ ਆਦਿ ਉਸਾਰੇ ਗਏ। ਅਕਾਲ ਬੁੰਗੇ ਨੂੰ ਗੁਰਦੁਆਰਾ ਸਾਹਿਬ ਦਾ ਹਿਸਾ ਹੀ ਸਮਝਿਆ ਜਾਂਦਾ ਸੀ। ਇਸਤੋਂ ਬਾਅਦ ਸਮੇਂ ਸਮੇਂ ਹੋਰ ਬੁੰਗੇ ਵੀ ਉਸਾਰੇ ਗਏ ਜਿਨਾਂ ਦੀ ਗਿਣਤੀ ਵੱਖ ਵੱਖ ਦੱਸੀ ਗਈ ਹੈ। 1930-31 ਦੀ ਰਿਪੋਰਟ ਅਨੁਸਾਰ ਇਹਨਾਂ ਵੱਡੇ ਛੋਟੇ ਬੁੰਗਿਆਂ ਦੀ ਗਿਣਤੀ 1765-1833 ਵਿਚਕਾਰ ਤਕਰੀਬਨ 71 ਦੱਸੀ ਗਈ ਅਤੇ ਰਿਪੋਰਟ ਦੇ ਹੇਠਾਂ ਇਕ ਨੋਟ ਦਿਤਾ ਗਿਆ "ਅੰਦਾਜਾ" ਭਾਵ ਇਹਨਾਂ ਤੋਂ ਇਲਾਵਾ ਹੋਰ ਵੀ ਛੋਟੇ ਮੋਟੇ ਬੁੰਗੇ ਸਨ। "ਤਵਾਰੀਖ ਅਮ੍ਰਿਤਸਰ" ਅਨੁਸਾਰ ਇਹ ਗਿਣਤੀ 69 ਸੀ ਜਿਸ ਅਨੁਸਾਰ ਚੜਦੇ ਪਾਸੇ 12, ਦੱਖਣੀ ਬਾਹੀ 22, ਪੱਛਮ ਵਲ 28 ਜਿਸ ਵਿਚ ਅਕਾਲ ਬੁੰਗਾ, ਜਲਿਆਂ ਵਾਲਾ ਬੁੰਗਾ, ਭਾਈ ਗੁਰਦਾਸ ਸਿੰਘ ਗਿਆਨੀ ਦਾ ਬੁੰਗਾ ਆਦਿ ਵਿਸੇਸ ਸਨ।

ਇਹਨਾਂ ਬੁੰਗਿਆਂ ਨੂੰ ਅਸੀਂ 6 ਵਰਗਾਂ ਵਿਚ ਵੰਡ ਸਕਦੇ ਹਾਂ ਜਿਵੇਂ ਬੁੰਗਾ ਗਿਆਨੀਆਂ, ਰਾਗੀਆਂ, ਅਕਾਲੀਆਂ, ਸੰਪਰਦਾਇ ਬੁੰਗੇ, ਸਰਦਾਰਾਂ ਦੇ ਬੁੰਗੇ ਅਤੇ ਧਰਮ ਬੁੰਗੇ।

ਗਿਆਨੀਆਂ ਦੇ ਬੁੰਗਿਆਂ ਵਿਚ ਗੁਰਬਾਣੀ ਦਾ ਪਾਠ ਅਤੇ ਅਰਥ ਪੜਾਏ ਜਾਂਦੇ ਸਨ ਅਤੇ ਗਿਆਨਵਾਨ ਗ੍ਰੰਥੀ ਤਿਆਰ ਕੀਤੇ ਜਾਂਦੇ ਸਨ। ਇਸਤੋਂ ਇਲਾਵਾ ਲਿਖਾਰੀਆਂ ਨੂੰ ਟ੍ਰੇਨਿੰਗ ਦੇਕੇ ਹੱਥ ਲਿਖਤ ਪੋਥੀਆਂ ਤਿਆਰ ਕੀਤੀਆਂ ਜਾਂਦੀਆਂ ਸਨ। ਇਹਨਾਂ ਬੁੰਗਿਆਂ ਵਿੱਚ ਬੁੰਗਾ ਭਾਈ ਗੁਰਦਾਸ, ਭਾਈ ਰਾਮ ਸਿੰਘ, ਭਾਈ ਜੋਗਾ ਸਿੰਘ, ਕਾਨ ਸਿੰਘ ਨਾਭਾ ਆਦਿ ਵਿਸੇਸ ਸਨ।

ਰਾਗੀਆਂ ਦੇ ਬੁੰਗਿਆਂ ਵਿਚ ਕੀਰਤਨ ਦੀ ਸਿਖਲਾਈ, ਸੁਰਾਂ ਦਾ ਗਿਆਨ, ਪੁਰਾਣੀਆਂ ਰੀਤਾਂ ਦੀ ਸੰਭਾਲ ਆਦਿ ਵਿਸੇਸ ਕਾਰਜ ਕੀਤੇ ਜਾਂਦੇ ਸਨ। ਇਹਨਾਂ ਵਿਚ ਬੁੰਗਾ ਸਾਹਿਬ ਸਿੰਘ, ਚੜਤ ਸਿੰਘ, ਹੀਰਾ ਸਿੰਘ ਆਦਿ ਮੁਖ ਸਨ। ਇਹਨਾਂ ਬੁੰਗਿਆਂ ਦੇ ਸਰਪ੍ਰਸਤ ਰਾਜੇ ਮਹਾਰਾਜੇ ਜਿਵੇਂ ਮਹਾਰਾਜਾ ਕਪੂਰਥਲਾ ਆਦਿ ਦੱਸੇ ਜਾਂਦੇ ਹਨ। ਇਹਨਾਂ ਬੁੰਗਿਆਂ ਨੂੰ ਗੁਰਮਤਿ ਸੰਗੀਤ ਦੀ ਅਕੈਡਮੀ ਵੀ ਕਹਿ ਸਕਦੇ ਹਾਂ।

ਚੌਥੀ ਕਿਸਮ ਦੇ ਬੁੰਗੇ ਕੁਝ ਸੰਪਰਦਾਵਾਂ ਵਲੋਂ ਚਲਾਏ ਜਾਂਦੇ ਸਨ ਜਿਥੇ ਉਹਨਾਂ ਦੀ ਆਪਣੀ ਮਰਿਆਦਾ ਅਨੁਸਾਰ ਪ੍ਰਚਾਰ ਕੀਤਾ ਜਾਂਦਾ ਸੀ ਅਖਾੜਾ ਬ੍ਰਹਮ ਬੂਟਾ, ਬੁੰਗਾ ਹਜੂਰਾ ਸਿੰਘ, ਬੁੰਗਾ ਨਿਰਮਲੇ ਆਦਿ ਇਹਨਾਂ ਵਿਚ ਵਿਸੇਸ ਸਨ।

ਕੁਝ ਬੁੰਗੇ ਵੱਡੇ ਸਰਦਾਰਾਂ, ਮਿਸਲਾਂ ਅਤੇ ਡੇਰੇ ਵਾਲੇ ਸੰਤਾਂ ਵਲੋਂ ਵੀ ਚਲਾਏ ਜਾਂਦੇ ਸਨ। ਇਹ ਰਿਵਾਜ ਅਜ ਕੱਲ ਵੀ ਹੈ ਵੱਖ ਵੱਖ ਸੰਸਥਾਵਾਂ ਵਲੋਂ ਹਜੂਰ ਸਾਹਿਬ, ਆਨੰਦਪੁਰ ਸਾਹਿਬ ਆਦਿ ਧਾਰਮਿਕ ਅਸਥਾਨਾਂ ਤੇ ਸਰਾਵਾਂ ਦੇ ਰੂਪ ਵਿਚ ਤਾਮੀਰ ਕੀਤੇ ਹੋਇ ਹਨ।

ਛੇਵੀਂ ਕਿਸਮ ਦੇ ਬੁੰਗੇ ਧਾਰਮਿਕ ਬੁੰਗੇ ਅਖਵਾਉਂਦੇ ਸਨ ਜਿਨਾਂ ਵਿਚ ਅਕਾਲ ਬੁੰਗਾ, ਕੋਠੜੀ ਸਾਹਿਬ, ਦੁਖਭੰਜਨੀ ਆਦਿ ਗਿਣਤੀ ਕੀਤੇ ਜਾ ਸਕਦੇ ਹਨ।

ਹਰ ਬੁੰਗੇ ਦਾ ਇਕ ਇੰਚਾਰਜ ਹੁੰਦਾ ਸੀ ਜਿਸ ਨੂੰ ਬੁੰਗਈ ਆਖਿਆ ਜਾਂਦਾ ਸੀ ਇਹਨਾਂ ਦਾ ਮੁੱਖ ਕੰਮ ਬੁੰਗਿਆਂ ਦੀ ਸਾਂਭ ਸੰਭਾਲ, ਮਹਾਰਾਜ ਦਾ ਪ੍ਰਕਾਸ, ਆਈ ਸੰਗਤ ਦੀ ਸੇਵਾ ਸੰਭਾਲ ਅਤੇ ਹੋਰ ਪ੍ਰਬੰਧ ਆਦਿ ਹੁੰਦਾ ਸੀ।

1945 ਵਿਚ ਜਥੇਦਾਰ ਮੋਹਣ ਸਿੰਘ ਨਾਗੋਕੇ, ਸ੍ਰੋਮਣੀ ਕਮੇਟੀ ਦੇ ਉਚ ਅਹੁਦਿਆਂ ਤੇ ਬੈਠੇ ਸਿੰਘ ਸਾਹਿਬਾਨ ਅਤੇ ਅਕਾਲ ਤਖਤਾਂ ਦੇ ਜਥੇਦਾਰਾਂ ਨੇ ਇਕ ਮੀਟਿੰਗ ਵਿਚ ਇਹਨਾਂ ਪੁਰਾਣੇ ਹੋ ਚੁਕੇ ਬੁੰਗਿਆਂ ਨੂੰ ਖਰੀਦ ਕੇ ਅਤੇ ਢਾਹਕੇ ਪਰਿਕਰਮਾ ਨੂੰ ਚੌੜੀ ਕਰਨ ਦਾ ਫੈਸਲਾ ਲਿਆ ਗਿਆ। 1946 ਵਿਚ ਪ੍ਰਕਰਮਾ ਸਕੀਮ ਪਾਸ ਹੋਈ। ਅਖਾੜਾ ਬ੍ਰਹਮ ਬੂਟਾ ਬੁੰਗਾ ਛਡਕੇ ਬਾਕੀ ਬੁੰਗੇ ਖਰੀਦਕੇ ਪੁਰਾਣੀਆਂ ਇਮਾਰਤਾਂ ਢਾਹੁਣ ਦਾ ਸਿਲਸਿਲਾ ਸੁਰੂ ਹੋ ਗਿਆ। ਪਹਿਲਾਂ ਪੰਜ ਬੁੰਗੇ ਢਾਹੇ ਗਏ। 1947 ਤੋਂ ਬਾਅਦ ਬਾਕੀ ਬੁੰਗੇ ਢਾਹਕੇ ਨਵੀਆਂ ਬਿਲਡਿੰਗਾ ਦੀ ਉਸਾਰੀ ਪਰਿਕਰਮਾ ਚੌੜੀ ਕਰਨ ਤੋਂ ਬਾਅਦ ਸੁਰੂ ਹੋ ਗਈ। ਹੁਣ ਪ੍ਰਕਰਮਾ ਦੀ ਚੌੜਾਈ ਨੂੰ 50 ਫੁੱਟ ਕਰ ਦਿਤਾ ਗਿਆ। ਇਹਨਾਂ ਨਵੀਆਂ ਬਿਲਡਿੰਗਾਂ ਦਾ ਮੂੰਹ ਪਰਿਕ੍ਰਮਾ ਵੱਲ, ਮੂਹਰੇ ਬ੍ਰਾਂਡਾਂ, ਪਿਛੇ ਦੁਕਾਨਾਂ ਅਤੇ ਪੌੜੀਆਂ ਚੜਾਕੇ ਉਪਰ ਰਿਹਾਇਸ ਲਈ ਕਮਰੇ ਉਸਾਰੇ ਗਏ ਜਿਨਾਂ ਵਿਚ ਬੈਡਰੂਮ, ਕਿਚਨ, ਡਰਾਇੰਗ ਅਤੇ ਟਾਇਲਿਟਸ ਆਦਿ ਸੁਵਿਧਾਵਾਂ ਦਿਤੀਆਂ ਗਈਆਂ। ਇਹਨਾਂ ਢਾਹੇ ਹੋਇ ਬੁੰਗਿਆਂ ਦੀ ਕੁਝ ਜਗਾ ਵਿਚ ਕੇਂਦਰੀ ਸਿੱਖ ਅਜਾਇਬਘਰ, ਸਿਖ ਰੈਫਰੈਂਸ ਲਾਇਬ੍ਰੇਰੀ ਆਦਿ ਤਾਮੀਰ ਕੀਤੇ ਗਏ। ਬੁੰਗਾ ਰਾਮਗੜ੍ਹੀਆਂ ਹਾਲੇ ਵੀ ਪਰਿਕਰਮਾ ਕੋਲ ਖੜਾ ਦਿਖਾਈ ਦੇ ਰਿਹਾ ਹੈ।

ਇਹਨਾਂ ਚੌਕੀਆਂ, ਝੰਡੇ ਅਤੇ ਬੁੰਗਿਆਂ ਦੀ ਸਿਖ ਇਤਿਹਾਸ ਵਿਚ ਵਿਸੇਸ ਮਹੱਤਤਾ ਰਹੀ ਹੈ। ਇਹਨਾਂ ਨਾਲ ਸਿਖਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਇਹਨਾਂ ਬੁੰਗਿਆਂ ਵਿਚੋਂ ਹੀ ਪ੍ਰਸਿੱਧ ਵਿਦਵਾਨ, ਕਵੀ, ਗ੍ਰੰਥੀ ਰਾਗੀਆਂ ਆਦਿ ਨੇ ਸਿਖਲਾਈ ਲੈਕੇ ਸਿਖ ਵਿਚਾਰਧਾਰਾ ਨੂੰ ਚੜਦੀ ਕਲਾ ਵਿਚ ਲਿਜਾਣ ਲਈ ਵਿਸੇਸ ਯੋਗਦਾਨ ਪਾਇਆ ਹੈ। ਇਸ ਕਰਕੇ ਹੀ ਅਰਦਾਸ ਕਰਨ ਵੇਲੇ ਸਿਖ ਇਹਨਾਂ ਪਰੰਪਰਾਵਾਂ ਨੂੰ ਜੁਗੋ ਜੁਗ ਅਟੱਲ ਰਹਿਣ ਦੀ ਅਰਜੋਈ ਕਰਦੇ ਹਨ।

ਸਿਖਾਂ ਅਤੇ ਖਾਸ ਤੌਰ ਤੇ ਸਿਖਾਂ ਦੇ ਰਹਿਨੁਮਾਵਾਂ ਨੂੰ ਆਪਣੀਆਂ ਇਹਨਾਂ ਪਰੰਪਰਾਵਾਂ, ਸਿਖ ਸਿਧਾਂਤ ਅਤੇ ਮਾਣਮੱਤੇ ਇਤਿਹਾਸ ਨੂੰ ਸਦੀਵੀ ਅਤੇ ਅਟੱਲ ਰੱਖਣ ਲਈ ਜੋਰਦਾਰ ਹੰਭਲੇ ਮਾਰਨੇ ਚਾਹੀਦੇ ਹਨ।

ਧੰਨਵਾਦ ਜੀ।

ਕੁਲਦੀਪ ਸਿੰਘ ਜੌਹਲ



# “ਅਸਟ੍ਰੇਲੀਆ ਦਾ ਮੂੰਹ ਮੱਥਾ ਸਵਾਰਨ 'ਚ ਪੰਜਾਬੀਆਂ ਦਾ ਵੀ ਵੱਡਾ ਯੋਗਦਾਨ ਰਿਹੈ”

*(ਲੜੀ ਜੋੜਨ ਲਈ ਸਤੰਬਰ ਅੰਕ ਦੇਖੋ)*

ਪਰ ਦੂਜੇ ਪਾਸੇ ਸਿਆਸੀ ਚਾਲਬਾਜਾਂ ਦੀਆਂ ਚਲਾਕੀਆਂ ਸਦਕਾ ਸੈਕੜੇ ਸਾਲਾਂ ਦੀ ਬਣਾਈ ਹੋਈ ਛੱਬੀ ਨੂੰ ਸ਼ਰਮਸ਼ਾਰ ਕਰ ਕੇ ਰੱਖ ਦਿੱਤਾ ਸੀ।ਜਦ ਕਿ ਉਨ੍ਹਾਂ ਬੱਚਿਆਂ ਸਮੇਤ ਸਾਡੇ ਸਾਰਿਆਂ ਦੀ ਮਦਤ ਕਰਨ ਲਈ ਅਸਟ੍ਰੇਲੀਆ ਦੀਆਂ ਸਾਰੀਆਂ ਸਟੇਟਾਂ ਦੇ ਖਾਸ ਸ਼ਹਿਰਾਂ ਵਿਚ ਸਾਡੇ ਸਮਾਜ ਵਲੋਂ ਭਾਰਤੀਆਂ ਅਤੇ ਪੰਜਾਬੀਆਂ ਦੀਆਂ ਸਭਿਆਚਾਰਕ, ਸਪੋਰਟਸ, ਸਮਾਜਿਕ, ਧਾਰਮਿਕ ਅਤੇ ਕਲਚਰਰ ਸੰਸਥਾਵਾਂ ਬਣਾਈਆਂ ਹੋਈਆਂ ਹਨ।ਇਸ ਤੋਂ ਇਲਾਵਾ ਹਰ ਧਰਮ ਨੂੰ ਮੰਨਣ ਵਾਲਿਆਂ ਲਈ ਅਸਟ੍ਰੇਲੀਆ ਦੇ ਹਰ ਮੁੱਖ ਸ਼ਹਿਰ 'ਚ ਆਲੀਸ਼ਾਨ ਧਾਰਮਿਕ ਅਸਥਾਨ ਬਣਾਏ ਹੋਏ ਹਨ।ਜਿਨ੍ਹਾਂ 'ਚ ਆਲੀਸ਼ਾਨ ਗੁਰਦਵਾਰਾ ਸਾਹਿਬ, ਮੰਦਰ, ਮਸਜਿਦਾਂ, ਚਰਚ ਸ਼ਾਮਲ ਹਨ।ਜਿਹੜੇ ਕਿ ਲੋੜ ਪੈਣ 'ਤੇ ਹਰ ਕਿਸੇ ਦੀ ਮਦਤ ਕਰਦੇ ਹਨ।ਇਸ ਤੋਂ ਇਲਾਵਾ ਆਪਣੀ ਨਵੀਂ ਪੀੜ੍ਹੀ ਨੂੰ ਆਪੋ-ਆਪਣੀ ਬੋਲੀ ਨਾਲ ਜੋੜੀ ਰੱਖਣ ਲਈ ਕਈ ਉੱਦਮੀਆਂ ਵਲੋਂ ਭਾਸ਼ਾ ਸਿਖਾਉਂਣ ਲਈ ਸਕੂਲ ਵੀ ਖੋਲ੍ਹੇ ਹੋਏ ਹਨ।ਕਈ ਉੱਦਮੀਆਂ ਵਲੋਂ ਭੰਗੜੇ ਗਿੱਧੇ ਅਤੇ ਹੋਰ ਭਾਰਤੀ ਸੰਗੀਤ ਅਤੇ ਡਾਂਨਸ ਸਕੂਲ ਵੀ ਖੋਹਲੇ ਹੋਏ ਹਨ।ਜਿਸ ਨਾਲ ਸਾਡੀਆਂ ਆਉਂਣ ਵਾਲੀਆਂ ਨਸਲਾਂ ਸਾਡੇ ਧਰਮ ਸਭਿਆਚਾਰ ਵਿਰਸੇ ਅਤੇ ਸਾਡੇ ਰੀਤੀ ਰਿਵਾਜਾਂ ਨਾਲ ਜੁੜੀਆਂ ਰਹਿ ਸਕਦੀਆਂ ਹਨ।

ਹੁਣ ਤਾਂ ਸਾਡੇ ਪੰਜਾਬੀਆਂ ਨੇ ਰਾਜਭਾਗ ਦੀਆਂ ਮੰਜਿਲਾਂ ਵੱਲ ਵੀ ਵਧਣਾ ਸ਼ੁਰੂ ਕਰ ਦਿੱਤਾ ਹੈ।ਜਿਸ ਦੀ ਮਿਸਾਲ ਤੁਹਾਡੇ ਸਾਹਮਣੇ ਹੇਠਲੀਆਂ ਤਸਵੀਰਾਂ ਹਨ।ਜਿਨ੍ਹਾਂ 'ਚ ਪੰਜਾਬ ਦੇ ਪਿਛੋਕੜ ਤੋਂ ਗੁਰਮੇਸ਼ ਸਿੰਘ ਐਮ-ਪੀ ਪਿਛਿਓਂ ਨਵਾਂ ਸ਼ਹਿਰ ਨੇੜੇ ਭੰਗਲਾਂ ਤੋਂ ਹਲਕਾ ਕੋਫਸ ਹਰਬਰ ਤੋਂ 9 ਸੰਤਬਰ 2019 ਨੂੰ ਮੈਂਬਰ (ਐਨ ਐਸ ਡਬਲਯੁ) ਸਟੇਟ ਸਰਕਾਰ ਅਤੇ ਸ਼ੇਡੋ ਮਨਿਸਟਰ ਟੂਰਿਜਮ ਅਤੇ ਐਮਰਜੈਨਸੀ ਸਰਵਿਸਜ ਮਨਿਸਟਰ ਅਤੇ ਸ਼ੇਡੋ ਮਨਿਸਟਰ ਨੋਰਥ ਕੌਸਟ ਅਤੇ ਵਿਪ ਮੈਂਬਰ ਨੈਸ਼ਨਲਜ ਹਨ।ਇਹ ਸਾਰਾ ਕੁੱਝ ਪੰਜਾਬੀਆਂ ਦੇ ਮਹਿਨਤੀ ਹੋਣ ਦੇ ਸੁਭਾਅ ਕਾਰਨ ਹੀ ਹੋ ਸਕਿਆ ਹੈ।ਪੰਜਾਬੀਆਂ ਤੋਂ ਇਲਾਵਾ ਕਈ ਭਾਰਤੀ ਵੀ ਰਾਜ ਸਤਾ ਪ੍ਰਾਪਤ ਕਰ ਗਏ ਗਏ ਹਨ ਜਿਨ੍ਹਾਂ 'ਚ ਲੀਸਾ ਸਿੰਘ 2010 ਵਿੱਚ ਪਹਿਲੀ ਭਾਰਤੀ ਪਿਛੋਕੜ ਦੀ ਫਿਜੀ ਤੋਂ ਪਰਵਾਸ ਹੋਈ ਇਸਤਰੀ ਅਸਟ੍ਰੇਲੀਅਨ ਪਾਰਲੀਮੈਂਟ ਦੀ ਸਰਕਾਰ ਵਿੱਚ ਲੇਬਰ ਪਾਰਟੀ ਵਲੋਂ ਚੁਣੀ ਗਈ।ਦੇਵ ਸ਼ਰਮਾ ਵੀ 2019 ਵਿੱਚ ਅਸਟ੍ਰੇਲੀਆ ਦੀ ਪਾਰਲੀਮੈਂਟ ਲੇਬਰ ਪਾਰਟੀ ਵਲੋਂ ਚੁਣਿਆ ਗਿਆ।ਵਰਨ ਘੋਸ਼ ਭਾਰਤੀ ਮੂਲ ਦੇ ਵਕੀਲ ਨੇ ਹਿੰਦੂ ਰੀਤਾਂ ਮੁਤਾਬਕ ਭਗਵਤ ਗੀਤਾ ਨੂੰ ਹੱਥ ਵਿੱਚ ਫੜ੍ਹ ਕੇ ਰਾਜ ਸਭਾ ਮੈਂਬਰ ਬਤੌਰ ਸੈਨੇਟ ਪਾਰਲੀਮੈਂਟ ਵਿੱਚ ਸੌਂਹ ਖਾ ਕੇ ਇਤਹਾਸ ਸਿਰਜਿਆ 'ਤੇ ਫਰਵਰੀ 2024 ਲਈ ਪੱਛਵੀਂ ਅਸਟ੍ਰੇਲੀਆ ਦੀ ਰਾਜ ਸਰਕਾਰ ਵਲੋਂ ਅਸਟ੍ਰੇਲੀਅਨ ਪਾਰਲੀਮੈਂਟ ਲਈ ਸੈਨੇਟ ਮੈਂਬਰ ਚੁਣਿਆ ਗਿਆ।ਜਗਦੀਸ਼ ਕ੍ਰਿਸ਼ਨਾ ਕੋਟਾਗਿਰੀ ਤਾਮਿਲ ਨਾਡੂ ਤੋਂ ਭਾਤਰੀ ਜੰਮ ਪਲ਼ ਵੀ ਪੱਛਵੀਂ ਅਸਟਰੇਲੀਆਂ ਪਰਥ ਤੋਂ ਰਾਜ ਸਰਕਾਰ ਮੈਬਰ 2021 ਲਈ ਲੇਵਰ ਪਾਰਟੀ ਵਲੋਂ ਚੁਣਿਆ ਗਿਆ।ਕੁਸ਼ਲਿਆ ਬਿਰਜੀਭਾਈ ਵਿਘੇਲਾ ਵੀ ਭਾਰਤੀ ਮੂਲ ਦੀ ਇਸਤਰੀ ਵਿਕਟੋਰੀਅਨ ਸਰਕਾਰ ਵਿੱਚ 2019 ਤੋਂ 2022 ਤੱਕ ਚੁਣੀ ਰਹੀ।ਹੋ ਸਕਦਾ ਇਨ੍ਹਾਂ ਤੋਂ ਇਲਾਵਾ ਵੀ ਕੋਈ ਹੋਰ ਅਸਟ੍ਰੇਲੀਅਨ ਸਰਕਾਰ ਅਤੇ ਕਿਸੇ ਰਾਜ ਸਰਕਾਰ ਵਿੱਚ ਭਾਰਤੀ ਮੂਲ ਦਾ ਮੈਂਬਰ ਹੋਵੇ ਜਿਸ ਵਾਰੇ ਸਾਨੂੰ ਜਾਣਕਾਰੀ ਨਾ ਹੋਣ ਕਰਕੇ ਉਸ ਦਾ ਨਾਮ ਲਿਖਣ ਤੋਂ ਰਹਿ ਗਿਆ ਹੋਵੇ ਉਸ ਤੋਂ ਖਿਮਾਂ ਚਾਹੁੰਦੇ ਹਾਂ।ਸ਼ਾਲਾ ਆਪਾਂ ਸਾਰੇ ਆਪਸ ਵਿਚ ਪਿਆਰ ਮੁਹਬਤ ਨਾਲ ਰਹਿਕੇ ਰਾਜ ਭਾਗ ਦੀਆਂ ਸਿਖਰਲੀਆਂ ਪੌੜੀਆਂ ਤੱਕ ਵੀ ਇਨ੍ਹਾਂ ਸਾਰਿਆਂ ਦੇ ਨਕਸ਼ੇ ਕਦਮ ਪਹੁੰਚ ਸਕੀਏ।ਹੇਠਲੀ ਤਸਵੀਰ 'ਚ ਮਿਸ ਖੁਸ਼ਪ੍ਰੀਤ ਕੌਰ ਵੀ 2021 ਵਿੱਚ ਬਲੈਕਟਾਉਨ ਕੌਂਸਲ ਲਈ ਵਾਰਡ ਨੰਬਰ 2 ਤੋਂ ਲੇਬਰ ਪਾਰਟੀ ਵਲੋਂ ਕੌਂਸਲਰ ਚੁਣੇ ਗਏ,ਡਾਕਟਰ ਮਨਿੰਦਰ ਸਿੰਘ ਕੌਂਸਲਰ ਬਲੈਕਟਾਊਨ ਅਤੇ ਡਿਪਟੀ ਮੇਅਰ ਗਰਦੀਪ ਸਿੰਘ ਜੀ ਹੌਰਨਸਵੀ ਕੌਂਸਲ ਤੋਂ ਅਤੇ ਭਾਰਤੀ ਪਿਛੋਕੜ ਤੋਂ ਪੈਰਾਮੈਟਾ ਕੌਂਸਲ ਤੋਂ ਸਮੀਰ ਪਾਂਡੇ ਪਹਿਲਾਂ 2017 'ਚ ਕੌਂਸਲਰ ਦੁਜੀ ਵਾਰ 2022 ਵਿੱਚ ਡਿਪਟੀ ਮੇਅਰ ਚੁਣੇ ਗਏ ਹਨ।ਹੇਠਲੀ ਤਸਵੀਰ ਵਿੱਚ ਸਿੱਖ ਸੰਗਤ 1920 ਵਿੱਚ ਲਿਆਦੇਂ ਗਏ ਗੁਰੁ ਗਰੰਥ ਸਾਹਿਬ ਜੀ ਦੇ ਸਰੂਪ ਦੁਆਰਾ ਅੰਖਡ ਪਾਠ ਸੁਣਦੀ ਹੋਈ ਸੰਗਤ।ਅੱਜ ਲੋੜ ਹੈ ਏਕੇ 'ਚ ਰਹਿ ਕੇ ਦਿਲੋਂ ਨਫਰਤਾਂ ਦੂਰ ਕਰਨ ਦੀ ਅਤੇ ਆਪਸੀ ਪਿਆਰ ਦੀ ਜਿਸ ਨਾਲ ਅਸੀਂ ਸਾਰੀ ਦੁਨੀਆਂ 'ਤੇ ਆਪਣੀ ਧਾਂਕ ਜਮਾ ਸਕਣ ਦੇ ਯੋਗ ਹੋ ਸਕੀਏ।ਆਮੀਨਰੱਬ ਰਾਖਾ!

*(ਸਮਾਪਤ)*



Akhand Path in 1920 (Banella) Source: From the book 'Are Indians and Ethnic Minority? Volume 5 - A Pictorial History' written by Len Kenna and Crystal Jordan.



















ਭਾਰਤੀ ਮੂਲ ਦਾ ਲੇਵਰ ਪਾਰਟੀ ਤੋਂ ਨਿਊ ਸਾਊਥ ਵੇਲਜ ਦੇ ਇਲਾਕੇ ਵੇਨਟਵਰਥ ਤੋਂ

ਰਾਜ ਸਰਕਾਰ ਲਈ 2019 ਤੋਂ 2022 ਤੱਕ ਮੈਂਬਰ ਰਿਹਾ।ਦੀਪਕ ਰਾਜ ਗੁਪਤਾ ਜੋ

ਉਤਰ ਪ੍ਰਦੇਸ਼ ਦੇ ਆਗਰਾ ਸ਼ਹਿਰ ਨਾਲ ਸੰਬਧਿਤ ਹੈ ਜੋ ਚੰਡੀਗੜ੍ਹ ਰਹਿ ਕੇ ਪੜ੍ਹਿਆ

ਮਨਮੋਹਨ ਸਿੰਘ ਖੇਲਾ



# ਆਸਟਰੇਲੀਅਨ ਸਿੱਖ ਸੰਗਤ ਦੀ 555 ਸਾਲਾ ਪਾਕਿਸਤਾਨ ਯਾਤਰਾ





ਸਾਰੇ ਸੰਸਾਰ ਵਿੱਚ ਹਰ ਰੋਜ ਅਰਦਾਸ ਬੇਨਤੀ ਕੀਤੀ ਜਾਂਦੀ ਹੈ ਕਿ ਹੇ ਅਕਾਲਪੁਰਖ ਵਾਹਿਗੁਰੂ ਨਨਕਾਣਾ ਸਾਹਿਬ ਤੇ ਹੋਰ ਗੁਰਧਾਮਾਂ ਦੇ ਦਰਸਨ ਦੀਦਾਰ ਅਤੇ ਸੇਵਾ ਸੰਭਾਲ ਖਾਲਸਾ ਜੀ ਨੂੰ ਬਖਸੋ। ਜਿੰਨਾ ਦੀ ਅਰਦਾਸ ਸੂਣੀ ਜਾਂਦੀ ਹੈ ਵਾਹਿਗੁਰੂ ਉਹਨਾਂ ਨੂੰ ਨਨਕਾਣਾ ਸਾਹਿਬ ਤੇ ਹੋਰ ਗੁਰਧਾਮਾਂ ਦੇ ਦਰਸਨ ਦੀਦਾਰ ਕਰਾਂ ਦਿੰਦਾ ਹੈ। ਇਸੇ ਤਰ੍ਹਾਂ ਵਾਹਿਗੁਰੂ ਜੀ ਨੇ ਸਾਡੀ ਅਰਦਾਸ ਪ੍ਰਵਾਨ ਕਰ ਲਈ ਤੇ ਸਾਨੂੰ ਦਰਸਨ ਦੀਦਾਰੇ ਬਖਸ਼ੇ। ਮੈਂ ਪਹਿਲਾਂ ਵੀ 2019 ਵਿੱਚ 550 ਸਾਲਾਂ ਤੇ ਗਿਆ ਸੀ। ਵਾਹਿਗੁਰੂ ਜੀ ਨੇ ਫੇਰ 555 ਸਾਲਾਂ ਦੇ ਦਰਸ਼ਨ ਕਰਵਾ ਦਿੱਤੇ। ਅਸੀਂ ਵਾਘਾ ਬਾਰਡਰ ਤੋਂ ਦਾਖਲ ਹੋਏ। ਲਹੌਰ ਵਾਘਾ ਤੋਂ 23 ਕਿਲੋਮੀਟਰ ਦੂਰੀ ਤੇ ਹੈ। ਨਨਕਾਣਾ ਸਾਹਿਬ ਤਕਰੀਬਨ ਲਾਹੌਰ ਤੋਂ 2 ਘੰਟੇ ਦਾ ਰਾਹ ਹੈ। ਪੰਜਾ ਸਾਹਿਬ ਇਸਲਾਮਾਬਾਦ ਦੇ ਨੇੜੇ ਹੈ। ਇਹ ਲਾਹੌਰ ਤੋਂ ਤਕਰੀਬਨ ਛੇ ਘੰਟੇ ਦੀ ਦੂਰੀ ਤੇ ਹੈ। ਕਹਾਵਤ ਹੈ ਕਿ ਜਿਸ ਨੇ ਲਾਹੌਰ ਨਹੀਂ ਦੇਖਿਆ ਉਹ ਜੰਮਿਆ ਹੀ ਨਹੀਂ। ਲਾਹੌਰ ਦੇ ਲੋਕ ਬਹੁਤ ਹੀ ਮਿਲਣਸਾਰ ਹਨ। ਪਾਕਿਸਤਾਨ ਦੇ ਵਿਚ ਤਕਰੀਬਨ 200 ਤੋਂ ਜ਼ਿਆਦਾ ਗੁਰਦੁਆਰੇ ਹਨ। ਜਿਆਦਾਤਰ ਇੰਨਾ ਨੇ ਪੁਰਾਣੇ ਗੁਰਧਾਮਾਂ ਨੂੰ ਉਸੇ ਤਰ੍ਹਾਂ ਹੀ ਸਾਂਭ ਕੇ ਰੱਖਿਆ ਹੋਇਆ ਹੈ। ਸਾਨੂੰ ਪੂਰੀ ਸਕਿਊਰਟੀ ਮਿਲੀ ਹੋਈ ਸੀ ਅਸੀਂ 65-70 ਦਾ ਗਰੁੱਪ ਆਸਟ੍ਰੇਲੀਆ ਤੋਂ ਗਏ ਸੀ। ਬਹੁਤ ਜ਼ਿਆਦਾ ਪਿਆਰ ਲੋਕਾਂ ਤੋਂ ਮਿਲਿਆ। ਇੰਡੀਆ ਦੇ 100 ਦੇ ਪਾਕਿਸਤਾਨ ਦੇ ਤਕਰੀਬਨ 300 ਰੁਪਏ ਮਿਲਦੇ ਹਨ। ਕੱਪੜਾ ਬਹੁਤ ਸਸਤਾ ਹੈ। 2 ਘੋੜਾ ਬੋਸਕੀ ਬਹੁਤ ਮਸ਼ਹੂਰ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਪਾਕਿਸਤਾਨ ਦੇ ਲੋਕ ਬਹੁਤ ਯਾਦ ਕਰਦੇ ਹਨ। ਆਪ ਸਾਰਿਆਂ ਨੂੰ ਗੁਰੂ ਨਾਨਕ ਦੇਵ ਜੀ ਦੇ 555 ਜਨਮ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ। ਵਾਹਿਗੁਰੂ ਸੱਭ ਨੂੰ ਚੜ੍ਹਦੀ ਕਲਾ ਵਿੱਚ ਰੱਖੇ।

ਵੱਲੋਂ ਜੁਗਿੰਦਰ ਸਿੰਘ ਸੋਹੀ

# ਦੱਖਣੀ ਕੋਰੀਆ ਦੇ ਰਾਸਟਰਪਤੀ ਨੇ ਦੇਸ਼ 'ਚ ਮਾਰਸਲ ਲਾਅ ਦਾ ਕੀਤਾ ਐਲਾਨ ਕੀਤਾ, ਵਿਰੋਧੀ ਧਿਰ 'ਤੇ ਲਗਾਏ ਇਹ ਦੋਸ਼



ਦੱਖਣੀ ਕੋਰੀਆ ਦੇ ਰਾਸਟਰਪਤੀ ਯੂਨ ਸੁਕ-ਯੋਲ ਨੇ ਮੰਗਲਵਾਰ ਨੂੰ ਐਮਰਜੈਂਸੀ ਫੌਜੀ ਕਾਨੂੰਨ (ਮਾਰਸਲ ਲਾਅ) ਲਾਗੂ ਕਰਨ ਦਾ ਐਲਾਨ ਕੀਤਾ। ਉਨ੍ਹਾਂ ਨੇ ਦੇਸ ਦੇ ਵਿਰੋਧੀ ਧਿਰ 'ਤੇ ਸੰਸਦ ਨੂੰ ਕੰਟਰੋਲ ਕਰਨ, ਉੱਤਰੀ ਕੋਰੀਆ ਪ੍ਰਤੀ ਹਮਦਰਦ ਹੋਣ ਅਤੇ ਰਾਜ ਵਿਰੋਧੀ ਗਤੀਵਿਧੀਆਂ ਰਾਹੀਂ ਸਰਕਾਰ ਨੂੰ ਅਸਥਿਰ ਕਰਨ ਦਾ ਦੋਸ ਲਗਾਇਆ। ਮਾਰਸਲ ਲਾਅ ਦੇ ਅਧੀਨ ਇਸ ਦੇ ਲਾਗੂ ਕਰਨ ਬਾਰੇ ਸਵਾਲਾਂ ਨੂੰ ਛੱਡ ਕੇ ਖਾਸ ਉਪਾਵਾਂ ਦਾ ਖੁਲਾਸਾ ਨਹੀਂ ਕੀਤਾ ਗਿਆ।

ਯੂਨ, ਜਿਸ ਨੇ ਮਈ 2022 ਵਿਚ ਅਹੁਦਾ ਸੰਭਾਲਣ ਤੋਂ ਬਾਅਦ ਵਿਰੋਧੀ-ਨਿਯੰਤਰਿਤ ਨੈਸਨਲ ਅਸੈਂਬਲੀ ਦੇ ਵਿਰੋਧ ਦਾ ਸਾਹਮਣਾ ਕੀਤਾ ਹੈ, ਨੇ ਜੋਰ ਦੇ ਕੇ ਕਿਹਾ ਕਿ ਇਹ ਕਦਮ ਦੱਖਣੀ ਕੋਰੀਆ ਦੀ ਆਜਾਦੀ ਦੀ ਵਿਵਸਥਾ ਨੂੰ ਬਹਾਲ ਕਰਨ ਅਤੇ ਸੁਰੱਖਿਆ ਲਈ ਜਰੂਰੀ ਸੀ। "ਮੈਂ ਜਿੰਨੀ ਜਲਦੀ ਹੋ ਸਕੇ ਰਾਜ ਵਿਰੋਧੀ ਤਾਕਤਾਂ ਤੋਂ ਛੁਟਕਾਰਾ ਪਾ ਕੇ ਦੇਸ ਨੂੰ ਆਮ ਵਾਂਗ ਬਣਾਵਾਂਗਾ।"

### ਸੰਵਿਧਾਨ ਦੀ ਰੱਖਿਆ ਲਈ ਇਹ ਕਦਮ ਜਰੂਰੀ: ਰਾਸਟਰਪਤੀ ਯੂਨ

ਰਾਸਟਰਪਤੀ ਯੂਨ ਨੇ ਇੱਕ ਟੈਲੀਵਿਜਨ ਪ੍ਰੋਗਰਾਮ ਰਾਹੀਂ ਇਹ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਦੇਸ ਦੇ ਸੰਵਿਧਾਨ ਅਤੇ ਕਾਨੂੰਨ ਨੂੰ ਬਚਾਉਣ ਲਈ ਇਹ ਕਦਮ ਜਰੂਰੀ ਹੈ। ਹਾਲਾਂਕਿ, ਇਹ ਤੁਰੰਤ ਸਪੱਸਟ ਨਹੀਂ ਹੈ ਕਿ ਇਸ ਫੈਸਲੇ ਦਾ ਦੇਸ ਦੀ ਸਰਕਾਰ ਅਤੇ ਲੋਕਤੰਤਰ 'ਤੇ ਕੀ ਪ੍ਰਭਾਵ ਪਵੇਗਾ। ਯੂਨ ਨੇ ਸਾਲ 2022 ਵਿੱਚ ਰਾਸਟਰਪਤੀ ਦਾ ਅਹੁਦਾ ਸੰਭਾਲਿਆ ਸੀ। ਉਦੋਂ ਤੋਂ ਉਨ੍ਹਾਂ ਨੂੰ ਸਖਤ ਵਿਰੋਧ ਕਾਰਨ ਆਪਣੀਆਂ ਨੀਤੀਆਂ ਲਾਗੂ ਕਰਨ ਵਿੱਚ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

### ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰਾਂ ਨੇ ਮੀਟਿੰਗ ਬੁਲਾਈ

ਇਹ ਐਲਾਨ ਉਦੋਂ ਹੋਇਆ ਹੈ ਜਦੋਂ ਰਾਸਟਰਪਤੀ ਯੂਨ ਸੁਕ-ਯੋਲ ਦੀ ਪੀਪਲ ਪਾਵਰ ਪਾਰਟੀ ਅਤੇ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਅਗਲੇ ਸਾਲ ਦੇ ਬਜਟ ਬਿੱਲ 'ਤੇ ਕਿਸੇ ਸਮਝੌਤੇ 'ਤੇ ਪਹੁੰਚਣ ਵਿੱਚ ਅਸਮਰਥ ਹਨ। ਇਸ ਤੋਂ ਇਲਾਵਾ, ਯੂਨ ਨੇ ਆਪਣੀ ਪਤਨੀ ਅਤੇ ਕੁਝ ਉੱਚ ਅਧਿਕਾਰੀਆਂ ਦੇ ਕਥਿਤ ਘੁਟਾਲਿਆਂ ਦੀ ਸੁਤੰਤਰ ਜਾਂਚ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ, ਉਸਦੇ ਵਿਰੋਧੀਆਂ ਦੀ ਸਖਤ ਆਲੋਚਨਾ ਕੀਤੀ ਹੈ। ਰਿਪੋਰਟ ਮੁਤਾਬਕ ਯੂਨ ਦੇ ਐਲਾਨ ਤੋਂ ਬਾਅਦ ਡੈਮੋਕ੍ਰੇਟਿਕ ਪਾਰਟੀ ਨੇ ਆਪਣੇ ਸੰਸਦ ਮੈਂਬਰਾਂ ਦੀ ਐਮਰਜੈਂਸੀ ਮੀਟਿੰਗ ਬੁਲਾਈ ਹੈ।

ਯੂਨ ਨੇ ਕਿਹਾ, "ਉਦਾਰਵਾਦੀ ਦੱਖਣੀ ਕੋਰੀਆ ਨੂੰ ਉੱਤਰੀ ਕੋਰੀਆ ਦੀਆਂ ਕਮਿਊਨਿਸਟ ਤਾਕਤਾਂ ਦੁਆਰਾ ਪੈਦਾ ਹੋਣ ਵਾਲੇ ਖਤਰਿਆਂ ਤੋਂ ਬਚਾਉਣ ਅਤੇ ਰਾਜ ਵਿਰੋਧੀ ਤੱਤਾਂ ਨੂੰ ਖਤਮ ਕਰਨ ਲਈ... ਮੈਂ ਇੱਥੇ ਐਮਰਜੈਂਸੀ ਮਾਰਸਲ ਲਾਅ ਦਾ ਐਲਾਨ ਕਰਦਾ ਹਾਂ।" ਉਨ੍ਹਾਂ ਦੇਸ ਦੀ ਸੁਤੰਤਰ ਅਤੇ ਸੰਵਿਧਾਨਕ ਵਿਵਸਥਾ ਦੀ ਰੱਖਿਆ ਲਈ ਉਪਾਅ ਨੂੰ ਜਰੂਰੀ ਦੱਸਿਆ। ਇਹ ਘੋਸਣਾ ਅਗਲੇ ਸਾਲ ਦੇ ਬਜਟ ਨੂੰ ਲੈ ਕੇ ਯੂਨ ਦੀ ਪੀਪਲ ਪਾਵਰ ਪਾਰਟੀ ਅਤੇ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦਰਮਿਆਨ ਤਿੱਖੇ ਵਿਵਾਦਾਂ ਤੋਂ ਬਾਅਦ ਹੋਈ ਹੈ। 300 ਮੈਂਬਰੀ ਸੰਸਦ ਵਿੱਚ ਬਹੁਮਤ ਰੱਖਣ ਵਾਲੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਹਾਲ ਹੀ ਵਿੱਚ ਇੱਕ ਘਟਾਏ ਗਏ ਬਜਟ ਪ੍ਰਸਤਾਵ ਨੂੰ ਮਨਜੂਰੀ ਦਿੱਤੀ, ਜਿਸਦੀ ਯੂਨ ਨੇ ਮੁੱਖ ਫੰਡਾਂ ਵਿੱਚ ਕਟੌਤੀ ਲਈ ਆਲੋਚਨਾ ਕੀਤੀ। "ਸਾਡੀ ਨੈਸਨਲ ਅਸੈਂਬਲੀ ਅਪਰਾਧੀਆਂ ਲਈ ਪਨਾਹਗਾਹ ਬਣ ਗਈ ਹੈ, ਵਿਧਾਨਿਕ ਤਾਨਾਸਾਹੀ ਦਾ ਅੱਡਾ ਜੋ ਨਿਆਂਇਕ ਅਤੇ ਪ੍ਰਸਾਸਨਿਕ ਪ੍ਰਣਾਲੀਆਂ ਨੂੰ ਅਧਰੰਗ ਕਰਨ ਅਤੇ ਸਾਡੇ ਉਦਾਰ ਲੋਕਤੰਤਰੀ ਵਿਵਸਥਾ ਨੂੰ ਉਲਟਾਉਣ ਦੀ ਕੋਸ਼ਿਸ ਕਰਦੀ ਹੈ," ਉਸਨੇ ਕਿਹਾ।

ਯੂਨ ਨੇ ਵਿਰੋਧੀ ਧਿਰ 'ਤੇ ਨਸੀਲੇ ਪਦਾਰਥਾਂ ਦੇ ਅਪਰਾਧਾਂ ਦਾ ਮੁਕਾਬਲਾ ਕਰਨ ਅਤੇ ਜਨਤਕ ਸੁਰੱਖਿਆ ਨੂੰ ਕਾਇਮ ਰੱਖਣ ਲਈ ਜਰੂਰੀ ਬਜਟ ਘਟਾਉਣ ਦਾ ਦੋਸ ਲਗਾਇਆ, ਦੇਸ ਨੂੰ "ਨਸੇ ਦੀ ਪਨਾਹਗਾਹ ਅਤੇ ਜਨਤਕ ਸੁਰੱਖਿਆ ਅਰਾਜਕਤਾ ਦੀ ਸਥਿਤੀ" ਵਿੱਚ ਬਦਲ ਦਿੱਤਾ।

ਉਸਨੇ ਵਿਰੋਧੀ ਧਿਰ ਦੇ ਕਾਨੂੰਨਸਾਜਾਂ ਨੂੰ "ਰਾਜ-ਵਿਰੋਧੀ ਸਕਤੀਆਂ" ਵਜੋਂ ਵੀ ਲੇਬਲ ਕੀਤਾ ਜੋ "ਸਾਸਨ ਦਾ ਤਖਤਾ ਪਲਟਣ ਦੇ ਇਰਾਦੇ" ਹਨ ਅਤੇ "ਅਟੱਲ" ਵਜੋਂ ਆਪਣੇ ਫੈਸਲੇ ਦਾ ਬਚਾਅ ਕੀਤਾ। ਯੂਨ ਨੇ ਅੱਗੇ ਕਿਹਾ, "ਲੋਕਾਂ ਦੀ ਰੋਜੀ-ਰੋਟੀ ਦੀ ਪਰਵਾਹ ਕੀਤੇ ਬਿਨਾਂ, ਵਿਰੋਧੀ ਪਾਰਟੀ ਨੇ ਸਿਰਫ ਮਹਾਂਦੋਸਾਂ, ਵਿਸੇਸ ਜਾਂਚਾਂ ਅਤੇ ਆਪਣੇ ਨੇਤਾ ਨੂੰ ਨਿਆਂ ਤੋਂ ਬਚਾਉਣ ਲਈ ਸਾਸਨ ਨੂੰ ਅਧਰੰਗ ਕਰ ਦਿੱਤਾ ਹੈ।"

### ਵਿਰੋਧੀ ਨੇਤਾ ਲੀ ਜੈ-ਮਯੁੰਗ ਨੇ ਇਸ ਕਦਮ ਦੀ ਸਖਤ ਨਿੰਦਾ ਕੀਤੀ

"ਟੈਂਕ, ਬਖਤਰਬੰਦ ਕਰਮਚਾਰੀ ਕੈਰੀਅਰ, ਅਤੇ ਬੰਦੂਕਾਂ ਅਤੇ ਚਾਕੂਆਂ ਵਾਲੇ ਸਿਪਾਹੀ ਦੇਸ 'ਤੇ ਰਾਜ ਕਰਨਗੇ," ਲੀ ਨੇ ਇੱਕ ਔਨਲਾਈਨ ਲਾਈਵਸਟ੍ਰੀਮ ਵਿੱਚ ਕਿਹਾ। "ਕੋਰੀਆ ਗਣਰਾਜ ਦੀ ਆਰਥਿਕਤਾ ਅਟੱਲ ਤੌਰ 'ਤੇ ਢਹਿ ਜਾਵੇਗੀ। ਮੇਰੇ ਸਾਥੀ ਨਾਗਰਿਕੋ, ਕਿਰਪਾ ਕਰਕੇ ਨੈਸਨਲ ਅਸੈਂਬਲੀ ਵਿੱਚ ਆਓ।"

### ਪਹਿਲਾਂ ਵਿਰੋਧੀ ਧਿਰ ਦੇ ਦੋਸਾਂ ਨੇ ਵਿਵਾਦ ਪੈਦਾ ਕੀਤਾ ਸੀ

ਇਹ ਘੋਸਣਾ ਕੁਝ ਮਹੀਨਿਆਂ ਬਾਅਦ ਆਈ ਹੈ ਜਦੋਂ ਕੋਰੀਆ ਦੀ ਡੈਮੋਕ੍ਰੇਟਿਕ ਪਾਰਟੀ ਦੀ ਅਗਵਾਈ ਵਾਲੀ ਉਦਾਰ ਵਿਰੋਧੀ ਧਿਰ ਨੇ ਯੂਨ 'ਤੇ ਸੱਤਾ ਦੀ ਕਥਿਤ ਦੁਰਵਰਤੋਂ 'ਤੇ ਮਹਾਂਦੋਸ ਤੋਂ ਹਟਣ ਲਈ ਮਾਰਸਲ ਲਾਅ ਲਗਾਉਣ ਦੀ ਸਾਜਿਸ ਰਚਣ ਦਾ ਦੋਸ ਲਗਾਇਆ ਸੀ। ਵਿਰੋਧੀ ਧਿਰ ਦੇ ਨੇਤਾ ਲੀ ਜਾਏ-ਮਯੁੰਗ ਨੇ ਚੇਤਾਵਨੀ ਦਿੱਤੀ ਸੀ ਕਿ ਮਾਰਸਲ ਲਾਅ ਇਸਦੀ ਦੁਰਵਰਤੋਂ ਦੀਆਂ ਇਤਿਹਾਸਕ ਉਦਾਹਰਣਾਂ ਵੱਲ ਇਸਾਰਾ ਕਰਦੇ ਹੋਏ "ਇੱਕ ਸੰਪੂਰਨ ਤਾਨਾਸਾਹੀ" ਵੱਲ ਲੈ ਜਾ ਸਕਦਾ ਹੈ।

ਜਵਾਬ ਵਿੱਚ, ਯੂਨ ਦੇ ਦਫਤਰ ਨੇ ਇਹਨਾਂ ਦੋਸਾਂ ਨੂੰ "ਮਨਘੜਤ ਪ੍ਰਚਾਰ" ਵਜੋਂ ਖਾਰਜ ਕਰ ਦਿੱਤਾ ਸੀ ਅਤੇ ਵਿਰੋਧੀ ਧਿਰ 'ਤੇ ਜਨਤਕ ਰਾਏ ਨਾਲ ਛੇੜਛਾੜ ਕਰਨ ਲਈ ਝੂਠ ਫੈਲਾਉਣ ਦਾ ਦੋਸ ਲਗਾਇਆ ਸੀ। ਪ੍ਰਧਾਨ ਮੰਤਰੀ ਹਾਨ ਡਕ-ਸੂ ਨੇ ਵੀ ਦਾਅਵਿਆਂ ਦਾ ਖੰਡਨ ਕੀਤਾ ਸੀ, ਇਸ ਗੱਲ 'ਤੇ ਜੋਰ ਦਿੱਤਾ ਕਿ ਦੱਖਣੀ ਕੋਰੀਆ ਅਜਿਹੇ ਕਦਮ ਨੂੰ ਸਵੀਕਾਰ ਨਹੀਂ ਕਰਨਗੇ।

### ਵਧਿਆ ਤਣਾਅ

ਯੂਨ ਅਤੇ ਵਿਰੋਧੀ ਧਿਰ ਵਿਚਕਾਰ ਤਣਾਅਪੂਰਨ ਸਬੰਧ ਪਹਿਲਾਂ ਟੁੱਟਣ ਵਾਲੇ ਬਿੰਦੂ 'ਤੇ ਪਹੁੰਚ ਗਏ ਸਨ ਜਦੋਂ ਯੂਨ 1987 ਤੋਂ ਬਾਅਦ ਨਵੇਂ ਸੰਸਦੀ ਕਾਰਜਕਾਲ ਦੇ ਉਦਘਾਟਨੀ ਸਮਾਰੋਹ ਨੂੰ ਛੱਡਣ ਵਾਲੇ ਪਹਿਲੇ ਰਾਸਟਰਪਤੀ ਬਣੇ ਸਨ। ਉਨ੍ਹਾਂ ਦੇ ਦਫਤਰ ਨੇ ਉਨ੍ਹਾਂ ਦੀ ਗੈਰ-ਹਾਜਰੀ ਦਾ ਕਾਰਨ ਮੌਜੂਦਾ ਸੰਸਦੀ ਜਾਂਚਾਂ ਅਤੇ ਮਹਾਂਦੋਸ ਦੀਆਂ ਧਮਕੀਆਂ ਦਾ ਹਵਾਲਾ ਦਿੱਤਾ।

ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਦਾ ਦਾਅਵਾ ਹੈ ਕਿ ਯੂਨ ਨੇ ਸੰਸਦੀ ਬਿੱਲਾਂ ਦੇ ਵਿਰੁੱਧ ਆਪਣੀ ਵੀਟੋ ਸਕਤੀ ਦੀ ਵਰਤੋਂ ਕਰਕੇ ਅਤੇ ਵਫਾਦਾਰਾਂ ਨੂੰ ਮੁੱਖ ਫੌਜੀ ਅਹੁਦਿਆਂ 'ਤੇ ਨਿਯੁਕਤ ਕਰਕੇ ਲੋਕਤੰਤਰੀ ਪ੍ਰਕਿਰਿਆਵਾਂ ਨੂੰ ਕਮਜੋਰ ਕੀਤਾ ਸੀ, ਜਿਸ ਨਾਲ ਉਸ ਦੇ ਇਰਾਦਿਆਂ ਬਾਰੇ ਅਟਕਲਾਂ ਨੂੰ ਵਧਾਇਆ ਗਿਆ ਸੀ।

### ਰਾਜਨੀਤਿਕ ਧਰੁਵੀਕਰਨ

ਮਾਰਸਲ ਲਾਅ ਘੋਸਣਾ ਨੇ ਦੱਖਣੀ ਕੋਰੀਆ ਦੇ ਰਾਜਨੀਤਿਕ ਦ੍ਰਿਸ ਨੂੰ ਹੋਰ ਧਰੁਵੀਕਰਨ ਕੀਤਾ ਹੈ। ਮਾਹਰ ਚੇਤਾਵਨੀ ਦਿੰਦੇ ਹਨ ਕਿ ਡੂੰਘਾ ਹੋ ਰਿਹਾ ਪਾੜਾ ਲੋਕਤੰਤਰੀ ਸੰਸਥਾਵਾਂ ਵਿੱਚ ਲੋਕਾਂ ਦੇ ਵਿਸਵਾਸ ਨੂੰ ਖਤਮ ਕਰ ਸਕਦਾ ਹੈ।

# ਕਿਸਾਨਾਂ ਦਾ ਦੁੱਖ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਜਿੱਥੇ ਹਵਾਈ ਰਸਤੇ ਚੰਡੀਗੜ੍ਹ ਪਹੁੰਚ ਰਹੇ ਹਨ, ਉੱਥੇ ਦਿੱਲੀ-ਨੋਇਡਾ ਦੀ ਹੱਦ 'ਤੇ ਆਮ ਯਾਤਰੀ ਆਪਣੇ ਆਪ ਨੂੰ ਇੱਕ ਹੋਰ ਕਸੂਤੀ ਸਥਿਤੀ 'ਚ ਫਸਿਆ ਮਹਿਸੂਸ ਕਰ ਰਿਹਾ ਹੈ। ਇਹ ਸਪੱਸ਼ਟ ਵਿਅੰਗ ਹੈ: ਦੇਸ਼ ਦੇ ਨੇਤਾ ਹਲਚਲ ਤੋਂ ਬਚ ਉੱਤੇ ਉੱਡ ਰਹੇ ਹਨ; ਉਹ ਲੋਕ ਜਿਹੜੇ ਜ਼ਮੀਨ ਨੂੰ ਵਾਹ ਕੇ ਦੇਸ਼ ਦਾ ਢਿੱਡ ਭਰਦੇ ਹਨ, ਨੂੰ ਸੜਕਾਂ ਤੇ ਗੱਲਬਾਤ ਦੋਵਾਂ 'ਚ ਉਲਝਾ ਕੇ ਛੱਡ ਦਿੱਤਾ ਗਿਆ ਹੈ। ਕਿਸਾਨ ਅੰਦੋਲਨ ਹੁਣ ਚੌਥੇ ਸਾਲ 'ਚ ਹੈ ਤੇ ਕਿਸੇ ਹੱਲ ਦੀ ਸੰਭਾਵਨਾ ਤੋਂ ਬਿਨਾਂ ਭਖ ਰਿਹਾ ਹੈ। ਇਨ੍ਹਾਂ ਦੀਆਂ ਮੰਗਾਂ ਜਿਸ ਵਿੱਚ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਗਰੰਟੀ, ਕਰਜ਼ਾ ਮੁਆਫੀ, ਮ੍ਰਿਤਕ ਮੁਜ਼ਾਹਰਾਕਾਰੀਆਂ ਦੇ ਪਰਿਵਾਰਾਂ ਲਈ ਮੁਆਵਜ਼ਾ ਆਦਿ ਸ਼ਾਮਿਲ ਹਨ, ਅਜੇ ਮੰਨੀਆਂ ਨਹੀਂ ਗਈਆਂ। ਸਰਕਾਰ ਦੀ ਚੁੱਪ ਨੇ ਬੇਭਰੋਸਗੀ ਵਿੱਚ ਵਾਧਾ ਹੀ ਕੀਤਾ ਹੈ ਜਿਸ ਕਾਰਨ ਸ਼ਾਂਤੀਪੂਰਨ ਹੱਲ ਸੁਫਨੇ ਵਰਗਾ ਜਾਪ ਰਿਹਾ ਹੈ। ਉਪ ਰਾਸ਼ਟਰਪਤੀ ਜਗਦੀਪ ਧਨਖੜ ਵੱਲੋਂ ਸੰਵਾਦ ਲਈ ਕੀਤੀ ਗਈ ਅਪੀਲ ਉਦੋਂ ਖੋਖਲੀ ਲੱਗਦੀ ਹੈ ਜਦੋਂ ਇਸ ਨੂੰ ਸਰਕਾਰ ਦੀ ਕਾਰਵਾਈ ਨਾਲ ਮਿਲਾ ਕੇ ਦੇਖਿਆ ਜਾਂਦਾ ਹੈ, ਜਾਂ ਇਸ ਵਿੱਚ ਕੋਈ ਬਹੁਤਾ ਦਮ ਨਹੀਂ ਲੱਗਦਾ। ਧਨਖੜ ਨੇ ਭਾਵੇਂ ਦਰ ਖੁੱਲ੍ਹੇ ਹੋਣ ਦਾ ਵਾਅਦਾ ਕੀਤਾ ਹੈ ਪਰ ਉਨ੍ਹਾਂ ਦਰਾਂ ਤੱਕ ਜਾਂਦੀਆਂ ਸੜਕਾਂ ਬੈਰੀਕੇਡਾਂ ਨਾਲ ਡੱਕੀਆਂ ਹੋਈਆਂ ਹਨ। ਕਿਸਾਨ ਜਿਨ੍ਹਾਂ ਨੂੰ ਕਦੇ ਮੁਲਕ ਦੀ ਰੀੜ੍ਹ ਦੀ ਹੱਡੀ ਕਿਹਾ ਜਾਂਦਾ ਸੀ, ਨੂੰ ਦੇਸ਼ ਦੇ ਵਿਕਾਸ ਵਿੱਚ ਹਿੱਤਧਾਰਕਾਂ ਦੀ ਥਾਂ ਅੜਿੱਕਿਆਂ ਵਜੋਂ ਦੇਖਿਆ ਜਾ ਰਿਹਾ ਹੈ।

ਲੋਕਾਂ ਲਈ ਸਮੱਸਿਆ ਪੈਦਾ ਕੀਤੇ ਬਿਨਾਂ ਸੁਪਰੀਮ ਕੋਰਟ ਵੱਲੋਂ ਸ਼ਾਂਤੀਪੂਰਨ ਮੁਜ਼ਾਹਰੇ ਦਾ ਦਿੱਤਾ ਗਿਆ ਸੱਦਾ ਬਿਲਕੁਲ ਵਾਜਬ ਹੈ। ਫਿਰ ਵੀ ਕੋਈ ਪੁੱਛੇਗਾ: ਕੌਣ ਕਿਸ ਲਈ ਮੁਸ਼ਕਿਲ ਬਣ ਰਿਹਾ ਹੈ? ਕਿਸਾਨਾਂ ਦਾ ਅੰਦੋਲਨ ਸਰਕਾਰੀ ਪੱਧਰ 'ਤੇ ਹੋਈਆਂ ਢਾਂਚਾਗਤ ਅਣਗਹਿਲੀਆਂ ਤੇ ਲਾਪਰਵਾਹੀਆਂ ਦੇ ਰੂਪ ਵਿੱਚ ਪ੍ਰਗਟ ਹੋਇਆ ਹੈ ਅਤੇ ਅਸਲ ਅੜਿੱਕਾ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੁਸ਼ਕਿਲਾਂ ਪ੍ਰਤੀ ਦਿਖਾਈ ਜਾ ਰਹੀ ਬੇਪਰਵਾਹੀ ਹੈ। ਇਸ ਤੋਂ ਪਹਿਲਾਂ ਵੀ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਸਾਲ ਭਰ ਚੱਲੇ ਸੰਘਰਸ਼ ਦੌਰਾਨ ਕਿਸਾਨ ਸਰਕਾਰੀ ਬੇਰੁਖ਼ੀ ਦਾ ਸ਼ਿਕਾਰ ਹੁੰਦੇ ਰਹੇ। ਵੱਡੀ ਘਾਲਣਾ ਘਾਲਣ ਅਤੇ ਕਈ ਕੁਰਬਾਨੀਆਂ ਤੋਂ ਬਾਅਦ ਸਰਕਾਰ ਨੇ ਕਾਨੂੰਨ ਵਾਪਸ ਲਏ ਸਨ ਤੇ ਬਾਕੀ ਮੰਗਾਂ ਉੱਤੇ ਵਿਚਾਰ ਦਾ ਵਾਅਦਾ ਕੀਤਾ ਸੀ। ਇਹ ਮੰਗਾਂ ਅਜੇ ਤੱਕ ਕਿਸੇ ਕੰਢੇ ਨਹੀਂ ਲੱਗ ਸਕੀਆਂ ਜਿਸ ਕਾਰਨ ਕਿਸਾਨਾਂ ਨੂੰ ਮੁੜ ਸੰਘਰਸ਼ ਦਾ ਝੰਡਾ ਚੁੱਕਣਾ ਪੈ ਰਿਹਾ ਹੈ। ਰਾਜਧਾਨੀ ਦੀਆਂ ਹੱਦਾਂ ਆਵਾਜਾਈ ਨਾਲ ਜਾਮ ਹੋਣਾ ਵਰਤਮਾਨ ਸਥਿਤੀਆਂ ਦਾ ਹੀ ਇੱਕ ਰੂਪਾਂਤਰ ਹੈ- ਰੁਕੀ ਹੋਈ ਪ੍ਰਗਤੀ, ਅਣਸੁਣੀਆਂ ਆਵਾਜ਼ਾਂ ਤੇ ਅਣਸੁਲਝੀਆਂ ਸ਼ਿਕਾਇਤਾਂ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜ਼ਮੀਨ 'ਤੇ ਉਤਰੇ ਤੇ ਕਿਸਾਨਾਂ ਦੇ ਨਾਲ ਤੁਰੇ, ਅਸਲੋਂ ਵਿਕਸਿਤ ਭਾਰਤ ਦੇ ਰਾਹ 'ਤੇ ਜੋ ਇਸ ਦੇ ਖੇਤਾਂ ਵਿੱਚੋਂ ਦੀ ਹੋ ਕੇ ਹੀ ਲੰਘਦਾ ਹੈ।

# ਸਿੰਘ ਸਾਹਿਬਾਨ ਦਾ ਅਕਾਲੀ ਦਲ ਬਾਰੇ ਇਤਿਹਾਸਕ ਫੈਸਲਾ

ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਏ ਇਕੱਠ ਵਿੱਚ ਇਕ ਗੱਲ ਤਾਂ ਬਿਲਕੁਲ ਸਾਫ਼ ਹੋ ਗਈ ਕਿ ਆਪਣੇ ਅੰਤਲੇ ਸਮੇਂ ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਪੁੱਤਰ ਸੁਖਬੀਰ ਸਿੰਘ ਦੇ ਮੋਹ ਵਿੱਚ ਬੇਵੱਸ ਹੋ ਕੇ ਪੰਥ ਨੂੰ ਆਪਣੇ ਪੈਰਾਂ ਵਿੱਚ ਰੋਲਣ ਲਈ ਰਸਤਾ ਖੋਲ੍ਹ ਕੇ ਬੱਜਰ ਗੁਨਾਹ ਕੀਤਾ। ਸਿਰਸਾ ਸਾਧ ਦਾ ਮੁਆਫੀਨਾਮਾ, ਐਸੇ ਪੁਲੀਸ ਅਫਸਰਾਂ ਨੂੰ ਤਰੱਕੀਆਂ ਦੇਣੀਆਂ ਜਿਨ੍ਹਾਂ ਨੇ ਬੜੀ ਬੇਰਹਿਮੀ ਨਾਲ ਸਿੱਖ ਨੌਜਵਾਨਾਂ ਦੇ ਕਤਲ ਕੀਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨਾਲ ਨਰਮੀ ਨਾਲ ਪੇਸ਼ ਆਉਣਾ, ਸਿੱਖ ਸੰਗਤਾਂ ਦੇ ਸ਼ਾਂਤਮਈ ਵਿਰੋਧ ਤੇ ਗੋਲੀ ਚਲਵਾਉਣ, ਨੌਜਵਾਨਾਂ ਨੂੰ ਸ਼ਹੀਦ ਕਰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਸੀਪੀ) ਦੇ ਪੈਸੇ ਦਾ ਦੁਰਉਪਯੋਗ ਕਰਨਾ, ਤਿੰਨ ਖੇਤੀਬਾੜੀ ਕਾਨੂੰਨਾਂ ਲਈ ਪੰਜਾਬ ਦੇ ਕਿਸਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਕੇਂਦਰ ਸਰਕਾਰ ਨੂੰ ਇਨ੍ਹਾਂ ਕਾਨੂੰਨਾਂ ਨੂੰ ਪਾਸ ਕਰਨ ਲਈ ਸਮਰਥਨ ਦੇਣਾ ਆਦਿ ਕਈ ਐਸੇ ਗੁਨਾਹ ਹਨ ਜੋ ਸ਼੍ਰੋਮਣੀ ਅਕਾਲੀ ਦਲ ਦੀ ਪੂਰੀ ਲੀਡਰਸ਼ਿਪ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਕੀਤੇ।

ਇਸ ਇਤਿਹਾਸਕ ਇਕੱਠ ਵਿੱਚ ਸੁਖਬੀਰ ਸਿੰਘ ਬਾਦਲ ਸਮੇਤ ਸਾਰੇ ਚੋਟੀ ਦੇ ਲੀਡਰਾਂ ਜਿਨ੍ਹਾਂ ਵਿੱਚ ਸੁਖਦੇਵ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਜਗੀਰ ਕੌਰ, ਬਿਕਰਮ ਸਿੰਘ ਮਜੀਠੀਆ, ਹੀਰਾ ਸਿੰਘ ਗਾਬੜੀਆਂ, ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ ਆਦਿ ਸ਼ਾਮਿਲ ਸਨ, ਨੇ ਆਪਣੇ ਸਾਰੇ ਗੁਨਾਹ ਕਬੂਲ ਕੀਤੇ। ਇਨ੍ਹਾਂ ਲੀਡਰਾਂ ਦੇ ਗੁਰੂ ਅਤੇ ਪੰਥ ਪ੍ਰਤੀ ਇਮਾਨਦਾਰੀ ਨਾਲ ਜਵਾਬਦੇਹੀ ਬਾਰੇ ਇਸ ਗੱਲ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਦੋਂ ਸਿੰਘ ਸਾਹਿਬਾਨ ਨੇ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਗੁਨਾਹਾਂ ਵਿੱਚ ਹਿੱਸੇਦਾਰ ਹੋਣ ਦੇ ਇਲਜ਼ਾਮ ਬਾਰੇ ਪੁੱਛਿਆ ਤਾਂ ਉਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਵਰਸੋਏ ਅਕਾਲ ਤਖਤ ਸਾਹਿਬ ਉਤੇ ਜਥੇਦਾਰਾਂ ਦੇ ਸਾਹਮਣੇ ਹੀ ਇਲਜ਼ਾਮਾਂ ਤੋਂ ਮੁੱਕਰ ਗਏ ਪਰ ਜਥੇਦਾਰ ਸਾਹਿਬਾਨ ਵੀ ਪੂਰੀ ਤਿਆਰੀ ਵਿੱਚ ਆਏ ਹੋਣ ਕਰ ਕੇ ਉਨ੍ਹਾਂ ਦੇ ਬਿਆਨਾਂ ਨੂੰ ਮੌਕੇ 'ਤੇ ਹੀ ਸੰਗਤਾਂ ਨੂੰ ਮੋਬਾਈਲ ਵੀਡੀਓ ਤੋਂ ਸੁਣਵਾ ਕੇ ਉਨ੍ਹਾਂ ਨੂੰ ਆਪਣਾ ਗੁਨਾਹ ਕਬੂਲ ਕਰਨ 'ਤੇ ਮਜਬੂਰ ਕਰ ਦਿੱਤਾ। ਸਿੰਘ ਸਹਿਬਾਨ ਨੇ ਸੁਖਦੇਵ ਸਿੰਘ ਢੀਂਡਸਾ ਅਤੇ ਸੁਰਜੀਤ ਸਿੰਘ ਰੱਖੜਾ 'ਤੇ ਇਹ ਇਲਜ਼ਾਮ ਲਗਾਏ ਕਿ ਉਨ੍ਹਾਂ ਨੇ ਸਿੱਖ ਕੌਮ ਦੇ ਗੁਨਾਹਗਾਰ ਪੁਲੀਸ ਅਫਸਰਾਂ ਨੂੰ ਤਰੱਕੀਆਂ ਦਿੱਤੀਆਂ ਅਤੇ ਸੱਤਾ ਵਿੱਚ ਬੈਠ ਕੇ ਆਪਣੀਆਂ ਪੁਜ਼ੀਸ਼ਨਾਂ ਦਾ ਦੁਰਉਪਯੋਗ ਕੀਤਾ।

ਇਹ ਸਭ ਸ਼ੁਰੂ ਹੋਣ ਤੋਂ ਪਹਿਲਾਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਨ੍ਹਾਂ ਦੋਸ਼ੀ ਲੀਡਰਾਂ ਦੀ ਆਤਮਾ ਨੂੰ ਝੰਜੋੜਦੇ ਹੋਏ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਵਲੋਂ ਸਥਾਪਿਤ ਕੀਤਾ ਸਰਬਉੱਚ ਸਥਾਨ ਹੈ, ਇੱਥੇ ਸਵਾਲਾਂ ਦੇ ਜਵਾਬ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਆਪਣੀ ਅੰਤਰ-ਆਤਮਾ ਨਾਲ ਦੇਣਾ ਕਿਉਂਕਿ ਇੱਥੇ ਤੁਹਾਨੂੰ ਕੋਈ ਸਰੀਰਕ ਸਜ਼ਾ ਨਹੀਂ ਦਿੱਤੀ ਜਾਣੀ ਪਰ ਇਹ ਗੁਰੂ ਜਾਂ ਤੁਸੀਂ ਹੀ ਜਾਣਦੇ ਹੋ ਕਿ ਤੁਸੀਂ ਸੰਗਤ ਅੱਗੇ ਝੂਠ ਬੋਲ ਰਹੇ ਹੋ ਜਾਂ ਸੱਚ।

ਇਨ੍ਹਾਂ ਅਕਾਲੀ ਲੀਡਰਾਂ ਨੇ ਸਿੱਖ ਸਮਾਜ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਆਧਾਰਹੀਣ ਕਰ ਕੇ ਰੱਖ ਦਿੱਤਾ। ਜਥੇਦਾਰ



ਸਾਹਿਬਾਨ ਨੂੰ ਇਨ੍ਹਾਂ ਖਿਲਾਫ਼ ਹੋਰ ਸਖ਼ਤ ਹੋਣ ਦੀ ਲੋੜ ਹੈ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ 'ਫਖਰ-ਏ-ਕੌਮ' ਦੀ ਉਪਾਧੀ ਵਾਪਸ ਲੈਣੀ ਸਹੀ ਫ਼ੈਸਲਾ ਹੈ ਪਰ ਇਸ ਦੇ ਨਾਲ ਹੀ ਜਥੇਦਾਰ ਸਾਹਿਬਾਨ ਨੂੰ ਉਨ੍ਹਾਂ ਨੌਜਵਾਨਾਂ ਦੀਆਂ ਦਰਦਨਾਕ ਮੌਤਾਂ ਲਈ ਵੀ ਇਨ੍ਹਾਂ ਲੀਡਰਾਂ ਦੀ ਜਵਾਬਦੇਹੀ ਤੈਅ ਕਰਨੀ ਚਾਹੀਦੀ ਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਸ਼ਾਂਤਮਈ ਅੰਦੋਲਨ ਵਿੱਚ ਇਨ੍ਹਾਂ ਲੀਡਰਾਂ ਦੇ ਹੁਕਮ 'ਤੇ ਚੱਲੀਆਂ ਗੋਲੀਆਂ ਦਾ ਸ਼ਿਕਾਰ ਹੋਏ। ਉਨ੍ਹਾਂ ਲੋਕਾਂ ਦੀਆਂ ਸੱਟਾਂ ਦਾ ਹਿਸਾਬ ਮੰਗਣਾ ਚਾਹੀਦਾ ਸੀ ਜਿਨ੍ਹਾਂ ਨੇ ਪੁਲੀਸ ਦੀਆਂ ਡਾਂਗਾਂ ਖਾਧੀਆਂ। ਤਿੰਨ ਵਿਵਾਦਤ ਖੇਤੀ ਕਾਨੂੰਨ ਵਿੱਚ ਵੀ ਜਿਸ ਤਰ੍ਹਾਂ ਅਕਾਲੀ ਲੀਡਰਸ਼ਿਪ ਨੇ ਕੇਂਦਰ ਸਰਕਾਰ ਦੀ ਪਿੱਠ ਪੂਰੀ, ਇਹ ਵੀ ਜੱਗ ਜ਼ਾਹਿਰ ਹੈ।

ਸ਼੍ਰੋਮਣੀ ਅਕਾਲੀ ਦਲ ਬਹੁਤ ਕੁਰਬਾਨੀਆਂ ਤੋਂ ਬਾਅਦ ਪੰਜਾਬ ਅਤੇ ਸਿੱਖ ਸਮਾਜ ਦੇ ਹਿੱਤਾਂ ਦੀ ਰਾਖੀ ਲਈ ਹੋਂਦ ਵਿੱਚ ਆਇਆ, ਇਸ ਲਈ ਪੰਜਾਬ ਦੀ ਰਾਜਨੀਤੀ ਵਿੱਚ ਇਸ ਪਾਰਟੀ ਦਾ ਪ੍ਰਮੁੱਖਤਾ ਨਾਲ ਬਣੇ ਰਹਿਣਾ ਬਹੁਤ ਜ਼ਰੂਰੀ ਹੈ ਪਰ ਇਸ ਦੀ ਅਜੋਕੀ ਲੀਡਰਸ਼ਿਪ ਨੇ ਜਿਸ ਤਰ੍ਹਾਂ ਸਿੱਖ ਸਮਾਜ ਵਿੱਚ ਇਸ ਦੇ ਆਧਾਰ ਦਾ ਘਾਣ ਕੀਤਾ ਹੈ, ਉਸ ਦਾ ਪੁਨਰਗਠਨ ਸੌਖਾ ਨਹੀਂ ਹੋਵੇਗਾ। ਇਸ ਲਈ ਸਮੁੱਚੀ ਅਕਾਲੀ ਲੀਡਰਸ਼ਿਪ ਨੂੰ ਪਾਰਟੀ ਤੋਂ ਅਲੱਗ ਕਰ ਕੇ ਨਵੀਂ ਲੀਡਰਸ਼ਿਪ ਚੁਣਨ ਦਾ ਫ਼ੈਸਲਾ ਵੀ ਸ਼ਲਾਘਾਯੋਗ ਹੈ।

ਇਕ ਗੱਲ ਇਹ ਵੀ ਹੈ ਕਿ ਜਿਸ ਤਰ੍ਹਾਂ ਸਾਰੀ ਲੀਡਰਸ਼ਿਪ ਨੇ ਆਪਣੀਆਂ ਗ਼ਲਤੀਆਂ ਕਬੂਲ ਕੀਤੀਆਂ, ਉਸ ਦਾ ਅਸਰ ਹੁਣ ਇਨ੍ਹਾਂ ਲੀਡਰਾਂ ਖ਼ਿਲਾਫ਼ ਪੰਜਾਬ ਦੇ ਕੋਰਟ ਕਚਹਿਰੀਆਂ ਵਿੱਚ ਚੱਲ ਰਹੇ ਕੇਸਾਂ ਉਤੇ ਵੀ ਪਵੇਗਾ ਕਿਉਂਕਿ ਇਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਜੋ ਕਬੂਲ ਕੀਤਾ ਹੈ ਅਤੇ ਜੋ ਗਾਹੇ-ਬਗਾਹੇ ਕੋਰਟ ਕਚਹਿਰੀਆਂ ਵਿੱਚ ਕਹਿੰਦੇ ਆਏ ਹਨ, ਇਹ ਆਪਾ-ਵਿਰੋਧੀ ਹੈ।

ਧਾਰਮਿਕ ਸਜ਼ਾ ਲਗਾਉਂਦੇ ਹੋਏ ਇਨ੍ਹਾਂ ਲੀਡਰਾਂ ਨੂੰ ਸ੍ਰੀ ਦਰਬਾਰ ਸਾਹਿਬ 'ਚ ਬਾਥਰੂਮਾਂ ਦੀ ਸਫਾਈ, ਜੋੜੇ ਝਾੜਨ ਦੀ ਸੇਵਾ, ਲੰਗਰ 'ਚ ਜੂਠੇ ਬਰਤਨ ਸਾਫ ਕਰਨ ਅਤੇ ਇਸ ਤਰ੍ਹਾਂ ਦੀ ਧਾਰਮਿਕ ਸੇਵਾ ਲਗਾਉਣ ਦੇ ਨਾਲ-ਨਾਲ ਹੋਰ ਕਈ ਸਿਧਾਂਤਕ ਸਜ਼ਾਵਾਂ ਵੀ ਸੁਣਾਈਆਂ ਹਨ। ਸੁਖਬੀਰ ਸਿੰਘ ਬਾਦਲ ਨੂੰ ਗੁਸਲਖਾਨੇ ਸਾਫ ਕਰਨ, ਜੋੜੇ ਝਾੜਨ, ਕੀਰਤਨ ਸੁਨਣ ਦੇ ਨਾਲ-ਨਾਲ ਦਰਬਾਰ ਸਾਹਿਬ ਦੀ ਡਿਊੜੀ ਦੇ ਬਾਹਰ ਸੇਵਾਦਾਰ ਦੀ ਤਰ੍ਹਾਂ ਗਲ ਵਿੱਚ ਤਨਖਾਈਏ ਦੀ ਤਖ਼ਤੀ ਪਾ ਕੇ ਹੱਥ ਵਿੱਚ ਬਰਛਾ ਲੈ ਕੇ ਖੜ੍ਹਨ ਦਾ ਹੁਕਮ ਦਿੱਤਾ ਗਿਆ ਹੈ। ਬਾਕੀ ਲੀਡਰਾਂ ਦੇ ਗਲਾਂ ਵਿੱਚ ਵੀ ਤਨਖਾਈਏ ਦੀਆਂ ਤਖ਼ਤੀਆਂ ਪਾਉਣ ਦਾ ਹੁਕਮ ਦਿੱਤਾ ਗਿਆ ਹੈ।

ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਦਿੱਤੀਆਂ ਸਹੂਲਤਾਂ ਵਾਪਸ ਲੈਣਾ ਅਤੇ ਇਨ੍ਹਾਂ ਲੀਡਰਾਂ ਦੇ ਗੁਨਾਹਾਂ ਵਿੱਚ ਸ਼ਾਮਲ ਹੋਰ ਧਾਰਮਿਕ ਲੀਡਰਸ਼ਿਪ ਸਬੰਧੀ ਦਿੱਤਾ ਗਿਆ ਫ਼ੈਸਲਾ ਪ੍ਰਸ਼ੰਸਾਯੋਗ ਹੈ। ਜਥੇਦਾਰ ਸਾਹਿਬਾਨ ਨੇ ਪੰਜਾਬੀ ਸੂਬੇ ਤੋਂ ਲੈ ਕੇ 1984 ਅਤੇ ਬਾਅਦ ਵਿੱਚ ਪੰਜਾਬ ਵਿੱਚ ਅਤਿਵਾਦ ਦੇ ਦੌਰ ਦੇ ਸਮੇਂ, ਸੌਦਾ ਸਾਧ ਦੇ ਮੁਆਫੀਨਾਮੇ ਅਤੇ ਹੋਰ ਪ੍ਰਸ਼ਾਸਨਿਕ ਗ਼ਲਤੀਆਂ ਬਾਰੇ ਅਕਾਲੀਆਂ ਤੋਂ ਸਵਾਲ ਪੁੱਛੇ ਅਤੇ ਸੰਗਤ ਦੇ ਸਾਹਮਣੇ ਉਨ੍ਹਾਂ ਨੂੰ ਦੋਸ਼ੀ ਸਾਬਤ ਕੀਤਾ। ਇਹ ਜਥੇਦਾਰ ਸਾਹਿਬਾਨ ਦਾ ਇਕ ਹੋਰ ਦਲੇਰੀ ਭਰਿਆ ਕਦਮ ਹੈ। ਸ੍ਰੋਮਣੀ ਕਮੇਟੀ ਦੇ ਪੈਸੇ ਦਾ ਸੁਖਬੀਰ ਸਿੰਘ ਬਾਦਲ ਵੱਲੋਂ ਸੌਦਾ ਸਾਧ ਦੇ ਅਖੌਤੀ ਮੁਆਫੀਨਾਮੇ ਦੀ ਇਸ਼ਤਿਹਾਰਬਾਜ਼ੀ ਉਤੇ ਖਰਚਣ ਦੇ ਬੱਜਰ ਗੁਨਾਹ ਨੂੰ ਸ਼੍ਰੋਮਣੀ ਅਕਾਲੀ ਦਲ ਤੋਂ ਸੂਦ ਸਮੇਤ ਵਾਪਸ ਲੈਣਾ ਵੀ ਚੰਗਾ ਕਦਮ ਹੈ।

ਜਸਵੰਤ ਸਿੰਘ ਖਾਲੜਾ ਦੇ ਕਤਲ, ਛੱਤੀਸਿੰਘਪੁਰਾ ਦੇ ਸਿੱਖਾਂ ਨੂੰ ਮਾਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਾਉਣਾ ਅਤੇ ਸਿੱਖ ਭਾਵਨਾਵਾਂ ਨੂੰ ਛਿੱਕੇ ਟੰਗ ਕੇ ਪੰਥ ਨਾਲ ਕੋਝਾ ਮਜਾਕ ਕਰਨ ਦਾ ਹਿਸਾਬ ਇਨ੍ਹਾਂ ਲੀਡਰਾਂ ਕੋਲੋਂ ਮੰਗਦੇ ਹੋਏ ਇਨ੍ਹਾਂ ਨੂੰ ਅਕਾਲੀ ਦਲ ਤੋਂ ਅਲੱਗ ਕਰਨ ਦਾ ਫੈਸਲਾ ਹੋਣਾ ਚਾਹੀਦਾ ਸੀ। ਉਹ ਲੀਡਰ ਜਿਨ੍ਹਾਂ ਨੇ ਸਿੱਖ ਸੰਗਤਾਂ ਦੇ ਦਬਾਅ ਹੇਠ ਆ ਕੇ ਬਾਅਦ ਵਿੱਚ ਅਕਾਲੀ ਦਲ ਤੋਂ ਅਸਤੀਫੇ ਦਿੱਤੇ ਅਤੇ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ 'ਬਾਗੀ' ਬਣ ਗਏ ਤੇ ਦੂਸਰੇ ਲੀਡਰ ਜਿਨ੍ਹਾਂ ਨੇ ਅਕਾਲੀ ਦਲ ਨਹੀਂ ਛੱਡਿਆ, ਨੂੰ 'ਦਾਗੀ' ਦੱਸਣ ਲੱਗੇ, ਉਨ੍ਹਾਂ ਦੀ ਵੀ ਜਥੇਦਾਰ ਸਹਿਬਾਨ ਨੇ ਚੰਗੀ ਖ਼ਬਰ ਲਈ ਹੈ। ਉਨ੍ਹਾਂ ਤੋਂ ਵੀ ਸਪਸ਼ਟੀਕਰਨ ਮੰਗਿਆ ਗਿਆ ਕਿ ਜਦੋਂ ਬਾਕੀ ਲੀਡਰਸ਼ਿਪ ਇਹ ਸਾਰੇ ਗੁਨਾਹ ਕਰ ਰਹੇ ਸੀ, ਉਦੋਂ ਇਨ੍ਹਾਂ ਬਾਗੀ ਲੀਡਰਾਂ ਨੇ ਕੁਝ ਕਿਉਂ ਨਹੀਂ ਬੋਲਿਆ ਅਤੇ ਚੁਪ-ਚਾਪ ਆਪਣੀਆਂ ਪੁਜ਼ੀਸ਼ਨਾਂ ਮਾਣਦੇ ਰਹੇ। ਗਿਆਨੀ ਰਘਬੀਰ ਸਿੰਘ ਨੇ ਇਨ੍ਹਾਂ ਲੀਡਰਾਂ ਨੂੰ ਆਪੋ-ਆਪਣਾ 'ਚੁੱਲ੍ਹਾ ਸਮੇਟ' ਕੇ ਅਕਾਲੀ ਦਲ ਨੂੰ ਮੁੜ ਤੋਂ ਕਾਇਮ ਕਰਨ ਵਿੱਚ ਸਹਿਯੋਗ ਕਰਨ ਲਈ ਕਿਹਾ।

ਸੌਦਾ ਸਾਧ ਦੇ ਮੁਆਫੀਨਾਮੇ ਨੂੰ ਲੈ ਕੇ ਜੋ ਵੀ ਖਤੋ-ਕਿਤਾਬਤ ਇਨ੍ਹਾਂ ਦੋਸ਼ੀ ਨੇਤਾਵਾਂ ਵਿਚਾਲੇ ਹੋਇਆ ਹੈ, ਨੂੰ ਜਥੇਦਾਰ ਸਾਹਿਬਾਨ ਵੱਲੋਂ ਜਨਤਕ ਕਰਨ ਦਾ ਫੈਸਲਾ ਵੀ ਸਵਾਗਤਯੋਗ ਹੈ। ਇਸ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਵੱਕਾਰ ਨੂੰ ਸਿੱਖ ਸਮਾਜ ਵਿੱਚ ਉਪਰ ਚੁੱਕਣ ਵਿੱਚ ਸਹਾਇਤਾ ਮਿਲੇਗੀ। ਸਿੰਘ ਸਾਹਿਬਾਨ ਨੇ ਹੋਰ ਸਜ਼ਾ ਦੇਣ ਦਾ ਜੋ ਫੈਸਲਾ ਬਾਕੀ ਰੱਖਿਆ ਹੈ, ਉਸ ਉਤੇ ਵੀ ਗੰਭੀਰਤਾ ਨਾਲ ਸੋਚ ਵਿਚਾਰ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ 'ਦਾਗੀ ਤੇ ਬਾਗੀ' ਲੀਡਰਾਂ ਦੇ ਜਬਾੜੇ ਵਿੱਚੋਂ ਪੂਰੀ ਤਰ੍ਹਾਂ ਆਜ਼ਾਦ ਕਰਾਉਣ ਦਾ ਇਹ ਢੁਕਵਾਂ ਮੌਕਾ ਹੈ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਲੀਡਰਸ਼ਿਪ ਨੂੰ ਹੀ ਬਲ ਨਹੀਂ ਮਿਲੇਗਾ ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਸਿੱਖ ਸੰਸਥਾਵਾਂ ਨਵੇਂ ਜੋਸ਼ ਨਾਲ ਹਰ ਤਰ੍ਹਾਂ ਦੇ ਪ੍ਰਭਾਵ ਮੁਕਤ ਹੋ ਕੇ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਸਕਣੀਆਂ। ਇਸ ਦੇ ਨਾਲ ਅਕਾਲੀ ਲੀਡਰਸ਼ਿਪ ਰਾਹੀਂ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਵਾਂ ਵਿੱਚ ਘੁਸਪੈਠ ਕਰ ਗਈਆਂ ਪੰਥ ਵਿਰੋਧੀ ਤਾਕਤਾਂ ਨੂੰ ਵੀ ਬਾਹਰ ਦਾ ਰਸਤਾ ਦਿਖਾਉਣ ਵਿੱਚ ਸਹਾਇਤਾ ਮਿਲੇਗੀ।

ਭਾਈ ਅਸ਼ੋਕ ਸਿੰਘ ਬਾਗੜੀਆਂ

# ਪੰਜਾਬ ਦੀਆਂ ਜਿਮਨੀ ਚੋਣਾਂ

ਪੰਜਾਬ ਦੀਆਂ ਜਿਮਨੀ ਚੋਣਾਂ 'ਚ ਆਮ ਆਦਮੀ ਪਾਰਟੀ (ਆਪ) ਨੂੰ ਤਿੰਨ ਹਲਕਿਆਂ- ਗਿੱਦੜਬਾਹਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ ਵਿੱਚ ਜਿੱਤ ਮਿਲੀ ਹੈ- ਜਦੋਂਕਿ ਬਰਨਾਲਾ ਸੀਟ 'ਤੇ ਸੂਬੇ ਦੀ ਸੱਤਾਧਾਰੀ ਪਾਰਟੀ ਕਾਂਗਰਸ ਤੋਂ ਹਾਰ ਗਈ ਹੈ। ਇਨ੍ਹਾਂ ਨਤੀਜਿਆਂ 'ਚ ਜਿੰਨੀ ਚਰਚਾ ਸੱਤਾਧਾਰੀ ਪਾਰਟੀ ਦੀਆਂ ਜਿੱਤਾਂ ਦੀ ਹੋ ਰਹੀ ਹੈ, ਓਨੀ ਹੀ ਚਰਚਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਮੈਦਾਨ ਤੋਂ ਦੂਰ ਰਹਿਣ ਦੀ ਵੀ ਹੋ ਰਹੀ ਹੈ, ਕਿਉਂਕਿ ਅਕਾਲੀ ਦਲ ਦੀਆਂ ਵੋਟਾਂ 'ਆਪ' ਵੱਲ ਨੂੰ ਖਿਸਕੀਆਂ ਹਨ, ਜਿਨ੍ਹਾਂ ਫੈਸਲਾਕੁਨ ਭੂਮਿਕਾ ਅਦਾ ਕੀਤੀ। ਅਕਾਲੀ ਦਲ ਨੇ ਕਾਫੀ ਚਿਰ ਪਹਿਲਾਂ ਹੀ ਜਿਮਨੀ ਚੋਣਾਂ ਨਾ ਲੜਨ ਦਾ ਐਲਾਨ ਕਰ ਦਿੱਤਾ ਸੀ। ਖਿਸਕੀਆਂ ਵੋਟਾਂ ਹਾਲਾਂਕਿ ਜ਼ਰੂਰੀ ਨਹੀਂ ਕਿ ਨਿਰੋਲ ਆਮ ਆਦਮੀ ਪਾਰਟੀ ਲਈ ਹੀ ਸਨ ਸਗੋਂ ਇਹ ਕਾਂਗਰਸ ਵਿਰੁੱਧ ਇੱਕ ਨੀਤੀਗਤ ਸਫਬੰਦੀ ਵੀ ਹੈ। ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਜੇਤੂ ਰਹੇ, ਜਦੋਂਕਿ ਚੱਬੇਵਾਲ ਤੋਂ ਵੀ 'ਆਪ' ਦੇ ਹੀ ਉਮੀਦਵਾਰ ਇਸ਼ਾਂਕ ਚੱਬੇਵਾਲ ਨੇ ਜਿੱਤ ਦਰਜ ਕੀਤੀ। ਚੱਬੇਵਾਲ 'ਚ 'ਆਪ' ਉਮੀਦਵਾਰ ਕਰੀਬ 28 ਹਜਾਰ ਵੋਟਾਂ ਦੇ ਫਰਕ ਨਾਲ ਮੋਹਰੀ ਰਿਹਾ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਤੇ ਚੱਬੇਵਾਲ ਤੋਂ ਚੁਣੇ ਹੋਏ ਵਿਧਾਇਕ ਮੀਤ ਹੇਅਰ (ਆਪ), ਰਾਜਾ ਵੜਿੰਗ (ਕਾਂਗਰਸ), ਸੁਖਜਿੰਦਰ ਰੰਧਾਵਾ (ਕਾਂਗਰਸ) ਤੇ ਰਾਜ ਕੁਮਾਰ ਚੱਬੇਵਾਲ (ਆਪ) ਸੰਸਦ ਮੈਂਬਰ ਬਣ ਗਏ ਸਨ। ਸੀਟਾਂ ਖਾਲੀ ਹੋਣ ਤੋਂ ਬਾਅਦ ਹੁਣ ਇੱਥੇ ਜਿਮਨੀ ਚੋਣ ਕਰਵਾਈ ਗਈ ਸੀ।

ਕਾਂਗਰਸ ਲਈ ਬਰਨਾਲਾ ਬਚਾਉਣਾ, ਬਾਕੀ ਦੀ ਨਿਰਾਸ਼ਾਜਨਕ ਕਾਰਗੁਜਾਰੀ 'ਚ ਇੱਕ ਫਿੱਕੀ ਜਿਹੀ ਉਮੀਦ ਦੀ ਕਿਰਨ ਵਰਗਾ ਹੈ। ਹਾਲਾਂਕਿ ਇੱਥੇ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚਾਲੇ ਫਸਵਾਂ ਮੁਕਾਬਲਾ ਦੇਖਣ ਨੂੰ ਮਿਲਿਆ ਤੇ ਜਿੱਤ ਦਾ ਫਰਕ ਕਾਫੀ ਘੱਟ ਰਿਹਾ। ਇੱਥੇ ਕਾਂਗਰਸੀ ਉਮੀਦਵਾਰ ਕੁਲਦੀਪ ਸਿੰਘ ਢਿੱਲੋਂ ਦੀ ਜਿੱਤ ਦਰਸਾਉਂਦੀ ਹੈ ਕਿ ਪਾਰਟੀ 'ਆਪ' ਅੰਦਰਲੀ ਨਾਖੁਸ਼ੀ ਦਾ ਫਾਇਦਾ ਚੁੱਕਣ ਵਿੱਚ ਕਾਮਯਾਬ ਰਹੀ, ਜਿਸ ਵਿੱਚ ਬਾਗੀ ਉਮੀਦਵਾਰਾਂ ਦਾ ਵੀ ਯੋਗਦਾਨ ਰਿਹਾ। ਉਨ੍ਹਾਂ ਵੱਲੋਂ ਤੋੜੀਆਂ ਵੋਟਾਂ ਨੇ ਕਾਂਗਰਸ ਦਾ ਫਾਇਦਾ ਕੀਤਾ। 'ਆਪ' ਦੇ ਬਾਗੀ ਗੁਰਦੀਪ ਸਿੰਘ ਬਾਠ ਨੇ ਬਰਨਾਲਾ ਤੋਂ ਆਜਾਦ ਚੋਣ ਲੜੀ ਤੇ ਕਰੀਬ 17 ਹਜਾਰ ਵੋਟਾਂ ਲੈ ਕੇ ਕਾਂਗਰਸੀ ਉਮੀਦਵਾਰ ਦਾ ਬਚਾਅ ਕੀਤਾ। ਹਾਲਾਂਕਿ, ਪਤਨੀ ਤੇ ਕਾਂਗਰਸ ਉਮੀਦਵਾਰ ਅੰਮ੍ਰਿਤਾ ਵੜਿੰਗ ਲਈ ਸੂਬਾ ਇਕਾਈ ਦੇ ਮੁਖੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਚਲਾਈ ਜੋਰਦਾਰ ਪ੍ਰਚਾਰ ਮੁਹਿੰਮ ਦੇ ਬਾਵਜੂਦ ਗਿੱਦੜਬਾਹਾ 'ਚ ਹੋਈ ਕਾਂਗਰਸ ਦੀ ਹਾਰ- ਲੀਡਰਸ਼ਿਪ 'ਚ ਤਾਲਮੇਲ ਦੀ ਘਾਟ ਤੇ ਵੋਟਰਾਂ ਨਾਲ ਪ੍ਰਭਾਵਹੀਣ ਰਾਬਤੇ ਜਿਹੇ ਡੂੰਘੇ ਮੁੱਦਿਆਂ ਨੂੰ ਉਭਾਰਦੀ ਹੈ। ਇਹ ਹਾਰ ਖਾਸ ਕਰਕੇ ਇਸ ਲਈ ਵੀ ਨੁਕਸਾਨਦਾਇਕ ਹੈ ਕਿਉਂਕਿ ਇਕੱਲੇ ਗਿੱਦੜਬਾਹਾ 'ਤੇ ਵੜਿੰਗ ਦੇ ਧਿਆਨ ਦਾ ਖਮਿਆਜਾ ਪਾਰਟੀ ਨੂੰ ਹੋਰਾਂ ਹਲਕਿਆਂ ਵਿੱਚ ਹਾਰ ਦੇ ਰੂਪ 'ਚ ਭੁਗਤਣਾ ਪਿਆ ਹੈ। ਇਸ ਨਾਲ ਪੰਜਾਬ 'ਚ ਪਾਰਟੀ ਦੇ ਸਮੁੱਚੇ ਪ੍ਰਭਾਵ ਨੂੰ ਹੋਰ ਝਟਕਾ ਲੱਗਾ ਹੈ। ਵੜਿੰਗ ਖੁਦ ਇਸ ਸੀਟ ਤੋਂ ਲਗਾਤਾਰ ਤਿੰਨ ਵਾਰ (2012, 2017 ਤੇ 2022) ਬਾਜੀ ਮਾਰ ਚੁੱਕੇ ਹਨ। ਹਾਲਾਂਕਿ ਆਖਰੀ ਚੋਣ ਉਹ ਵੀ ਮਸਾਂ 1,349 ਵੋਟਾਂ ਦੇ ਫਰਕ ਨਾਲ ਜਿੱਤੇ ਸਨ। ਗਿੱਦੜਬਾਹਾ ਤੋਂ ਜਿੱਤੇ 'ਆਪ' ਦੇ ਉਮੀਦਵਾਰ ਡਿੰਪੀ ਢਿੱਲੋਂ ਪਹਿਲਾਂ ਦੋ ਵਾਰ ਇੱਥੋਂ ਹੀ (2017 ਤੇ 2022) ਲਗਾਤਾਰ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਹਾਰ ਚੁੱਕੇ ਹਨ। ਲੰਮਾ ਸਮਾਂ ਅਕਾਲੀ ਦਲ 'ਚ ਰਹੇ ਢਿੱਲੋਂ ਗਿੱਦੜਬਾਹਾ ਤੋਂ ਕਰੀਬ 22 ਹਜਾਰ ਵੋਟਾਂ ਦੇ ਫਰਕ ਨਾਲ ਮੋਹਰੀ ਰਹੇ। ਅਕਾਲੀ ਦਲ ਦੇ ਚੋਣ ਮੈਦਾਨ ਵਿੱਚ ਨਾ ਹੋਣ ਦਾ ਵੀ ਡਿੰਪੀ ਢਿੱਲੋਂ ਨੂੰ ਫਾਇਦਾ ਮਿਲਿਆ ਹੈ। ਭਾਜਪਾ, ਇਸ ਦੌਰਾਨ ਪੰਜਾਬ ਦੇ ਪੇਂਡੂ ਸਿਆਸੀ ਭੂ-ਦ੍ਰਿਸ਼ ਵਿੱਚ ਹਾਲੇ ਵੀ ਬੇਗਾਨਗੀ ਦੀ ਸ਼ਿਕਾਰ ਹੈ। ਡੇਰਾ ਬਾਬਾ ਨਾਨਕ, ਗਿੱਦੜਬਾਹਾ ਤੇ ਚੱਬੇਵਾਲ ਵਿੱਚ ਤਾਂ ਭਾਜਪਾ ਦੀ ਜਮਾਨਤ ਵੀ ਜਬਤ ਹੋਈ ਹੈ। ਗਿੱਦੜਬਾਹਾ ਤੋਂ ਭਾਜਪਾ ਨੇ ਮਨਪ੍ਰੀਤ ਸਿੰਘ ਬਾਦਲ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਸੀ। ਪਾਰਟੀ ਅਜੇ ਵੀ ਖੇਤੀ ਕਾਨੂੰਨਾਂ ਵੱਲੋਂ ਕੀਤੇ ਸਿਆਸੀ ਨੁਕਸਾਨ ਨੂੰ ਪੂਰ ਨਹੀਂ ਸਕੀ ਹੈ ਤੇ ਸਾਰੇ ਹਲਕਿਆਂ ਵਿੱਚ ਤੀਜੇ ਸਥਾਨ 'ਤੇ ਖਿਸਕੀ ਹੈ। ਚਾਰ ਸੀਟਾਂ 'ਤੇ ਔਸਤਨ 63.91 ਫੀਸਦੀ ਵੋਟਿੰਗ ਹੋਈ ਸੀ। ਹਾਲਾਂਕਿ ਗਿੱਦੜਬਾਹਾ ਵਿੱਚ ਕਾਫੀ ਜਿਆਦਾ ਵੋਟਿੰਗ ਪ੍ਰਤੀਸ਼ਤ ਦਰਜ ਹੋਈ ਸੀ। ਸਭ ਤੋਂ ਘੱਟ ਵੋਟਾਂ (53.43) ਚੱਬੇਵਾਲ ਸੀਟ ਉੱਤੇ ਪਈਆਂ ਸਨ। ਡੇਰਾ ਬਾਬਾ ਨਾਨਕ ਵਿੱਚ 64.1 ਫੀਸਦੀ ਅਤੇ ਬਰਨਾਲਾ ਵਿੱਚ 56.34 ਫੀਸਦੀ ਵੋਟਿੰਗ ਹੋਈ ਸੀ। ਵੋਟ ਫੀਸਦ ਨੂੰ ਆਧਾਰ ਬਣਾ ਕੇ ਵੱਖ-ਵੱਖ ਅੰਦਾਜੇ ਲਾਏ ਜਾ ਰਹੇ ਸਨ। ਕੁਝ ਇਸ ਨੂੰ ਸੱਤਾ ਪ੍ਰਤੀ ਨਾਰਾਜਗੀ ਤੇ ਕੁਝ ਬਦਲਾਅ ਨਾਲ ਜੋੜ ਕੇ ਦੇਖ ਰਹੇ ਸਨ। ਸੂਬੇ ਦੇ ਸਿਆਸੀ ਦ੍ਰਿਸ਼ ਨੂੰ ਦੇਖਦਿਆਂ ਇਨ੍ਹਾਂ ਚੋਣਾਂ 'ਚ ਸੱਤਾਧਾਰੀ ਆਮ ਆਦਮੀ ਪਾਰਟੀ ਦਾ ਕਾਫੀ ਕੁਝ ਦਾਅ ਉੱਤੇ ਵੀ ਲੱਗਾ ਹੋਇਆ ਸੀ ਕਿਉਂਕਿ 2024 ਦੀਆਂ ਲੋਕ ਸਭਾ ਚੋਣਾਂ 'ਚ ਪਾਰਟੀ ਦੀ ਕਾਰਗੁਜਾਰੀ ਆਸਾਂ ਮੁਤਾਬਿਕ ਨਹੀਂ ਰਹੀ ਸੀ ਤੇ ਸੂਬੇ ਦੀਆਂ ਕੁੱਲ 13 ਸੀਟਾਂ ਵਿੱਚੋਂ ਸੱਤਾਧਾਰੀ ਧਿਰ ਸਿਰਫ 3 ਹੀ ਜਿੱਤ ਸਕੀ ਸੀ। ਕਾਂਗਰਸ ਨੇ ਸੂਬੇ ਦੀ ਸੱਤਾ ਵਿੱਚੋਂ ਬਾਹਰ ਹੋਣ ਦੇ ਬਾਵਜੂਦ ਸੱਤ ਸੀਟਾਂ ਜਿੱਤੀਆਂ ਸਨ। ਦੋ ਸੀਟਾਂ ਆਜਾਦ ਉਮੀਦਵਾਰਾਂ ਨੂੰ ਮਿਲੀਆਂ ਸਨ ਅਤੇ ਇੱਕ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ ਪਈ ਸੀ।

ਇਹ ਨਤੀਜੇ ਉਦੋਂ ਆਏ ਹਨ ਜਦੋਂ 'ਆਪ' ਨੇ ਅਮਨ ਅਰੋੜਾ ਨੂੰ ਆਪਣਾ ਸੂਬਾ ਪ੍ਰਧਾਨ ਥਾਪਿਆ ਹੈ ਅਤੇ ਸ਼ਹਿਰੀ ਤੇ ਹਿੰਦੂ ਵੋਟ ਪੱਕੀ ਕਰਨ ਵੱਲ ਤੁਰਨ ਦਾ ਸੰਕੇਤ ਦਿੱਤਾ ਹੈ। ਹਾਲਾਂਕਿ, ਸੱਤਾਧਾਰੀ 'ਆਪ' ਨੂੰ ਕਾਰਜਕਾਲ ਦੇ ਅੱਧ 'ਚ ਜਮੀਨੀ ਅਸਲੀਅਤ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ, ਜਿਸ ਦੇ ਮੱਦੇਨਜਰ ਸੋਚ-ਵਿਚਾਰ ਕੇ ਅੱਗੇ ਵਧਣ ਦੀ ਜਰੂਰਤ ਹੈ। ਨਸ਼ਿਆਂ, ਵਿੱਤੀ ਅਸਥਿਰਤਾ ਤੇ ਖੇਤੀ ਸੰਕਟ ਵਰਗੇ ਮੁੱਦੇ ਗੰਭੀਰ ਬਣੇ ਹੋਏ ਹਨ ਤੇ ਮਹਿਜ ਚੁਣਾਵੀ ਜਿੱਤਾਂ ਨੀਤੀਗਤ ਹੱਲਾਂ ਦਾ ਬਦਲ ਨਹੀਂ ਬਣ ਸਕਦੀਆਂ। ਹਾਲਾਂਕਿ ਇਸ ਜਿੱਤ ਤੋਂ ਅਜਿਹਾ ਵੀ ਲੱਗਦਾ ਹੈ ਕਿ ਪਾਰਟੀ ਨੇ ਸੱਤਾ ਵਿਰੋਧੀ ਲਹਿਰ ਦੇ ਬਿਰਤਾਂਤ ਨੂੰ ਪਛਾੜਿਆ ਹੈ। ਫਿਲਹਾਲ ਚਾਰ ਵਿੱਚੋਂ ਤਿੰਨ ਹਲਕਿਆਂ 'ਚ ਮਿਲੀ ਜਿੱਤ ਨਾਲ ਪਾਰਟੀ ਆਗੂਆਂ ਤੇ ਵਰਕਰਾਂ ਦਾ ਹੌਸਲਾ ਜਰੂਰ ਬੁਲੰਦ ਹੋਇਆ ਹੋਵੇਗਾ। 'ਆਪ' ਨੇ ਅਕਾਲੀ ਦਲ ਦੀ ਗੈਰ-ਹਾਜਰੀ 'ਚ ਮੁੱਖ ਵਿਰੋਧੀ ਧਿਰ ਕਾਂਗਰਸ ਤੋਂ ਤਿੰਨ ਸੀਟਾਂ ਖੋਹ ਲਈਆਂ ਹਨ, ਜਿਸ ਨਾਲ ਵਿਧਾਨ ਸਭਾ ਵਿੱਚ ਇਸ ਦੇ ਵਿਧਾਇਕਾਂ ਦੀ ਗਿਣਤੀ ਵੀ 94 ਹੋ ਗਈ ਹੈ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਮੁਤਾਬਿਕ ਲੋਕਾਂ ਨੇ ਦੂਜੀ ਵਾਰ ਪਾਰਟੀ ਨੂੰ ਚੁਣਿਆ ਹੈ, ਜਿਸ ਦਾ ਮਤਲਬ ਹੈ ਕਿ ਇਹ ਚੰਗਾ ਕੰਮ ਕਰ ਰਹੀ ਹੈ। ਕੇਜਰੀਵਾਲ ਨੇ ਇਨ੍ਹਾਂ ਜਿਮਨੀ ਚੋਣਾਂ ਨੂੰ ਸਿਰਫ ਪੰਜਾਬ ਲਈ ਹੀ ਨਹੀਂ ਬਲਕਿ ਦਿੱਲੀ ਲਈ ਵੀ ਮਹੱਤਵਪੂਰਨ ਦੱਸਿਆ ਹੈ। ਸਾਬਕਾ ਮੁੱਖ ਮੰਤਰੀ ਨੇ ਪੰਜਾਬ ਦੀਆਂ ਚੋਣਾਂ ਨੂੰ ਦਿੱਲੀ ਦੀਆਂ ਚੋਣਾਂ ਦਾ ਸੈਮੀਫਾਈਨਲ ਕਰਾਰ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਉਹ ਚੋਣਾਂ 'ਚ ਕੀਤੇ ਸਾਰੇ ਵਾਅਦੇ ਪੂਰੇ ਕਰਨਗੇ। ਦੋਵਾਂ ਦਾ ਕਹਿਣਾ ਹੈ ਕਿ ਲੋਕਾਂ ਨੇ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਨੂੰ ਵੋਟ ਪਾਈ ਹੈ। ਜਿਮਨੀ ਚੋਣਾਂ ਦੇ ਨਤੀਜੇ ਨਾ ਕੇਵਲ ਚੁਣਾਵੀ ਰਣਨੀਤੀ ਦਾ ਸਬਕ ਦਿੰਦੇ ਹਨ, ਪਰ ਨਾਲ ਹੀ ਇੱਕ ਅਜਿਹੇ ਸ਼ਾਸਨ ਪ੍ਰਬੰਧ ਦੀ ਲੋੜ ਉੱਤੇ ਵੀ ਜੋਰ ਦਿੰਦੇ ਹਨ ਜੋ ਢਾਂਚਾਗਤ ਚੁਣੌਤੀਆਂ ਦਾ ਹੱਲ ਕੱਢੇ ਅਤੇ ਰਾਜ ਦੇ ਲੋਕਾਂ ਦੀਆਂ ਖਾਹਿਸ਼ਾਂ 'ਤੇ ਵੀ ਖਰਾ ਉੱਤਰੇ।

# ਕੁਝ ਏਧਰੋਂ ਕੁਝ ਓਧਰੋਂ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ*

ਖ਼ੈਰ, ਮੈਂ ਗੁਰਧਾਮਾਂ ਦੀ ਯਾਤਰਾ ਦਾ ਆਰੰਭ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਕੀਤਾ। ਆਸ਼ਾ ਇਹੀ ਹੁੰਦੀ ਹੈ ਕਿ ਅਜਿਹੀ ਯਾਤਰਾ ਦੌਰਾਨ ਧਾਰਮਿਕ ਸਥਾਨਾਂ ਦੀ ਯਾਤਰਾ ਦੇ ਨਾਲ਼ ਨਾਲ਼ ਨਵੇਂ ਪੁਰਾਣੇ ਸੱਜਣਾਂ ਮਿੱਤਰਾਂ ਨਾਲ਼ 'ਸਾਹਬ ਸਲਾਮਤ' ਹੋ ਜਾਂਦੀ ਹੈ ਤੇ ਨਾਲ਼ੇ ਉਹਨਾਂ ਨੂੰ ਆਪਣੀਆਂ ਨਵੀਆਂ ਛਪੀਆਂ ਕਿਤਾਬਾਂ ਭੇਟਾ ਹੋ ਜਾਂਦੀਆਂ ਹਨ। ਗੁਰਦੁਆਰਾ ਸਾਹਿਬ ਦੀ ਸਰਾਂ ਵਿਚ ਠਹਿਰਾ ਸਮੇ ਮੇਰੀ ਨਿਗਾਹ ਇਕ ਅਜਿਹੇ ਵਿਅਕਤੀ ਦੇ ਫ਼ੋਨ ਨੰਬਰ 'ਤੇ ਪੈ ਗਈ ਜੋ ਇਸ ਸਮੇ ਚੰਡੀਗੜ੍ਹ ਵਿਚ, ਬਹੁਤ ਵੱਡੀ ਸਰਕਾਰੀ ਪਦਵੀ ਉਪਰ ਸੇਵਾ ਕਰ ਰਿਹਾ ਹੈ ਤੇ ਮੇਰੀਆਂ ਲਿਖਤਾਂ ਦਾ, ਅੰਮ੍ਰਿਤਸਰ ਦੇ ਸਮੇ ਤੋਂ ਹੀ ਪ੍ਰਸੰਸਕ ਹੈ। ਉਮਰ ਵਿਚ ਮੇਰੇ ਤੋਂ ਅਗਲੀ ਪੀਹੜੀ ਦਾ ਹੈ। ਮੈਂ ਫ਼ੋਨ ਕੀਤਾ ਤਾਂ ਅੱਗੋਂ ਉਹ ਸੱਜਣ ਖ਼ੁਦ ਹੀ ਬੋਲ ਪਏ। ਫ਼ਤਿਹ ਤੋਂ ਬਾਅਦ ਕਹਿਣ ਲੱਗੇ ਕਿ ਮੈਂ ਤਾਂ ਤੁਹਾਡੀਆਂ ਕਿਤਾਬਾਂ ਲੈਣ ਵਾਸਤੇ ਉਚੇਚਾ ਅੰਮ੍ਰਿਤਸਰ ਜਾਣਾ ਸੀ। ਚੰਗਾ ਹੋਇਆ ਤੁਸੀਂ ਨੇੜੇ ਹੀ ਆ ਗਏ ਹੋ ਤੇ ਹੁਣ ਜ਼ਰੂਰ ਮਿਲ਼ ਕੇ ਜਾਓ। ਅਗਲੇ ਦਿਨ ਮੈਂ ਬੱਸ 'ਤੇ ਬੈਠ ਕੇ ਅਨੰਦਪੁਰ ਸਾਹਿਬ ਤੋਂ ਚੰਡੀਗੜ੍ਹ ਪਹੁੰਚ ਗਿਆ। ਅੱਗੇ ਬੱਸ ਅੱਡੇ ਉਪਰ ਉਹਨਾਂ ਦਾ ਭੇਜਿਆ ਹੋਇਆ ਇਕ ਅਫ਼ਸਰ ਉਡੀਕ ਰਿਹਾ ਸੀ। ਅਸੀਂ ਉਸ ਸੱਜਣ ਦੇ ਦਫ਼ਤਰ ਪਹੁੰਚ ਗਏ। ਅੱਗੇ ਉਹ ਲੰਚ ਕਰਨ ਲਈ ਘਰ ਗਏ ਹੋਏ ਸਨ। ਸਟਾਫ਼ ਨੇ ਮੈਨੂੰ ਚਾਹ ਪਾਣੀ ਪੁੱਛਿਆ ਪਰ ਮੈਂ ਕਿਹਾ ਕਿ ਉਹਨਾਂ ਦੇ ਆਉਣ 'ਤੇ ਹੀ ਪੀਆਂਗੇ। ਨਾਂ ਮੈਂ ਉਸ ਚੰਗੇ ਸੱਜਣ ਦਾ ਜਾਣ ਬੁਝ ਕੇ ਨਹੀਂ ਲਿਖ ਰਿਹਾ।

ਥੋਹੜੇ ਸਮੇ ਪਿੱਛੋਂ ਲੰਚ ਕਰ ਕੇ ਉਹ ਵੀ ਆ ਗਏ। ਚਾਹ ਪਾਣੀ ਸਮੇ ਵਿਚਾਰ ਵਟਾਂਦਰਾ ਹੋਇਆ। ਮੈਂ ਆਪਣੀਆਂ ਨਵੀਆਂ ਛਪੀਆਂ ਦੋਵੇਂ ਕਿਤਾਬਾਂ ਉਹਨਾਂ ਦੀ ਸੇਵਾ ਵਿਚ ਭੇਟਾ ਕਰ ਦਿਤੀਆਂ। ਸਦਾ ਵਾਂਗ ਉਹਨਾਂ ਨੇ ਆਪਣੇ ਇਕ ਸੁਬਾਰਡੀਨੇਟ ਤੋਂ ਲਫ਼ਾਫ਼ੇ ਵਿਚ ਪੰਜ ਸੌ ਰੁਪਇਆ ਪੁਆਇਆ ਤੇ ਮੈਨੂੰ ਦੇ ਦਿਤਾ ਜੋ ਮੈਂ ਸਦਾ ਹੀ ਉਹਨਾਂ ਕੋਲ਼ੋਂ, ਬਿਨਾ ਨਾਂਹ ਨੁੱਕਰ ਕਰਨ ਦੇ ਲੈ ਲੈਂਦਾ ਹਾਂ; ਇਸ ਵਾਰੀ ਵੀ ਲੈ ਲਿਆ। ਫਿਰ ਮੈਂ ਆਖਿਆ ਕਿ ਅਧੀ ਸਦੀ ਬਾਅਦ ਚੰਡੀਗੜ੍ਹ ਆਇਆ ਹਾਂ ਤੇ ਭਲ਼ਕੇ ਸਾਰਾ ਦਿਨ ਮੈਂ ਏਥੇ ਘੁੰਮਣਾ ਹੈ। ਮੇਰਾ ਰਾਤ ਰਹਿਣ ਦਾ ਪ੍ਰਬੰਧ ਕਰ ਦਿਓ। ਉਸ ਸੋਹਣੇ ਸੱਜਣ ਨੇ ਪੋਲੀਸ ਆਫ਼ੀਸਰਜ਼ ਮੈਸ ਵਿਚ ਮੇਰਾ ਟਿਕਾਣਾ ਕਰਵਾ ਦਿਤਾ ਤੇ ਇਕ ਕਾਰ ਵਾਲ਼ੇ ਦੀ ਡਿਊਟੀ ਲਗਾ ਦਿਤੀ ਕਿ ਉਹ ਸਵੇਰੇ ਮੈਨੂੰ ਸਾਰੀ ਦਿਹਾੜੀ ਚੰਡੀਗੜ੍ਹ ਦੀ ਯਾਤਰਾ ਕਰਵਾਏਗਾ। ਇਹ ਰਿਹਾਇਸ਼ ਵੀ ਪਟਨੇ ਸਾਹਿਬ ਵਾਲ਼ੇ, ਪਤਾ ਨਹੀਂ ਕਿੰਨੇ ਤਾਰਾ ਹੋਟਲ 'ਮੌਰੀਆ' ਵਰਗੀ ਹੀ ਸੀ।

ਅੱਠ ਨਵੰਬਰ ਦੀ ਰਾਤ ਨੂੰ ਮੈਸ ਵਿਚੋਂ ਰੋਟੀ ਖਾ ਕੇ ਮੈਂ ਜਦੋਂ ਮੰਜੇ ਉਪਰ ਪਿਆ ਟੀਵੀ ਤੋਂ ਖ਼ਬਰਾਂ ਵੇਖ ਰਿਹਾ ਸਾਂ ਤਾਂ ਸਵਾ ਕੁ ਅੱਠ ਵਜੇ ਮੋਦੀ ਸਾਹਿਬ ਨੇ, ਇਕੋ ਝਟਕੇ ਨਾਲ਼ ਮੈਨੂੰ ਕੰਗਾਲ ਕਰ ਦਿਤਾ। ਉਸ ਨੇ ਪੰਜ ਸੌ ਤੇ ਹਜ਼ਾਰ ਰੁਪਏ ਵਾਲ਼ੇ ਨੋਟਾਂ ਉਪਰ ਲਾਲ ਲਕੀਰ ਫੇਰ ਦਿਤੀ। ਸਵੇਰੇ ਜੇਬ ਵਿਚ ਬਾਕੀ ਪੈਸੇ ਗਿਣੇ ਤਾਂ ਉਹ ਕੁੱਲ ਇਕ ਸੌ ਕੁਝ ਹੀ ਰੁਪਏ ਮਿਲ਼ੇ। ਮੇਹਰਬਾਨ ਸੱਜਣ ਜੀ ਦਾ ਭੇਜਿਆ ਹੋਇਆ ਕਾਰ ਵਾਲ਼ਾ ਸੱਜਣ ਵੀ ਆ ਗਿਆ ਜਿਸ ਨੇ ਮੈਨੂੰ ਸਾਰਾ ਦਿਨ ਚੰਡੀਗੜ੍ਹ ਵਿਚ ਘੁਮਾਉਣਾ ਸੀ। ਚਲੋ, ਕਾਰ ਤਾਂ ਮੁਫ਼ਤ ਸੀ ਤੇ ਸ਼ਾਇਦ ਪੈਟਰੋਲ ਵੀ ਇਸ ਵਿਚ ਨਾ ਪਾਉਣਾ ਪੈਂਦਾ ਪਰ ਸਾਰਾ ਦਿਨ ਖਾਣਾ, ਪੀਣਾ, ਰੋਟੀ, ਕੁਝ ਸਥਾਨਾਂ ਦੀਆਂ ਟਿਕਟਾਂ ਦੇ ਪੈਸੇ ਤਾਂ ਲੋੜੀਂਦੇ ਹੀ ਸਨ! ਇਸ ਲਈ ਕਾਰ ਵਾਲ਼ੇ ਸੱਜਣ ਨੂੰ ਤਾਂ ਮੈਂ ਵਿਦਾ ਕਰ ਦਿਤਾ ਪਰ ਉਸ ਨੇ ਆਖਿਆ ਕਿ ਉਹ ਮੈਨੂੰ ਬੱਸ ਅੱਡੇ ਉਪਰ ਛੱਡ ਦਿੰਦਾ ਹੈ। ਜਲੰਧਰ ਵਾਲ਼ੀ ਬੱਸ ਦੀ ਉਡੀਕ ਵਿਚ, ਸਿਡਨੀ ਵਿਚ ਆਪਣੇ ਪੁੱਤਰ ਕੋਲ਼ ਆਏ ਹੋਏ ਵਿਦਵਾਨ ਲੇਖਕ, ਖੱਬੇ ਪੱਖੀ ਵਿਚਾਰਧਾਰਾ ਵਾਲ਼ੇ ਸੱਜਣ, ਸ. ਨਿਰਮਲ ਸਿੰਘ ਨੋਕਵਾਲ਼ ਨੇ, ਪੰਚਕੂਲਾ ਦੇ ਵਸਨੀਕ ਆਪਣੇ ਦਾਮਾਦ ਦਾ ਫ਼ੋਨ ਮੈਨੂੰ ਦਿਤਾ ਹੋਇਆ ਸੀ ਤੇ ਆਖਿਆ ਸੀ ਉਸ ਨੂੰ ਜ਼ਰੂਰ ਮਿਲਣਾ। ਉਹ ਮੈਨੂੰ ਸਾਰੇ ਪਾਸੇ ਘੁਮਾ ਦੇਵੇਗਾ। ਉਸ ਨੂੰ ਬੱਸ ਅੱਡੇ ਤੋਂ ਫ਼ੋਨ ਲਾਇਆ ਤੇ ਉਸ ਦਾ ਜਵਾਬ ਆਇਆ, "ਉਡੀਕੋ, ਮੈਂ ਹੁਣੇ ਆਇਆ।" ਪਰ ਮੈਂ ਜੇਬੋਂ ਖ਼ਾਲੀ ਹੋਣ ਕਰਕੇ ਉਸ ਬੱਚੇ ਨੂੰ ਖੇਚਲ਼ ਦੇਣੀ ਠੀਕ ਨਾ ਸਮਝੀ ਤੇ ਉਸ ਨੂੰ ਆਉਣ ਤੋਂ ਰੋਕ



ਲੇਖਕ ਗਿਆਨੀ ਸੰਤੋਖ ਸਿੰਘ




ਦਿਤਾ ਤੇ ਆਖਿਆ ਕਿ ਫੇਰ ਕਿਸੇ ਸਮੇ ਸਹੀ। ਇਹ ਪੈਸੇ, ਜਿਸ ਨੂੰ ਮਾਇਆ ਵੀ ਆਖਿਆ ਜਾਂਦਾ ਹੈ ਤੋਂ ਬਿਨਾ ਕਿਤੇ ਵੀ ਨਹੀਂ ਸਰਦਾ। ਇਸ ਦੌਲਤ ਦੇ ਹੌਸਲੇ ਨਾਲ਼ ਹੀ ਮਨੁੱਖ ਤੁਰਿਆ ਫਿਰਦਾ ਹੈ ਤੇ ਮੈਂ ਵੀ ਇਸ ਮਸਲੇ ਵਿਚ ਕੋਈ ਅਪਵਾਦ ਨਹੀਂ ਹਾਂ। ਧਨ ਚਾਹੇ ਤਿਜੌਰੀ ਵਿਚ ਹੋਵੇ ਤੇ ਚਾਹੇ ਜ਼ਮੀਨ ਵਿਚ ਦੱਬਿਆ ਹੋਇਆ ਜਾਂ ਬੈਂਕ ਵਿਚ ਜਮ੍ਹਾਂ ਹੋਵੇ, ਮਨੁੱਖ ਦੇ ਚੇਹਰੇ, ਤੌਰੇ ਫੇਰੇ, ਬੋਲ ਚਾਲ ਤੇ ਡੀਲ ਡੌਲ ਤੋਂ ਹੀ ਪਰਗਟ ਹੋ ਜਾਂਦਾ ਹੈ। ਗੁਰਬਾਣੀ ਵੀ ਆਖਦੀ ਹੈ, "ਨਿਰਧਨ ਆਦਰੁ ਕੋਈ ਨ ਦੇਇ ॥" ਸੱਜਣ ਠੱਗ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚੇਹਰੇ ਦੀ ਆਭਾ ਵੇਖ ਕੇ ਹੀ ਗੁਰੂ ਜੀ ਦੇ ਧੰਨਵਾਨ ਹੋਣ ਦਾ ਅੰਦਾਜ਼ਾ ਲਾ ਕੇ, ਉਹਨਾਂ ਨੂੰ ਲੁੱਟਣ ਲਈ ਉਚੇਚਾ ਤਰੱਦਦ ਕੀਤਾ ਸੀ ਪਰ ਉਸ ਭੋਲ਼ੇ ਨੂੰ ਨਹੀਂ ਸੀ ਪਤਾ ਕਿ ਗੁਰੂ ਜੀ ਦੇ ਮੁਖ ਦੀ ਇਹ ਆਭਾ ਨਾਮ ਧਨ ਦੀ ਹੈ ਨਾ ਕਿ ਸੰਸਾਰੀ ਧਨ ਦੀ।

ਮੇਰੀ ਤਾਂ ਮੋਦੀ ਨੇ ਸਾਰੀ ਫੂਕ ਹੀ ਕੱਢ ਦਿਤੀ। ਮੈਂ ਤਾਂ ਜਦੋਂ ਹਿੰਦੁਸਤਾਨ, ਪਾਕਿਸਤਾਨ ਤੇ ਅਫ਼ਰੀਕਨ ਮੁਲਕਾਂ ਦੀ ਯਾਤਰਾ 'ਤੇ ਹੋਵਾਂ ਤਾਂ ਪੈਸੇ ਵਰਤਣ ਸਮੇ ਗਿਣਤੀਆਂ ਮਿਣਤੀਆਂ ਵਿਚ ਨਹੀਂ ਪੈਂਦਾ। ਉਤਲੀਆਂ ਜੇਬਾਂ ਵਿਚ ਲੋਕਲ ਕਰੰਸੀ ਗਿਣਤੀ ਤੋਂ ਬਿਨਾ ਹੀ ਰੱਖਦਾ ਹਾਂ। ਜਿਥੇ ਲੋੜ ਹੋਵੇ, ਬੇਫ਼ਿਕਰੀ ਨਾਲ਼ ਵਰਤ ਲਈ ਜਾਂਦੀ ਹੈ। ਕਾਰਨ ਇਹ ਹੈ ਕਿ ਸਾਡੇ ਇਕ ਡਾਲਰ ਦੇ ਉਹਨਾਂ ਮੁਲਕਾਂ ਵਿਚ ਬਹੁਤ ਸਾਰੇ ਰੁਪਏ ਬਣ ਜਾਂਦੇ ਹਨ ਤੇ ਖ਼ਰਚਣ ਸਮੇ ਅਸੀਂ ਡਾਲਰ ਹੀ ਗਿਣਦੇ ਹਾਂ। ਏਥੇ ਭਾਵੇਂ ਖ਼ਰਚਣ ਸਮੇ ਅਸੀਂ ਉਹਨਾਂ ਦਾ ਤਸੱਵਰ ਰੁਪਇਆਂ ਵਿਚ ਕਰਦੇ ਹਾਂ। ਇਹ ਵੀ ਕਾਰਨ ਹੈ ਕਿ ਸਾਡੇ ਵਿਚੋਂ ਬਹੁਤੇ ਲੋਕ ਬਾਹਰੋਂ ਆਪਣੇ ਦੇਸ ਜਾ ਕੇ, ਖ਼ੁਦ ਨੂੰ ਖੁਲ੍ਹਾ ਖ਼ਰਚ ਕਰ ਸਕਣ ਦੇ ਸਮਰੱਥ ਸਮਝਦੇ ਹਨ। ਜਦੋਂ ਮੈਂ ਆਪਣੇ ਸੱਜਣਾਂ ਤੇ ਰਿਸ਼ਤੇਦਾਰਾਂ ਕੋਲ਼ ਜਾਂਦਾ ਹਾਂ ਤਾਂ ਇਹ ਉਲ਼ਟ ਹੋ ਜਾਂਦਾ ਹੈ। ਉਹ ਮੈਨੂੰ, ਗੁਰੂ ਦੀ ਕਿਰਪਾ ਸਦਕਾ, ਮਾਇਕ ਪੱਖੋਂ ਮੇਰੇ ਨਾਲ਼ੋਂ ਕਿਤੇ ਵਧੇਰੇ ਸਮਰੱਥਾਵਾਨ ਦਿਸਦੇ ਹਨ ਤੇ ਮੈਂ ਉਹਨਾਂ ਦੇ ਸਾਹਮਣੇ ਖ਼ੁਦ ਨੂੰ ਕਿਤੇ ਘੱਟ।

ਮੁੱਕਦੀ ਗੱਲ ਕਿ ਮੈਂ ਚੰਡੀਗੜ੍ਹੋਂ ਜਲੰਧਰ ਵਾਲ਼ੀ ਬੱਸ ਵਿਚ ਬਹਿ ਗਿਆ। ਕੰਡਕਟਰ ਨਾਲ਼ ਵੱਡੇ ਛੋਟੇ ਨੋਟਾਂ ਬਾਰੇ ਕੁਝ ਤਕਰਾਰ ਹੋਇਆ। ਮੈਂ ਉਸ ਨੂੰ ਜਦੋਂ ਪੰਜ ਸੌ ਦਾ ਨੋਟ ਜਲੰਧਰ ਦੀ ਟਿਕਟ ਲੈਣ ਵਾਸਤੇ ਦਿਤਾ ਤਾਂ ਉਹ ਛੋਟੇ ਨੋਟ ਮੰਗੇ ਜੋ ਕਿ ਮੇਰੇ ਕੋਲ਼ ਇਕ ਸੌ ਕੁਝ ਰੁਪਏ ਹੀ ਸਨ ਤੇ ਮੈਂ ਕੰਜੂਸ ਵਾਂਗ ਉਹਨਾਂ ਨੂੰ ਹੱਥੋਂ ਛੱਡਣਾ ਨਹੀਂ ਸੀ ਚਾਹੁੰਦਾ। ਅਖ਼ੀਰ ਉਸ ਵਿਚਾਰੇ ਨੇ ਪੰਜ ਸੌ ਦਾ ਨੋਟ ਮੇਰੇ ਤੋਂ ਲੈ ਲਿਆ ਤੇ ਟਿਕਟ ਦੇ ਨਾਲ਼ ਭਾਨ ਵੀ ਮੋੜ ਦਿਤਾ। ਏਥੋਂ ਤੱਕ ਕਿ ਪੰਜਾਬ ਦੇ ਕੰਡਕਟਰਾਂ ਵੱਲੋਂ ਵਰਤੇ ਜਾਂਦੇ ਆਮ ਰਿਵਾਜ ਅਨੁਸਾਰ, ਉਸ ਨੇ ਮੇਰੇ ਟਿਕਟ ਉਪਰ ਵੀ ਨਹੀਂ ਲਿਖਿਆ, ਬਚਦੇ ਰੁਪਏ ਓਸੇ ਸਮੇ ਟਿਕਟ ਦੇ ਨਾਲ਼ ਹੀ ਮੋੜ ਦਿਤੇ। ਸ਼ਾਇਦ ਉਸ ਨੇ ਮੇਰੀ ਚਿੱਟੀ ਦਾਹੜੀ ਤੇ ਨੀਲੀ ਪੱਗ ਦਾ ਲਿਹਾਜ਼ ਕਰ ਲਿਆ ਜਾਂ ਵੈਸੇ ਹੀ ਇਹ ਉਸ ਦੀ ਸ਼ਰਾਫ਼ਤ ਸੀ। ਉਹਨਾਂ ਦਿਨਾਂ ਵਿਚ ਸਰਕਾਰ ਵੀ ਪੰਜਾਬ ਵਿਚ ਨੀਲਿਆਂ ਦੀ ਹੀ ਸੀ। ਜਲੰਧਰ ਜਾ ਕੇ ਅੰਮ੍ਰਿਤਸਰ ਦੀ ਬੱਸ ਵਿਚ ਵੀ ਏਹੋ ਕੁਝ ਦੁਹਰਾਇਆ ਗਿਆ। ਨੌਂ ਨਵੰਬਰ ਨੂੰ ਮੈਂ ਅੰਮ੍ਰਿਤਸਰ ਛੋਟੇ ਭਰਾ ਸ. ਸੇਵਾ ਸਿੰਘ ਦੇ ਘਰ ਪਹੁੰਚ ਗਿਆ।

ਘਰ ਪਹੁੰਚ ਕੇ ਛੋਟੇ ਭਰਾ ਨਾਲ਼ ਇਸ ਨੋਟਬੰਦੀ ਵਾਲ਼ੀ ਅਲੋਕਾਰੀ ਰੱਬੋਂ ਪਈ ਮੁਸੀਬਤ ਬਾਰੇ ਵਿਚਾਰ ਵਟਾਂਦਰਾ ਹੋਇਆ। ਉਸ ਦਾ ਵਿਚਾਰ ਸੀ ਕਿ ਇਸ ਦਾ ਕੁਝ ਵੀ ਲਾਭ ਨਹੀਂ ਹੋਣਾ। ਮੇਰੇ ਵਿਚਾਰ ਸਨ ਕਿ ਜੇਹੜੇ ਨਕਲੀ ਇਸ ਸਮੇ ਨੋਟ ਚੱਲ ਰਹੇ ਹਨ ਉਹ ਤਾਂ ਇਕ ਦਮ ਬੇਕਾਰ ਹੋ ਗਏ ਨਾ! ਉਸ ਦਾ ਵਿਚਾਰ ਸੀ ਕਿ ਫੇਰ ਨਾ ਨਕਲੀ ਛਪਣਗੇ! ਮੇਰਾ ਵਿਚਾਰ ਸੀ ਕਿ ਕੁਝ ਸਮਾ ਤਾਂ ਲੱਗੇਗਾ ਹੀ ਨਵੇਂ ਨਕਲੀ ਨੋਟ ਛਾਪਣ ਵਿਚ ਪਰ ਭਰਾ ਦੀਆਂ ਦਲੀਲਾਂ ਇਸ ਨੋਟਾਂ ਦੀ ਬਦਲੀ ਵਾਲ਼ੇ ਨਿਕੰਮੇ ਕੰਮ ਦੇ ਪੂਰੀ ਤਰ੍ਹਾਂ ਵਿਰੁੱਧ ਸਨ। ਬੱਸ ਦੋ ਚਾਰ ਦਿਨਾਂ ਵਿਚ ਹੀ ਮਿਲੀਅਨਜ਼ ਦੀ ਗਿਣਤੀ ਵਿਚ ਨਵੇਂ ਦੋ ਹਜ਼ਾਰ ਦੇ ਨਕਲੀ ਨੋਟਾਂ ਦੇ ਫੜੇ ਜਾਣ ਦੀਆਂ ਖ਼ਬਰਾਂ ਛਪਣ ਲੱਗ ਪਈਆਂ। ਨਵੇਂ ਨੋਟ ਵੀ ਪੰਜ ਸੌ ਜਾਂ ਇਕ ਹਜ਼ਾਰ ਦੇ ਛਪਣ ਦੀ ਬਜਾਇ, ਦੋ ਹਜ਼ਾਰ ਦੇ ਹੀ ਸ਼ੁਰੂ ਹੋਏ ਤੇ ਉਹ ਵੀ, ਦਿਹਾੜੀਆਂ ਭੰਨ ਕੇ, ਭੁੱਖੇ ਤਿਹਾਏ ਕਤਾਰਾਂ ਵਿਚ ਖਲੋ ਕੇ, ਕਿਸੇ ਵਿਰਲੇ ਹੀ ਸ਼ਰੀਫ਼ ਬੰਦੇ ਦੇ ਹਿੱਸੇ ਆਉਂਦੇ। ਜੇ ਮਿਲ਼ ਵੀ ਜਾਣ ਤਾਂ ਉਸ ਨੇ ਦੋ ਜਾਂ ਤਿੰਨ ਸੌ ਰੁਪਏ ਦੀ ਸਬਜ਼ੀ ਜੇ ਖ਼ਰੀਦਣੀ ਹੋਵੇ ਤਾਂ ਬਾਕੀ ਸਤਾਰਾਂ ਅਠਾਰਾਂ ਸੌ ਦੁਕਾਨਦਾਰ ਉਸ ਨੂੰ ਕਿਥੋਂ ਮੋੜੂ! ਹਾਂ, ਬੇਈਮਾਨਾਂ ਦੀ ਚਾਂਦੀ ਨਹੀਂ, ਸੋਨਾ ਬਣ ਗਈ। ਉਹਨਾਂ ਪਾਸ ਨਕਲੀ ਵੀ ਤੇ ਅਸਲੀ ਵੀ ਨੋਟਾਂ ਦੀ ਭਰਮਾਰ ਹੋ ਗਈ। ਉਹਨਾਂ ਆਪਣਾ ਸਾਰਾ ਕਾਲ਼ਾ ਧਨ ਚਿੱਟਾ ਕਰ ਲਿਆ। ਕੇਹੜੇ ਕੇਹੜੇ ਤਰੀਕਿਆਂ ਨਾਲ਼ ਕੀਤਾ, ਇਹ ਵਰਨਣ ਬਹੁਤ ਵਿਸਥਾਰ ਮੰਗਦਾ ਹੈ। ਆਲ਼ੇ ਦੁਆਲ਼ੇ ਵੀ ਇਸ ਦਾ ਮਾਰੂ ਅਸਰ ਵੇਖਣ ਵਿਚ ਆਇਆ। ਬਾਜ਼ਾਰਾਂ ਦੀ ਸਾਰੀ ਰੌਣਕ ਹੀ ਜਾਂਦੀ ਰਹੀ। ਰਿਕਸ਼ੇ ਵਾਲ਼ਿਆਂ, ਰੇਹੜੀਆਂ, ਫੜ੍ਹੀਆਂ, ਛੋਟੇ ਦੁਕਾਨਦਾਰਾਂ, ਫੇਰੀ ਵਾਲ਼ਿਆਂ, ਮੰਗਤਿਆਂ, ਆਦਿ ਨਾਲ਼ ਗ਼ਰੀਬ ਮਾਰ ਹੋ ਗਈ। ਧਰਮਸਥਾਨ ਵੀ ਇਸ ਦੀ ਮਾਰ ਤੋਂ ਨਾ ਬਚ ਸਕੇ। ਮੇਰੇ ਭਰਾ ਦੇ ਘਰ ਨੂੰ ਜਾਣ ਸਮੇ ਰਾਹ ਵਿਚ ਸਬਜ਼ੀਆਂ ਤੇ ਫਲ ਵੇਚਣ ਵਾਲ਼ਿਆਂ ਦੀਆਂ ਰੇਹੜੀਆਂ ਤੇ ਫੜ੍ਹੀਆਂ ਦੀ ਭਰਮਾਰ ਹੁੰਦੀ ਸੀ। ਦੁਪਹਿਰ ਤੋਂ ਬਾਅਦ ਓਥੇ ਮੇਲੇ ਵਰਗਾ ਮਾਹੌਲ ਹੁੰਦਾ ਸੀ। ਰੋਜ਼ ਸ਼ਾਮ ਨੂੰ ਲੋਕ ਸਬਜ਼ੀ ਤੇ ਫਲ ਖ਼ਰੀਦਦੇ ਸਨ। ਓਥੇ ਹੁਣ ਚੁੱਪ ਚਾਂਦ ਹੋ ਗਈ। ਜਦੋਂ ਖ਼ਰੀਦਣ ਵਾਲ਼ਾ ਹੀ ਨਾ ਆਇਆ ਤਾਂ ਵੇਚਣ ਵਾਲ਼ੇ ਵਿਚਾਰੇ ਕਿਸ ਵਾਸਤੇ ਆਉਂਦੇ! ਗਾਹਕ ਕੋਈ ਤਾਂ ਹੀ ਆਉਂਦਾ ਜੇ ਉਸ ਕੋਲ਼ ਕੁਝ ਖ਼ਰੀਦਣ ਲਈ ਪੈਸੇ ਹੁੰਦੇ। ਪੈਸੇ ਤਾਂ ਇਕੋ ਐਲਾਨ ਨਾਲ਼ ਮੋਦੀ ਨੇ ਸਾਰੇ ਰੱਦੀ ਕਾਗਜ਼ ਬਣਾ ਦਿਤੇ ਸਨ। ਮੈਂ ਆਪਣੀ ਮਿਸਾਲ ਦਿੰਦਾ ਹਾਂ ਕਿ ਜਦੋਂ ਵੀ ਮੈਂ ਅੰਮ੍ਰਿਤਸਰ ਜਾਂਦਾ ਹਾਂ ਤੇ ਓਥੇ ਟਿਕਣ ਸਮੇ ਸਵੇਰੇ ਦਰਬਾਰ ਸਾਹਿਬ ਜਾਂਦਾ ਹਾਂ। ਕੁਝ ਨਾ ਕੁਝ ਤਿਲ ਫੁੱਲ ਮੱਥਾ ਵੀ ਟੇਕਣਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਸੰਗ ਸੁਣਾ ਰਹੇ ਢਾਡੀ ਜਥੇ ਅੱਗੇ ਵੀ ਸੌ/ਪੰਜਾਹ ਦਾ ਨੋਟ ਰੱਖਣਾ। ਫਿਰ ਮੁੜਦਿਆਂ ਹੋਇਆਂ ਕੋਈ ਮਨਪਸੰਦ ਫਲ਼ ਜਾਂ ਸਬਜ਼ੀ ਵੀ ਖ਼ਰੀਦਣੀ। ਇਹ ਸਭ ਕੁਝ ਬੰਦ ਹੋ ਗਿਆ ਤੇ ਇਉਂ ਹੀ ਬਾਕੀ ਲੋਕਾਂ ਦਾ ਹਾਲ ਵੀ ਹੋਇਆ ਹੋਵੇਗਾ। ਲੋਕੀਂ ਰਿਕਸ਼ੇ ਦੇ ਵੀ ਦਸ ਦਸ ਵੀਹ ਵੀਹ ਰੁਪਏ ਬਚਾਉਣ ਲੱਗ ਪਏ। ਮੇਰਾ ਇਕ ਆਰਥਿਕ ਪੱਖੋਂ ਸਮਰੱਥਾਵਾਨ ਮਿੱਤਰ ਹੈ ਜੋ ਕਿ ਮੇਰੀ ਹਰੇਕ ਦੇਸ ਯਾਤਰਾ ਸਮੇ, ਖਾਣ ਪੀਣ ਤਾਂ ਕਿਧਰੇ ਰਿਹਾ, ਕਾਰ ਤੱਕ ਵੀ ਉਹਨਾਂ ਦੀ ਡਰਾਈਵਰ ਸਣੇ ਮੈਂ ਸਮੇ ਸਮੇ ਵਰਤ ਲੈਂਦਾ ਸਾਂ। ਉਹ ਕਿਤੇ ਵੀ ਮੈਨੂੰ ਕੁਝ ਖ਼ਰਚਣ ਨਹੀਂ ਸਨ ਦਿੰਦੇ। ਮੋਦੀ ਦੀ ਕਿਰਪਾ ਦਾ ਇਹ ਅਸਰ ਹੋਇਆ ਕਿ ਇਕ ਦਿਨ ਅਸੀਂ ਦੋਵੇਂ ਘੰਟਾਘਰ ਤੋਂ ਰਿਕਸ਼ੇ ਉਪਰ ਬੈਠ ਕੇ ਸੁਲਤਾਨ ਵਿੰਡ ਗੇਟ ਤੱਕ ਆਏ ਤੇ ਰਿਕਸ਼ੇ ਦੇ ਵੀਹ ਰੁਪਏ ਬਣੇ। ਮੈਂ ਆਖਿਆ ਕਿ ਮੇਰੇ ਪਾਸ ਭੱਜੇ ਹੋਏ ਹਨ, ਮੈਂ ਦੇ ਦਿੰਦਾ ਹਾਂ। ਉਸ ਨੇ ਇਕ ਵਾਰ ਵੀ ਨਹੀਂ ਆਖਿਆ ਕਿ ਉਹ ਦੇ ਦਿੰਦਾ ਹੈ। ਉਸ ਦੇ ਘਰ ਦੀ ਰਸੋਈ ਗੁਰੂ ਕੇ ਲੰਗਰ ਵਾਂਗ ਹੀ ਖੁਲ੍ਹੀ ਚੱਲਦੀ ਹੈ। ਮੈਂ ਇਕ ਦਿਨ ਰਸੋਈ ਉਪਰ ਰੋਜ਼ਾਨਾ ਆਉਣ ਵਾਲ਼ੇ ਖ਼ਰਚ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸ ਦੀ ਨੌਕਰਾਣੀ ਦਾ ਜਵਾਈ ਬੈਂਕ ਵਿਚ ਨੌਕਰੀ ਕਰਦਾ ਹੈ ਤੇ ਉਹ ਹਰ ਰੋਜ਼ ਬੈਂਕ ਵਿਚ ਜਾ ਕੇ ਦੋ ਹਜ਼ਾਰ ਰੁਪਏ ਉਸ ਦੀ ਰਾਹੀਂ ਲਿਆ ਕੇ ਦਿੰਦੀ ਹੈ। ਤੀਹ ਰੁਪਏ ਉਸ ਨੂੰ, ਬੈਂਕ ਵਿਚ ਜਾਣ ਆਉਣ ਲਈ ਰਿਕਸ਼ੇ ਦਾ ਕਰਾਇਆ ਵੀ ਦਿਤਾ ਜਾਂਦਾ ਹੈ। ਕਰਿਆਨੇ ਵਾਲ਼ੇ ਦੁਕਾਨਦਾਰਾਂ ਨਾਲ਼ ਦਹਾਕਿਆਂ ਤੋਂ ਬਣੀ ਹੋਈ ਹੋਣ ਕਰਕੇ, ਰਾਸ਼ਨ ਆਦਿ ਵਸਤਾਂ ਦਾ ਕੁਝ ਹੁਦਾਰ ਵੀ ਚੱਲ ਜਾਂਦਾ ਹੈ।

ਮੇਰਾ ਭਰਾ ਤੇ ਉਸ ਦਾ ਪੁੱਤਰ ਸਵੇਰੇ ਸਵੇਰੇ ਘਰੋਂ ਨਿਕਲ਼ ਜਾਇਆ ਕਰਨ। ਜਦੋਂ ਇਕ ਤਕਾਲ਼ਾਂ ਨੂੰ ਮੁੜੇ ਤਾਂ ਮੈਂ ਪੁੱਛਿਆ ਕਿ ਉਹ ਸਾਰੀ ਦਿਹਾੜੀ ਕਿਥੇ ਰਹਿੰਦੇ ਹਨ! ਤਾਂ ਭਰਾ ਨੇ ਜਵਾਬ ਦਿਤਾ, "ਅਸੀਂ ਰਾਸ਼ਣ ਦਾ ਪ੍ਰਬੰਧ ਕਰਨ ਜਾਂਦੇ ਹਾਂ। ਤੂੰ ਤੇ ਭਾਊ ਕਿਤਾਬਾਂ ਪੜ੍ਹੀ ਜਾਂਦਾ ਹੈਂ; ਅਸੀਂ ਦੋਵੇਂ ਪਿਉ ਪੁੱਤ ਸਵੇਰ ਤੋਂ ਬੈਂਕ ਦੀ ਕਤਾਰ ਵਿਚ ਖਲੋਂਦੇ ਹਾਂ।" ਮੈਂ ਸੋਚਿਆ ਕਿ ਪੰਜਾਬ ਐਂਡ ਸਿੰਧ ਬੈਂਕ ਵਿਚ ਜਾ ਕੇ ਮੈਂ ਵੀ ਆਪਣੀ ਕਿਸਮਤ ਅਜਮਾਈ ਕਰਾਂ ਪਰ ਜਦੋਂ ਓਥੇ ਜਾ ਕੇ ਸ਼ੈਤਾਨ ਦੀ ਆਂਤ ਜਿੰਨੀ ਲੰਮੀ ਕਤਾਰ ਵੇਖੀ ਤਾਂ ਹੌਸਲਾ ਹੀ ਨਾ ਪਿਆ ਉਸ ਵਿਚ ਖਲੋਣ ਦਾ। ਹਰ ਰੋਜ਼ ਪਿਓ ਪੁੱਤਾਂ ਨੂੰ ਤੀਸਰੇ ਦਿਨ ਸ਼ਾਮ ਸਮੇ ਬੈਂਕ ਵਿਚੋਂ ਦੋ ਹਜ਼ਾਰ ਰੁਪਏ ਮਿਲ਼ੇ। ਇਕ ਦਿਨ ਮੈਂ ਡਾਲਰ ਤੁੜਵਾਉਣ ਬੈਂਕ ਵਿਚ ਗਿਆ ਤਾਂ ਡੀਲ ਕਰਨ ਵਾਲ਼ੀ ਕੁੜੀ ਨੇ ਨਾਂਹ ਕਰ ਦਿਤੀ। ਨਾਲ਼ ਹੀ ਆਖਿਆ ਕਿ ਉਸ ਦਾ ਭਰਾ ਬਾਹਰੋਂ ਆਇਆ ਹੈ। ਉਸ ਨਾਲ਼ ਬੈਂਕ ਤੋਂ ਬਾਹਰੋ ਬਾਹਰ ਵਟਾਂਦਰਾ ਕਰ ਲਵਾਂ। ਇਹ ਕੁਝ ਮੈਂ ਕਰ ਨਾ ਸਕਿਆ। ਸ਼ਾਇਦ ਇਸ ਲਈ ਨਾ ਇਸ ਪੰਗੇ ਵਿਚ ਪਿਆ ਕਿ ਭਰਾ ਦੀ ਹਿੰਮਤ ਨਾਲ਼ ਮੈਨੂੰ ਖ਼ਰਚ ਪੱਠੇ ਦੀ ਕੋਈ ਮਜਬੂਰੀ ਨਹੀਂ ਸੀ ਕਿਉਂਕਿ ਭਰਾ ਦੇ ਘਰੋਂ ਪ੍ਰਸ਼ਾਦਾ ਪਾਣੀ ਮਿਲ਼ਦਾ ਸੀ। ਬਾਕੀ ਜੋ ਮੈਂ ਬਾਹਰ ਖ਼ਰਚ ਕਰਦਾ ਸੀ, ਉਸ ਤੋਂ ਆਪਣਾ ਹੱਥ ਖਿੱਚ ਲਿਆ।

*(ਚਲਦਾ)*

# ਸਮੁੱਚੇ ਸੰਸਾਰ ਲਈ ਚਾਨਣ ਮੁਨਾਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ

## ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਨਿਮਾਣੀ ਤੇ ਨਿਤਾਣੀ ਭਾਰਤੀ ਆਤਮਾ ਨੂੰ ਹਲੂਣਦਿਆਂ ਉਸ ਦੇ ਹੱਕ ਤੇ ਫ਼ਰਜ ਚੇਤੇ ਕਰਾਏ। ਗੁਰੂ ਜੀ ਦੀ ਸ਼ਹਾਦਤ ਕੇਵਲ ਭਾਰਤ ਲਈ ਹੀ ਨਹੀਂ ਸਗੋਂ ਸਮੁੱਚੇ ਸੰਸਾਰ ਲਈ ਹੀ ਚਾਨਣ ਮੁਨਾਰਾ ਹੈ। ਅੱਜ ਇਸ ਗੱਲ ਦੀ ਵੱਡੀ ਲੋੜ ਹੈ ਕਿ ਗੁਰੂ ਜੀ ਦੀ ਸ਼ਹਾਦਤ ਦੇ ਸੰਦੇਸ਼ ਨੂੰ ਸਮਝਦਿਆਂ ਧਰਮ ਦੀ ਰੌਸ਼ਨੀ ਵਿਚ ਹੱਕ-ਸੱਚ 'ਤੇ ਪਹਿਰਾ ਦਿੱਤਾ ਜਾਵੇ ਤਾਂ ਜੋ ਅਧਰਮ ਅਤੇ ਅਨਿਆਂ ਦਾ ਖਾਤਮਾ ਹੋ ਸਕੇ। ਇਹ ਵੀ ਸੱਚ ਹੈ ਕਿ ਅੱਜ ਅੰਤਰਰਾਸ਼ਟਰੀ ਪੱਧਰ 'ਤੇ ਧਰਮਾਂ ਦੀ ਆਪਸੀ ਖਿਚੋਤਾਣ, ਵੈਰ ਵਿਰੋਧ, ਮਨੁੱਖਤਾ ਨੂੰ ਮਲੀਆਮੇਟ ਕਰਨ ਦਾ ਵਾਤਾਵਰਣ ਬਣਿਆ ਹੋਇਆ ਹੈ, ਅਜਿਹੇ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੰਦੇਸ਼ ਸੰਸਾਰ ਤੇ ਸ਼ਾਂਤੀ ਸਥਾਪਿਤ ਕਰਨ ਵਿਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਸੋ ਆਓ, ਪਾਤਸ਼ਾਹ ਜੀ ਦੀ ਯਾਦ ਵਿਚ ਜੁੜ ਕੇ ਆਪਾ ਪੜਚੋਲ ਕਰਦਿਆਂ ਗੁਰੂ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਅਹਿਦ ਕਰੀਏ।

ਗੁਰੂ ਤੇਗ ਬਹਾਦਰ ਜੀ ਦਾ ਜਨਮ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਘਰ 1621 ਈ. ਨੂੰ ਅੰਮ੍ਰਿਤਸਰ ਵਿਚ ਹੋਇਆ। ਆਪ ਜੀ ਨੂੰ ਲਗਭਗ 43 ਕੁ ਸਾਲ ਬਾਅਦ ਗੁਰੂ ਹਰਿਕ੍ਰਿਸ਼ਨ ਜੀ ਪਾਸੋਂ ਗੁਰਗੱਦੀ ਦੀ ਬਖਸਿਸ਼ ਹੋਈ। ਗੁਰੂ ਤੇਗ ਬਹਾਦਰ ਜੀ ਨੇ ਧਰਮ-ਆਦਰਸ਼ ਦੀ ਸੁਰੱਖਿਆ ਤੇ ਸਥਾਪਤੀ ਦੇ ਜਜ਼ਬੇ ਨੂੰ ਮੂਰਤੀਮਾਨ ਕਰਨ ਦਾ ਸੰਦੇਸ਼ ਦਿੱਤਾ। ਆਪਣਾ ਸਾਰਾ ਜੀਵਨ ਸਬਰ ਤੇ ਸਿਦਕ, ਨਿਰਭਉ ਤੇ ਨਿਰਵੈਰ, ਸੱਚ ਤੇ ਸਹਿਜ ਦੀ ਪ੍ਰਕ੍ਰਿਆ ਵਿਚ ਜੀਵਿਆ। ਗੁਰੂ ਸਾਹਿਬ ਦਾ ਪਰਿਵਾਰ ਸ੍ਰੀ ਅਨੰਦਪੁਰ ਸਾਹਿਬ ਵਿਚ ਬੜੀਆਂ ਖੁਸ਼ੀਆਂ ਨਾਲ ਰਹਿ ਰਿਹਾ ਸੀ। ਇਸ ਨੂੰ ਅਨੰਦਾਂ ਦੀ ਪੁਰੀ ਕਿਹਾ ਜਾਂਦਾ ਸੀ। ਉਸ ਸਮੇਂ ਔਰੰਗਜ਼ੇਬ ਨੇ ਦਿੱਲੀ ਵਿਚ ਧਰਮ ਪਰਿਵਰਤਨ ਦੀ ਅਤਿ ਮਚਾਈ ਹੋਈ ਸੀ। ਉਹ ਅਜਿਹਾ ਬਾਦਸ਼ਾਹ ਸੀ, ਜਿਸ ਨੇ ਰਾਜ-ਗੱਦੀ ਪ੍ਰਾਪਤ ਕਰਨ ਲਈ ਆਪਣੇ ਪਿਤਾ ਤੇ ਭਰਾਵਾਂ ਨੂੰ ਵੀ ਨਹੀਂ ਬਖਸ਼ਿਆ। ਔਰੰਗਜ਼ੇਬ ਨੇ ਸਮੁੱਚੇ ਗੈਰ-ਇਸਲਾਮੀ ਲੋਕਾਂ ਨੂੰ ਮੁਸਲਮਾਨ ਬਣਾਉਣ ਦੀ ਠਾਣ ਰੱਖੀ ਸੀ ਉਸ ਨੇ ਕਸ਼ਮੀਰ ਦੇ ਵਿਦਵਾਨ ਬ੍ਰਾਹਮਣਾਂ ਨੂੰ ਮੁਸਲਮਾਨ ਬਣਾਉਣ ਦਾ ਫਤਵਾ ਦਿੱਤਾ। ਕਸ਼ਮੀਰੀ ਬ੍ਰਾਹਮਣ ਔਖੀ ਸਥਿਤੀ ਵਿਚ ਫਸ ਗਏ ਸਨ, ਉਨ੍ਹਾਂ ਨੇ ਆਪਣੇ ਆਪ ਨੂੰ ਬਚਾਉਣ ਦਾ ਰਾਹ ਲੱਭਿਆ। ਦੁਖੀ ਪੰਡਿਤਾਂ ਵਿਚ ਪੰਡਿਤ ਕਿਰਪਾ ਰਾਮ ਗੁਰੂ ਦਰਬਾਰ ਦੀ ਸੁਹਿਰਦਤਾ ਤੇ ਲੋਕ-ਹਿਤਕਾਰੀ ਭਾਵਨਾਂ ਤੋਂ ਜਾਣੂ ਸੀ। ਇਸ ਲਈ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਆਪਣੀ ਫ਼ਰਿਆਦ ਲੈ ਕੇ ਹਾਜ਼ਰ ਹੋਏ ਕਸ਼ਮੀਰੀ ਪੰਡਿਤਾਂ ਦੇ ਦੁੱਖਾਂ ਨੂੰ ਗੁਰੂ ਜੀ ਨੇ ਬੜੀ ਹਮਦਰਦੀ ਨਾਲ ਸੁਣਿਆ ਤੇ ਉਪਦੇਸ਼ ਦਿੱਤਾ ਕਿ ਉਹ ਆਪਣੇ ਸਾਹਸ ਨੂੰ ਕਾਇਮ ਰੱਖਣ ਤੇ ਜਾ ਕੇ ਬਾਦਸ਼ਾਹ ਨੂੰ ਕਹਿਣ ਕਿ ਜੇਕਰ ਗੁਰੂ ਤੇਗ ਬਹਾਦਰ ਜੀ ਮੁਸਲਮਾਨ ਬਣ ਜਾਣਗੇ, ਤਾਂ ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ। ਉਧਰ ਔਰੰਗਜ਼ੇਬ ਕੱਟੜ ਧਾਰਮਿਕ ਨੀਤੀ ਦਾ ਅਨੁਯਾਈ ਸੀ। ਉਸ ਨੇ ਇਸ ਗੱਲ ਨੂੰ ਚੰਗਾ ਸਮਝਿਆ ਕਿ ਜੇਕਰ ਇਕ ਵਿਅਕਤੀ ਦੇ ਮੁਸਲਮਾਨ ਬਣਨ ਨਾਲ ਸਾਰੇ ਹਿੰਦੂ ਮੁਸਲਮਾਨ ਬਣਦੇ ਹਨ, ਤਾਂ ਇਸ ਤੋਂ ਵਧੀਆ ਹੋਰ ਕਿਹੜੀ ਗੱਲ ਹੈ।



ਔਰੰਗਜ਼ੇਬ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਦੇ ਦਿੱਤੇ। ਗੁਰੂ ਜੀ ਆਪ ਚਲ ਕੇ ਦਿੱਲੀ ਗਏ। ਉੱਥੇ ਆਪ ਜੀ ਨੂੰ ਕਾਲ ਕੋਠੜੀ ਵਿਚ ਕੈਦ ਕਰ ਕੇ ਰੱਖਿਆ ਗਿਆ, ਕੁਝ ਸਿੱਖ ਵੀ ਆਪ ਦੇ ਨਾਲ ਕੈਦ ਕੀਤੇ ਗਏ। ਗੁਰੂ ਜੀ ਨੂੰ ਡਰਾਉਣ ਹਿੱਤ ਪਹਿਲਾਂ ਕੈਦ ਕੀਤੇ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਬਹੁਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਫਿਰ ਆਪ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ ਗਈਆਂ। ਪਹਿਲੀ, ਕੋਈ ਕਰਾਮਾਤ ਦਿਖਾਓ; ਦੂਜੀ, ਇਸਲਾਮ ਧਰਮ ਕਬੂਲ ਕਰੋ; ਤੀਜੀ, ਦੋਵਾਂ ਵਿਚੋਂ ਇਕ ਵੀ ਨਾ ਮੰਨਣ ਕਰਕੇ ਮੌਤ ਲਈ ਤਿਆਰ ਹੋ ਜਾਓ। ਗੁਰੂ ਜੀ ਨੇ ਪਹਿਲੀਆਂ ਦੋਵੇਂ ਸ਼ਰਤਾਂ ਨੂੰ ਨਕਾਰਦਿਆਂ ਮੌਤ ਨੂੰ ਕਬੂਲ ਕਰਕੇ ਅਜਿਹੀ ਕਰਾਮਾਤ ਦਿਖਾਈ ਜੋ ਅਜੇ ਤੱਕ ਕਿਸੇ ਵੀ ਧਰਮ ਦੇ ਪੈਗ਼ੰਬਰ ਨੇ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਦਿਖਾਈ ਸੀ ਗੁਰੂ ਪਾਤਸ਼ਾਹ ਨੂੰ ਗਿਆਰਾਂ ਨਵੰਬਰ 1675 ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ। ਗੁਰੂ ਸਾਹਿਬ ਦੀ ਸ਼ਹਾਦਤ ਨਾਲ ਦੁਨੀਆਂ ਵਿਚ ਤਰਾਹ-ਤਰਾਹ ਹੋਣ ਲਗ ਪਈ। ਗੁਰੂ ਦਸ਼ਮੇਸ਼ ਜੀ ਬਚਿਤ੍ਰ ਨਾਟਕ ਵਿਚ ਲਿਖਦੇ ਹਨ-

*ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥*
*ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥*

ਇਸ ਕੁਰਬਾਨੀ ਨਾਲ ਸਮਾਜ ਨੂੰ ਨਵਾਂ ਦਿਸ਼ਾ-ਨਿਰਦੇਸ਼ ਮਿਲਿਆ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਲੋਕਾਂ ਵਿਚ ਜ਼ਬਰ-ਜ਼ੁਲਮ ਨਾਲ ਟੱਕਰ ਲੈਣ ਦਾ ਸਾਹਸ ਪੈਦਾ ਹੋਇਆ। ਸਿੱਖ ਧਰਮ ਦੀ ਨੀਂਹ ਕੁਰਬਾਨੀ ਦੇ ਉੱਪਰ ਰੱਖੀ ਗਈ ਹੈ। ਜਿਸ ਵਿਚ ਦੋ ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਸ਼ਾਮਿਲ ਹਨ। ਸ਼ਹੀਦੀ ਪਰੰਪਰਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਲੱਖਣ ਹੈ, ਕਿਉਂਕਿ ਦੁਨੀਆਂ ਦੇ ਇਤਿਹਾਸ ਵਿਚ ਕਿਧਰੇ ਵੀ ਵੇਖਣ ਵਿਚ ਨਹੀਂ ਆਇਆ ਕਿ ਕਿਸੇ ਸ਼ਖ਼ਸੀਅਤ ਨੇ ਦੂਸਰੇ ਧਰਮ ਦੀ ਰਾਖੀ ਲਈ ਜ਼ੁਲਮ ਵਿਰੁੱਧ ਟੱਕਰ ਲਈ ਹੋਵੇ। ਸਿੱਖ ਧਰਮ ਅਜਿਹਾ ਧਰਮ ਹੈ ਜਿਸ ਵਿਚ ਦੂਸਰਿਆਂ ਦੇ ਦੁੱਖਾਂ ਦੀ ਨਵਿਰਤੀ ਹਿੱਤ ਗੁਰੂ ਸਾਹਿਬਾਨ ਤੇ ਗੁਰੂ ਦੇ ਸਿੱਖਾਂ ਨੇ ਬੇਅੰਤ ਕੁਰਬਾਨੀਆਂ ਦਿੱਤੀਆਂ। ਦੂਸਰੇ ਦੇ ਧਰਮ ਦੀ ਰਾਖੀ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦੇ ਕੇ ਤਾਂ ਸਿਖਰ ਹੀ ਤੋੜ ਦਿੱਤਾ।

ਇਸ ਸਥਿਤੀ ਵਿਚ ਪਰਉਪਕਾਰੀ ਤੇ ਕਲਿਆਣਕਾਰੀ ਸ਼ਹਾਦਤ ਕਰਕੇ ਨੌਵੇਂ ਪਾਤਸ਼ਾਹ ਜੀ ਦੇ ਸਮਕਾਲੀਆਂ ਤੇ ਇਤਿਹਾਸਕਾਰਾਂ ਨੇ ਉਨ੍ਹਾਂ ਦੀ ਸ਼ਖ਼ਸੀਅਤ ਤੇ ਅਦੁੱਤੀ ਦੇਣ ਬਾਰੇ ਬੜੇ ਮਾਣ ਤੇ ਸਤਿਕਾਰ ਨਾਲ 'ਹਿੰਦ ਦੀ ਚਾਦਰ', 'ਧਰਮ ਦੀ ਚਾਦਰ' ਤੇ 'ਸ੍ਰਿਸ਼ਟੀ ਦੀ ਚਾਦਰ' ਆਦਿ ਬੜੇ ਮਹੱਤਵਪੂਰਨ ਵਿਸ਼ੇਸ਼ਣਾਂ ਨਾਲ ਚਿਤਰਿਆ ਹੈ। ਗੁਰੂ ਤੇਗ ਬਹਾਦਰ ਜੀ ਨੇ ਆਦਰਸ਼ ਮਾਨਵ-ਧਰਮ ਦੀ ਸੁਰੱਖਿਆ ਲਈ, ਸਮੂਹ ਮਨੁੱਖ ਜਾਤੀ ਦੇ ਵਿਚਾਰ-ਵਿਸ਼ਵਾਸ਼ ਦੀ ਸੁਤੰਤਰਤਾ ਤੇ ਉਸ ਦੀ ਜ਼ਮੀਰ ਦੀ ਅਜ਼ਾਦੀ ਵਾਲੇ ਬੁਨਿਆਦੀ ਹੱਕਾਂ ਤੇ ਅਧਿਕਾਰਾਂ ਲਈ ਸ਼ਹਾਦਤ ਦਿੱਤੀ। ਗੁਰੂ ਜੀ ਨੇ ਸਾਰੀ ਸ੍ਰਿਸ਼ਟੀ 'ਤੇ ਚਾਦਰ ਦਾ ਕੰਮ ਕੀਤਾ। ਕਵੀ ਸੈਨਾਪਤਿ ਸ੍ਰੀ ਗੁਰ ਸੋਭਾ ਵਿਚ ਲਿਖਦੇ ਹਨ-

*ਪ੍ਰਗਟ ਭਏ ਗੁਰੂ ਤੇਗ ਬਹਾਦਰ ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ ॥*
*ਧਰਮ ਕਰਮ ਕੀ ਜਿਨਿ ਪਤਿ ਰਾਖੀ ਅਟੱਲ ਕਰੀ ਕਲਜੁਗ ਮੇਂ ਰਾਖੀ ॥*

ਦੁਨੀਆਂ ਦੇ ਇਤਿਹਾਸ ਵਿਚ ਗੁਰੂ ਜੀ ਦੀ ਸ਼ਹਾਦਤ ਬਹੁਤ ਵੱਡਾ ਸਾਕਾ ਹੋ ਨਿਬੜੀ। ਇਸ ਘਟਨਾ ਨੇ ਜਗਤ ਵਿਚ ਹੋਰ ਨਵੀਂਆਂ ਘਟਨਾਵਾਂ ਨੂੰ ਅੰਜ਼ਾਮ ਦਿੱਤਾ। ਧਰਮ ਦੀ ਰਾਖੀ ਕਰਨ ਬਦਲੇ ਗੁਰੂ ਤੇਗ ਬਹਾਦਰ ਜੀ ਪ੍ਰਥਾਏ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਜ਼ਿਕਰ ਮਿਲਦਾ ਹੈ ਕਿ-

*ਤੇਗ ਬਹਾਦਰ ਫਿਰ ਗੁਰ ਭਯੋ ਪਰਸਵਾਰਥ ਹਿਤਿ ਜਿਨਿ ਸਿਰ ਦਯੋ ॥*
*ਕਲਯੁਗ ਮੈ ਬਡ ਸਾਕਾ ਕੀਯਾ ਧਰਮ ਕਰਮ ਰਖ ਹਿਦੂ ਲੀਯਾ ॥*

ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿਚ ਵਰਣਨ ਕੀਤਾ ਹੈ, ਕਿ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਸ਼ਹਿਨਸ਼ਾਹ ਔਰੰਗਜ਼ੇਬ ਦੇ ਸਿਰ ਉੱਤੇ ਆਪਣੇ ਸਰੀਰ ਦਾ ਠੀਕਰਾ ਭੰਨ ਕੇ ਉਸ ਦੀਆਂ ਸਭ ਉਮੀਦਾਂ ਤੇ ਸਕੀਮਾਂ ਉੱਤੇ ਪਾਣੀ ਫੇਰ ਦਿੱਤਾ-

*ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ ॥*
*ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ ॥*

**ਦਿਲਜੀਤ ਸਿੰਘ ਬੇਦੀ**

# ਸੰਭਲ ਦੀ ਘਾੜਤ

ਉੱਤਰ ਪ੍ਰਦੇਸ਼ ਵਿੱਚ ਫਿਰਕੂ ਹਿੰਸਾ ਦੇ ਅਧਿਆਏ ਵਿੱਚ ਇੱਕ ਹੋਰ ਪੰਨਾ ਜੁੜ ਗਿਆ ਜਦੋਂ ਸੰਭਲ ਸ਼ਹਿਰ ਵਿੱਚ ਇੱਕ ਮਸਜਿਦ ਦੇ ਸਰਵੇ ਮੌਕੇ ਮੁਜਾਹਰਾਕਾਰੀਆਂ ਅਤੇ ਪੁਲੀਸ ਵਿਚਕਾਰ ਹੋਈ ਹਿੰਸਕ ਝੜਪ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ। ਸੰਭਲ ਸ਼ਹਿਰ ਵਿੱਚ ਮੌਜੂਦ ਸੋਲ੍ਹਵੀਂ ਸਦੀ ਦੀ ਬਣੀ ਜਾਮਾ ਮਸਜਿਦ ਬਾਰੇ ਇੱਕ ਵਕੀਲ ਵੱਲੋਂ ਪਟੀਸ਼ਨ ਦਾਇਰ ਕਰਨ ਤੋਂ ਬਾਅਦ ਸਿਵਲ ਜੱਜ ਨੇ ਸਰਵੇ ਕਰਨ ਦਾ ਹੁਕਮ ਦਿੱਤਾ ਸੀ। ਲੰਘੀ 19 ਨਵੰਬਰ ਨੂੰ ਜਿਲ੍ਹਾ ਮੈਜਿਸਟ੍ਰੇਟ ਅਤੇ ਪੁਲੀਸ ਸੁਪਰਡੈਂਟ ਦੀ ਨਿਗਰਾਨੀ ਹੇਠ ਸਰਵੇ ਕੀਤਾ ਗਿਆ ਸੀ ਜਿਸ ਵਾਸਤੇ ਇੱਕ ਵਕੀਲ ਨੂੰ ਕਮਿਸ਼ਨਰ ਨਿਯੁਕਤ ਕੀਤਾ ਗਿਆ ਸੀ। ਸਰਵੇ ਦਾ ਕੰਮ ਬਿਨਾਂ ਕਿਸੇ ਭੜਕਾਹਟ ਦੇ ਹੋ ਗਿਆ ਸੀ, ਪਰ ਫਿਰ ਲੰਘੇ ਐਤਵਾਰ ਹਾਲਾਤ ਕਿਉਂ ਬੇਕਾਬੂ ਹੋ ਗਏ ਜਦੋਂਕਿ ਭਾਰੀ ਸੰਖਿਆ ਵਿੱਚ ਪੁਲੀਸ ਬਲ ਤਾਇਨਾਤ ਕੀਤੇ ਗਏ ਸਨ? ਮੁਰਾਦਾਬਾਦ ਡਿਵੀਜਨਲ ਕਮਿਸ਼ਨਰ ਦਾ ਕਹਿਣਾ ਸੀ ਕਿ ਕੁਝ ਲੋਕਾਂ ਨੇ ਮਸਜਿਦ 'ਚੋਂ ਜਾ ਰਹੀ ਸਰਵੇ ਟੀਮ ਉੱਪਰ ਪਥਰਾਅ ਕੀਤਾ ਸੀ। ਜੇ ਇਹ ਦਾਅਵਾ ਸਹੀ ਹੈ ਤਾਂ ਸੁਆਲ ਉੱਠਦਾ ਹੈ ਕਿ ਕੀ ਹਮਲਾ ਗਿਣ ਮਿੱਥ ਕੇ ਕੀਤਾ ਗਿਆ ਸੀ ਅਤੇ ਇਸ ਦੀ ਯੋਜਨਾ ਕਿਸ ਨੇ ਘੜੀ ਸੀ? ਇਹ ਵੀ ਸੁਆਲ ਉੱਠਦਾ ਹੈ ਕਿ ਪੁਲੀਸ ਦਾ ਰੁਖ ਕਿਹੋ ਜਿਹਾ ਰਿਹਾ



ਅਤੇ ਕੀ ਇਸ ਨੇ ਢੁੱਕਵੀਂ ਕਾਰਵਾਈ ਕੀਤੀ ਸੀ? ਵਾਜਬ ਅਤੇ ਪਾਰਦਰਸ਼ੀ ਜਾਂਚ ਤੋਂ ਬਾਅਦ ਹੀ ਇਨ੍ਹਾਂ ਸਵਾਲਾਂ ਦੇ ਜਵਾਬ ਦਿੱਤੇ ਜਾ ਸਕਦੇ ਹਨ। ਇਸ ਦੇ ਨਾਲ ਹੀ ਸਰਕਾਰ ਨੂੰ ਇਹ ਵੀ ਸੋਚਣ ਦੀ ਲੋੜ ਹੈ ਕਿ ਵਾਰ ਵਾਰ ਕਿਸੇ ਨਾ ਕਿਸੇ ਮਸਜਿਦ ਹੇਠ ਮੰਦਰ ਹੋਣ ਦੀ ਇਸ ਮੁਹਿੰਮ ਉੱਪਰ ਲਗਾਮ ਕਿਉਂ ਨਹੀਂ ਲਾਈ ਜਾ ਰਹੀ?

ਸਮਾਜਵਾਦੀ ਪਾਰਟੀ (ਸਪਾ) ਦੇ ਲੋਕ ਸਭਾ ਮੈਂਬਰ ਤੇ ਸਪਾ ਦੇ ਹੀ ਵਿਧਾਇਕ ਦੇ ਬੇਟੇ ਵਿਰੁੱਧ ਹਿੰਸਾ ਭੜਕਾਉਣ ਦੇ ਦੋਸ਼ ਤਹਿਤ ਕੇਸ ਦਰਜ ਹੋਣ 'ਤੇ ਸਿਆਸੀ ਟਕਰਾਅ ਸ਼ੁਰੂ ਹੋ ਗਿਆ ਹੈ। ਸਮਾਜਵਾਦੀ ਪਾਰਟੀ ਦੀ ਉੱਤਰ ਪ੍ਰਦੇਸ਼ ਵਿੱਚ ਸਾਥੀ ਧਿਰ ਕਾਂਗਰਸ ਨੇ ਲੋਕਾਂ 'ਤੇ ਲੋੜੋਂ ਵੱਧ ਤਾਕਤ ਦੀ ਵਰਤੋਂ ਲਈ ਭਾਜਪਾ ਸਰਕਾਰ ਨੂੰ ਜਿੰਮੇਵਾਰ ਠਹਿਰਾਇਆ ਹੈ। ਭਾਵੇਂ ਸੱਤਾਧਾਰੀ ਪਾਰਟੀ ਨੇ ਸਥਾਨਕ ਨੇਤਾਵਾਂ 'ਤੇ ਦੰਗਿਆਂ ਦੀ ਸਾਜਿਸ਼ ਘੜਨ ਤੇ ਅਧਿਕਾਰੀਆਂ ਨੂੰ ਡਿਊਟੀ ਕਰਨ ਤੋਂ ਰੋਕਣ ਦਾ ਦੋਸ਼ ਲਾਇਆ ਹੈ, ਪਰ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦਿਆਂ ਰਾਜਨੀਤਕ ਤੇ ਧਾਰਮਿਕ ਆਗੂਆਂ ਨੂੰ ਆਪਣੇ ਭਾਸ਼ਣਾਂ ਤੇ ਕਾਰਵਾਈਆਂ 'ਚ ਹਰ ਹਾਲ ਸੰਜਮ ਵਰਤਣ ਦੀ ਲੋੜ ਹੈ। ਅਦਾਲਤ ਵੱਲੋਂ ਵਿਧੀਵਤ ਢੰਗ ਨਾਲ ਦਿੱਤੇ ਸਰਵੇਖਣ ਦੇ ਹੁਕਮਾਂ ਦਾ ਵਿਰੋਧ ਕਰਨ ਵਾਲੇ ਦੰਗਾਕਾਰੀਆਂ ਤੇ ਭੜਕਾਹਟ ਪੈਦਾ ਕਰਨ ਵਾਲੇ ਅਨਸਰਾਂ ਖਿਲਾਫ ਬਣਦੀ ਕਾਰਵਾਈ ਹੋਣੀ ਚਾਹੀਦੀ ਹੈ। ਵਿਗਿਆਨਕ ਤੌਰ 'ਤੇ ਇਸ ਗੱਲ ਦੀ ਪੁਸ਼ਟੀ ਕਰਨਾ ਭਾਰਤੀ ਪੁਰਾਤੱਤਵ ਸਰਵੇਖਣ ਦਾ ਕੰਮ ਹੈ ਕਿ ਕੀ ਉਹ ਥਾਂ ਜਿੱਥੇ ਹੁਣ ਮਸਜਿਦ ਖੜ੍ਹੀ ਹੈ, ਉੱਥੇ ਪਹਿਲਾਂ ਮੰਦਰ ਸੀ ਜਾਂ ਨਹੀਂ। ਹਰ ਕਦਮ 'ਤੇ, ਕਾਨੂੰਨ ਦੀ ਇੰਨ-ਬਿੰਨ ਪਾਲਣਾ ਕਰਨੀ ਬਣਦੀ ਹੈ। 'ਬੁਲਡੋਜਰ ਇਨਸਾਫ' ਬਾਰੇ ਸੁਪਰੀਮ ਕੋਰਟ ਦੀਆਂ ਹਾਲ ਹੀ ਵਿੱਚ ਆਈਆਂ ਹਦਾਇਤਾਂ ਨੂੰ ਦੇਖਦਿਆਂ ਪ੍ਰਸ਼ਾਸਨ ਨੂੰ ਨਾ ਸਿਰਫ ਗੈਰ-ਕਾਨੂੰਨੀ ਕਬਜੇ ਢਾਹੁਣ ਦੌਰਾਨ ਲੋੜੋਂ ਵੱਧ ਕਾਰਵਾਈ ਤੋਂ ਪਰਹੇਜ ਕਰਨਾ ਚਾਹੀਦਾ ਹੈ, ਬਲਕਿ ਸਰਵੇਖਣਾਂ ਤੇ ਨਿਰੀਖਣਾਂ ਦੌਰਾਨ ਵੀ ਵੱਧ ਤੋਂ ਵੱਧ ਸੰਜਮ ਵਰਤਣਾ ਚਾਹੀਦਾ ਹੈ।

# ਸੁੰਦਰਤਾ ਸਾਧਨਾਂ ਦੇ ਮਾੜੇ ਪ੍ਰਭਾਵਾਂ ਤੋਂ ਬਚੋ

ਖ਼ੂਬਸੂਰਤ ਦਿਸਣ ਲਈ ਅਸੀਂ ਕਈ ਤਰ੍ਹਾਂ ਦੇ ਸੁੰਦਰਤਾ ਸਾਧਨਾਂ ਦੀ ਵਰਤੋਂ ਕਰਦੇ ਹਾਂ, ਕਈ ਵਾਰ ਇਨ੍ਹਾਂ ਨੂੰ ਲੈਣ ਤੋਂ ਬਾਅਦ ਚਮੜੀ ਵਿਚ ਕਈ ਹੋਰ ਤਰ੍ਹਾਂ ਦੀ ਸਮੱਸਿਆ ਪੈਦਾ ਹੋ ਜਾਂਦੀਆਂ ਹਨ। ਕਿਸ ਤਰ੍ਹਾਂ ਦੇ ਸੁੰਦਰਤਾ ਸਾਧਨਾਂ ਦੇ ਕੀ ਮਾੜੇ ਪ੍ਰਭਾਵ ਪੈ ਸਕਦੇ ਹਨ, ਉਨ੍ਹਾਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ, ਆਓ ਜਾਣੀਏ-

ਵਾਲਾਂ ਨੂੰ ਸਿੱਧੇ ਕਰਨਾ : ਵਾਲਾਂ ਨੂੰ ਸਿੱਧਾ ਕਰਨ ਲਈ ਉਨ੍ਹਾਂ 'ਤੇ ਡ੍ਰਾਇਰ ਜਾਂ ਆਇਰਨ ਕਰਨਾ ਜਾਂ ਸੈਲੂਨ ਵਿਚ ਜਾ ਕੇ ਉੱਚ ਤਾਪਮਾਨ ਇਲਾਜ ਨਾਲ ਵਾਲਾਂ 'ਤੇ ਮਾੜਾ ਅਸਰ ਹੁੰਦਾ ਹੈ। ਵਾਲਾਂ 'ਤੇ ਰੋਜ਼ ਡ੍ਰਾਇਰ ਜਾਂ ਆਇਰਨ ਕਰਨਾ ਉਨ੍ਹਾਂ ਨੂੰ ਖਰਾਬ ਕਰ ਸਕਦਾ ਹੈ। ਇਸ ਲਈ ਇਨ੍ਹਾਂ ਨੂੰ ਸਿੱਧੇ ਕਰਨ ਲਈ ਚੰਗੇ ਸੈਲੂਨ ਵਿਚ ਕਿਸੇ ਅਨੁਭਵੀ ਦੀ ਮਦਦ ਲਓ। ਜੋ ਵਾਲਾਂ ਨੂੰ ਸਿੱਧਾ ਕਰਨ ਲਈ ਸਹੀ ਤਰੀਕਾ ਅਪਣਾਵੇ।

ਮੈਨੀਕਿਉਰ, ਪੈਡੀਕਿਉਰ : ਹੱਥਾਂ ਅਤੇ ਪੈਰਾਂ ਨੂੰ ਖ਼ੂਬਸੂਰਤ ਬਣਾਉਣ ਲਈ ਇਸ ਨੂੰ ਕਰਾਇਆ ਜਾਂਦਾ ਹੈ। ਇਸ ਵਿਚ ਨਹੁੰਆਂ ਨੂੰ ਇਕਸਾਰ ਦਿਖਾਉਣ ਲਈ ਇਨ੍ਹਾਂ ਦੀ ਉਪਰਲੀ ਪਰਤ ਨੂੰ ਰਗੜਿਆ ਜਾਂਦਾ ਹੈ, ਜਿਸ ਨਾਲ ਉਨ੍ਹਾਂ ਦੀ ਪਰਤ ਦੀ ਨਮੀ ਖ਼ਤਮ ਹੋ ਜਾਂਦੀ ਹੈ ਅਤੇ ਨਹੁੰ ਕਮਜ਼ੋਰ ਹੋ ਜਾਂਦੇ ਹਨ। ਜੇ ਮੈਨੀਕਿਉਰ ਅਤੇ ਪੈਡੀਕਿਉਰ ਕਰਨ ਵਾਲੇ ਟੱਬ ਦੀ ਸ਼ੁੱਧਤਾ ਸੁਨਿਸਚਿਤ ਨਾ ਹੋਵੇ ਤਾਂ ਬੈਕਟੀਰੀਅਲ ਇਨਫੈਕਸ਼ਨ ਹੋ ਸਕਦਾ ਹੈ। ਇਸ ਤੋਂ ਬਚਣ ਲਈ ਜ਼ਰੂਰੀ ਹੈ ਕਿ ਸੈਲੂਨ ਵਿਚ ਇਸਤੇਮਾਲ ਹੋਣ ਵਾਲੇ ਔਜ਼ਾਰ ਕੀਟਾਣੂ ਮੁਕਤ ਹੋਣੇ ਚਾਹੀਦੇ ਹਨ। ਟੱਬ ਚੰਗੀ ਤਰ੍ਹਾਂ ਸਾਫ਼ ਹੋਣਾ ਚਾਹੀਦਾ ਹੈ। ਬਿਹਤਰ ਹੋਵੇਗਾ ਜੇ ਸਵੇਰ ਦੇ ਸਮੇਂ ਇਸ ਨੂੰ ਕਰਾਇਆ ਜਾਵੇ, ਕਿਉਂਕਿ ਉਸ ਸਮੇਂ ਇਹ ਸਾਫ਼-ਸੁਥਰਾ ਅਤੇ ਧੋਤਾ ਹੁੰਦਾ ਹੈ।

ਨਹੁੰ-ਪਾਲਿਸ਼ ਉਤਾਰਨ ਵਾਲੇ ਤਰਲ ਨਾਲ ਨਹੁੰ ਖ਼ੁਸ਼ਕ ਹੋ ਜਾਂਦੇ ਹਨ ਅਤੇ ਇਕ ਵਾਰ ਨਹੁੰਆਂ ਉੱਤੋਂ ਨਹੁੰ-ਪਾਲਿਸ਼ ਲਾਹ ਦੇਣ ਤੋਂ ਬਾਅਦ



ਕੁਝ ਦਿਨ ਉਨ੍ਹਾਂ ਨੂੰ ਇੰਜ ਹੀ ਛੱਡ ਦੇਣਾ ਚਾਹੀਦਾ ਹੈ।

ਹੇਅਰ ਬਲੀਚਿੰਗ : ਵਾਲਾਂ ਨੂੰ ਰੰਗ ਕਰਨ ਲਈ ਅਮੋਨੀਆ ਦੀ ਵਰਤੋਂ ਵਾਲਾਂ ਨੂੰ ਨੁਕਸਾਨ ਕਰ ਸਕਦੀ ਹੈ। ਰੰਗ ਕਰਨ ਵਾਲੇ ਉਤਪਾਦਾਂ ਵਿਚ ਮੌਜੂਦ ਰਸਾਇਣ ਵਾਲਾਂ ਦੇ ਕਿਉਟੀਕਲਸ ਨੂੰ ਖੋਲ੍ਹ ਕੇ ਇਸ ਦੇ ਅੰਦਰ ਰੰਗ ਨੂੰ ਪਹੁੰਚਾਉਂਦਾ ਹੈ, ਜਿਸ ਲਈ ਉਨ੍ਹਾਂ ਨੂੰ ਬਲੀਚ ਕੀਤਾ ਜਾਂਦਾ ਹੈ। ਵਾਲਾਂ ਦੇ ਕਿਉਟੀਕਲਸ ਖੁੱਲ੍ਹਣ ਤੋਂ ਬਾਅਦ ਵਾਲਾਂ ਦੀ ਨਮੀ ਖ਼ਤਮ ਹੋ ਜਾਂਦੀ ਹੈ। ਇਹ ਰੁੱਖੇ, ਬੇਜਾਨ ਅਤੇ ਦੋ-ਮੂੰਹੇਂ ਹੋ ਕੇ ਟੁੱਟਣ ਲਗਦੇ ਹਨ। ਜੇ ਸੈਲੂਨ ਵਿਚ ਜਾ ਕੇ ਵਾਲਾਂ ਨੂੰ ਬਲੀਚ ਕਰਾਉਣਾ ਹੋਵੇ ਤਾਂ ਅਮੋਨੀਆ ਮੁਕਤ ਵਿਧੀ ਅਪਣਾਓ ਅਤੇ ਆਪਣੇ ਵਾਲਾਂ ਵਿਚ ਵਾਰ-ਵਾਰ ਰੰਗ ਨਾ ਬਦਲੋ, ਕਿਉਂਕਿ ਵਾਰ-ਵਾਰ ਅਮੋਨੀਆ ਦੀ ਵਰਤੋਂ ਨਾਲ ਵਾਲ ਖਰਾਬ ਹੋ ਸਕਦੇ ਹਨ।

ਫੇਸ਼ੀਅਲ ਬਲੀਚਿੰਗ : ਚਮੜੀ ਮਾਹਿਰਾਂ ਦੀ ਮੰਨੀਏ ਤਾਂ ਮਹੀਨੇ ਵਿਚ ਇਕ ਹੀ ਵਾਰ ਫੇਸ਼ੀਅਲ ਕਰਾਉਣਾ ਚਾਹੀਦਾ ਹੈ। ਇਸ ਦੀ ਪ੍ਰਕਿਰਿਆ ਬੇਹੱਦ ਆਸਾਨ ਹੁੰਦੀ ਹੈ ਅਤੇ ਬਾਜ਼ਾਰ ਵਿਚ ਇਸ ਦੀ ਕਿੱਟ ਵੀ ਮਿਲਦੀ ਹੈ।

ਪਰ ਜੇ ਇਸ ਨੂੰ ਘਰ ਵਿਚ ਹੀ ਕਰਨਾ ਹੋਵੇ ਤਾਂ ਇਸ ਨੂੰ ਘੋਲਣ ਲਈ ਕਿਸੇ ਧਾਤ ਦੇ ਭਾਂਡੇ ਦੀ ਵਰਤੋਂ ਨਾ ਕਰੋ ਅਤੇ ਚਿਹਰੇ 'ਤੇ ਇਸ ਦੀ ਵਰਤੋਂ ਕਰਨ ਤੋਂ ਪਹਿਲਾਂ ਸਰੀਰ ਦੇ ਛੋਟੇ ਜਿਹੇ ਹਿੱਸੇ ਵਿਚ ਲਗਾ ਕੇ ਦੇਖੋ ਕਿ ਇਸ ਨਾਲ ਚਮੜੀ ਵਿਚ ਖਾਰਸ਼ ਤਾਂ ਨਹੀਂ ਹੁੰਦੀ?

20 ਸਾਲ ਦੀ ਉਮਰ ਤੋਂ ਪਹਿਲਾਂ ਬਲੀਚਿੰਗ ਨਹੀਂ ਕਰਾਉਣੀ ਚਾਹੀਦੀ। ਇਸ ਦੀ ਵਜ੍ਹਾ ਨਾਲ ਚਿਹਰੇ 'ਤੇ ਖਾਰਸ਼ ਦਾ ਹੋਣਾ, ਚਮੜੀ ਦਾ ਲਾਲ ਹੋਣਾ, ਚਮੜੀ ਦਾ ਰੰਗ ਕਾਲਾ ਪੈਣਾ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਜੇ ਇਕ ਨਿਸਚਿਤ ਸਮੇਂ ਦੇ ਅੰਦਰ ਇਸ ਨੂੰ ਚਿਹਰੇ ਤੋਂ ਨਾ ਹਟਾਇਆ ਜਾਵੇ ਤਾਂ ਚਮੜੀ ਨੁਕਸਾਨਗ੍ਰਸਤ ਹੋ ਸਕਦੀ ਹੈ। ਇਸ ਨਾਲ ਚਮੜੀ ਦੀ ਬਾਹਰੀ ਹੀ ਨਹੀਂ, ਅੰਦਰੂਨੀ ਪਰਤ ਨੂੰ ਵੀ ਨੁਕਸਾਨ ਹੋ ਸਕਦਾ ਹੈ।

# ਕਿਸ ਤਰ੍ਹਾਂ ਤਿਆਰ ਕਰੀਏ ਬੱਚਿਆਂ ਦਾ ਟਿਫਿਨ

ਬੱਚਿਆਂ ਨੂੰ ਭੋਜਨ ਖਾਣ ਦੀ ਆਦਤ ਸੁਰੂ ਤੋਂ ਪਾਓ। ਸਵੇਰ ਦਾ ਨਾਸਤਾ, ਦੁਪਿਹਰ ਦਾ ਅਤੇ ਰਾਤ ਦਾ ਭੋਜਨ। ਬੱਚਿਆਂ ਨੂੰ ਮਿੱਥੇ ਸਮੇਂ 'ਤੇ ਖਾਣਾ ਦਿਓ ਅਤੇ ਖਾਣ ਦੀ ਆਦਤ ਪਾਓ।

ਬੱਚੇ ਜੇਕਰ ਹਰੀਆਂ ਸਬਜੀਆਂ ਖਾਣ ਤੋਂ ਕਤਰਾਉਣ ਤਾਂ ਉਨ੍ਹਾਂ ਨੂੰ ਜਿਆਦਾ ਰੁਚੀਦਾਰ ਬਣਾ ਕੇ ਦੇਣ ਦੀ

**ਰਜਨੀਸ਼ ਕੁਮਾਰ**

ਕੋਸਿਸ ਕਰੋ ਨਹੀਂ ਤਾਂ ਸਬਜੀਆਂ ਨੂੰ ਕੱਦੂਕਸ ਕਰਕੇ ਦਾਲਾਂ ਵਿਚ ਮਿਲਾ ਕੇ ਉਬਾਲੋ ਅਤੇ ਖਾਣ ਨੂੰ ਦਿਓ। ਖਿਚੜੀ ਬਣਾਉਂਦੇ ਸਮੇਂ ਉਸ ਵਿਚ ਕੁਝ ਸਬਜੀਆਂ ਕੱਦੂਕਸ ਕਰ ਕੇ ਜਾਂ ਬਾਰੀਕ ਕੱਟ ਕੇ ਪਾ ਦਿਓ। ਬੱਚਿਆਂ ਨੂੰ ਸਬਜੀਆਂ ਦਾ ਬਹੁਤਾ ਪਤਾ ਨਹੀਂ ਲੱਗੇਗਾ ਅਤੇ ਸਬਜੀ ਵੀ ਪੇਟ ਵਿਚ ਚਲੀ ਜਾਵੇਗੀ। ਅੱਠ ਦਸ ਸਾਲ ਤੱਕ ਦੀ ਉਮਰ ਤੱਕ ਦੇ ਬੱਚਿਆਂ ਨੂੰ ਕ੍ਰੀਮ ਵਾਲਾ ਦੁੱਧ ਦਿੱਤਾ ਜਾ ਸਕਦਾ ਹੈ ਕਿਉਂਕਿ ਕ੍ਰੀਮ ਵਾਲੇ ਦੁੱਧ ਵਿਚ ਚਰਬੀ ਅਤੇ ਵਿਟਾਮਿਨ ਬੱਚਿਆਂ ਨੂੰ ਸਹੀ ਮਾਤਰਾ ਵਿਚ ਮਿਲ ਜਾਣਗੇ। ਬੱਚਿਆਂ ਨੂੰ ਬਚਪਨ ਤੋਂ ਹੀ ਘਟ ਕੈਲੋਰੀ 'ਫੂਡ' ਨਾ ਦਿਓ ਨਹੀਂ ਤਾਂ ਉਨ੍ਹਾਂ ਦਾ ਸਰੀਰਕ ਵਿਕਾਸ ਠੀਕ ਢੰਗ ਨਾਲ ਨਹੀਂ ਹੋਵੇਗਾ। ਦਿਨ ਵਿਚ ਇਕ ਵਾਰ ਖਾਣਾ ਘੱਟ ਤੋਂ ਘੱਟ ਸਾਰੇ ਪਰਿਵਾਰ ਨਾਲ ਮਿਲ ਕੇ ਖਾਓ। ਬੱਚਿਆਂ ਨੂੰ ਵੀ ਉਨ੍ਹਾਂ ਦੀ ਪਲੇਟ ਵਿਚ ਸਭ ਕੁਝ ਉਹੀ ਰੱਖੋ ਜੋ ਤੁਸੀਂ ਖੁਦ ਖਾ ਰਹੇ ਹੋ। ਇਸ ਨਾਲ ਬੱਚੇ ਦੇਖਾ-ਦੇਖੀ ਥੋੜ੍ਹਾ-ਥੋੜ੍ਹਾ ਖਾਣਾ ਸੁਰੂ ਕਰ ਦੇਣਗੇ। ਮਾਤਾਵਾਂ ਨੂੰ ਆਪਣਾ ਕੰਮ ਬਚਾਉਣ ਲਈ ਕਦੀ ਵੀ ਬੱਚਿਆਂ ਨੂੰ ਬ੍ਰੈੱਡ ਜੈਮ, ਚਿਪਸ, ਬਿਸਕੁਟ, ਮੈਗੀ ਆਦਿ ਲਈ ਉਤਸਾਹਤ ਨਹੀਂ ਕਰਨਾ ਚਾਹੀਦਾ। ਬੱਚਿਆਂ ਦੇ ਨਾਸਤੇ ਵਿਚ ਕਦੀ ਸਟੱਫ ਪਰੌਂਠਾ ਅਤੇ ਕਦੀ ਦਾਲ ਵਾਲੇ ਆਟੇ ਦਾ ਪਰੌਂਠਾ, ਕਦੀ ਅੰਡਾ ਬ੍ਰੈੱਡ, ਕਦੀ ਦੁੱਧ ਵਾਲਾ ਦਲੀਆ ਅਤੇ ਕਦੀ ਸੂਜੀ ਦੀ ਖੀਰ ਆਦਿ ਖਾਣ ਨੂੰ ਦਿਓ। ਪੁੰਗਰੀਆਂ ਦਾਲਾਂ ਵਿਚ ਖੀਰਾ, ਟਮਾਟਰ, ਬੰਦ ਗੋਭੀ, ਪਿਆਜ, ਨਿੰਬੂ ਮਿਲਾ ਕੇ ਪੁੰਗਰੀਆਂ ਦਾਲਾਂ ਦੇ ਸਵਾਦ ਨੂੰ ਵਧਾਇਆ ਜਾ ਸਕਦਾ ਹੈ।



ਸਕੂਲ ਦੇ ਟਿਫਿਨ ਵਿਚ : ਬੱਚਿਆਂ ਨੂੰ ਸਕੂਲ ਦਾ ਟਿਫਿਨ ਇਸ ਤਰ੍ਹਾਂ ਤਿਆਰ ਕਰਕੇ ਦਿਓ ਕਿ ਬੱਚੇ ਦਾ ਖਾਣ ਨੂੰ ਮਨ ਕਰੇ। ਬੱਚੇ ਦੀ ਪਸੰਦ ਦਾ ਵੀ ਧਿਆਨ ਰੱਖੋ। ਬੱਚੇ ਨੂੰ ਪਿਆਰ ਨਾਲ ਸਮਝਾਓ ਕਿ ਲੰਚ ਸਮੇਂ ਸਭ ਬੱਚਿਆਂ ਦੇ ਨਾਲ ਮਿਲ ਕੇ ਆਪਣਾ ਟਿਫਿਨ ਖਤਮ ਕਰਕੇ ਆਵੇ। ਆਪਣੇ ਮਿੱਤਰਾਂ ਦੇ ਨਾਲ ਕੁਝ ਸਾਂਝਾ ਕਰਨ ਦੀ ਆਦਤ ਵੀ ਸਿਖਾਓ।

ਬੱਚਿਆਂ ਨੂੰ ਟਿਫਿਨ ਵਿਚ ਬੇਹਾ ਜਾਂ ਬਾਸੀ ਖਾਣਾ ਨਾ ਦਿਓ ਕਿਉਂਕਿ ਗਰਮੀਆਂ ਵਿਚ ਰਾਤ ਦਾ ਬਚਿਆ ਖਾਣਾ ਖਰਾਬ ਹੋ ਸਕਦਾ ਹੈ। ਬੱਚਿਆਂ ਨੂੰ ਟਿਫਿਨ ਵਿਚ ਕਦੀ-ਕਦੀ ਘਰ ਦੇ ਬਣੇ ਬਰਗਰ, ਬ੍ਰੈੱਡ ਪਕੌੜਾ ਆਦਿ ਦੇ ਸਕਦੇ ਹੋ। ਬੱਚਿਆਂ ਦੀ ਭੁੱਖ ਅਨੁਸਾਰ ਟਿਫਿਨ ਵਿਚ ਖਾਣਾ ਦਿਓ।

ਬੱਚਿਆਂ ਨੂੰ ਸਕੂਲ ਕੰਟੀਨ ਤੋਂ ਖਾਣ ਲਈ ਉਤਸਾਹਤ ਨਾ ਕਰੋ। ਥੋੜ੍ਹੇ ਵੱਡੇ ਬੱਚਿਆਂ ਨੂੰ ਹਫਤੇ ਵਿਚ ਇਕ ਵਾਰ ਕੰਟੀਨ ਤੋਂ ਖਾਣਾ-ਖਾਣ ਦੀ ਆਗਿਆ ਦੇ ਦਿਓ। ਸਕੂਲ ਜਾਂਦੇ ਸਮੇਂ ਦੁੱਧ ਦੇ ਨਾਲ ਫਲ ਖਾਣ ਨੂੰ ਦੇ ਸਕਦੇ ਹੋ ਜਿਵੇਂ ਸੇਬ ਅਤੇ ਕੇਲਾ ਆਦਿ।

ਸਾਮ ਨੂੰ ਬੱਚਿਆਂ ਨੂੰ ਘਰ 'ਤੇ ਬਣੇ ਸਨੈਕਸ ਦਿਓ। ਟਿਫਿਨ ਵਿਚ ਹਫਤੇ ਵਿਚ ਇਕ ਵਾਰ ਨਮਕੀਨ ਚਾਵਲ ਸਬਜੀ ਵਾਲੇ ਦੇ ਸਕਦੇ ਹੋ। ਸੈਂਡਵਿਚ, ਪਨੀਰ, ਪਿਆਜ, ਟਮਾਟਰ ਦੇ ਜਾਂ ਖੀਰੇ ਵਾਲੇ, ਮੌਸਮ ਅਨੁਸਾਰ ਦੇ ਸਕਦੇ ਹੋ। ਬੱਚਿਆਂ ਨੂੰ ਬ੍ਰੈੱਡ 'ਤੇ ਚੀਜ ਅਤੇ ਬਾਰੀਕ ਕੱਟੀ ਬੰਦਗੋਭੀ ਵੀ ਟਿਫਿਨ ਵਿਚ ਦਿੱਤੀ ਜਾ ਸਕਦੀ ਹੈ।

ਟਿਫਿਨ ਦੀ ਸਫਾਈ ਵੱਲ ਵੀ ਸਹੀ ਧਿਆਨ ਦਿਓ ਤਾਂ ਕਿ ਟਿਫਿਨ ਵਿਚ ਪਿਛਲੇ ਖਾਣੇ ਦੀ ਬਦਬੂ ਨਾ ਆਵੇ।

## ਕੇਲੇ ਦੇ ਰੋਲਜ

ਤਿਆਰੀ ਦਾ ਸਮਾਂ 10 ਮਿੰਟ, ਪਕਾਉਣ 'ਚ ਲੱਗਣ ਵਾਲਾ ਸਮਾਂ 15 ਮਿੰਟ (ਅੱਠ ਰੋਲਜ ਬਣਾਉਣ ਲਈ)



ਸਮੱਗਰੀ : ਦੋ ਕੱਚੇ ਕੇਲੇ, ਦੋ ਚਾਹ ਵਾਲੇ ਚਮਚ ਬਾਰੀਕ ਕੱਟਿਆ ਅਦਰਕ, ਇਕ ਵੱਡੀ ਇਲਾਇਚੀ ਦੇ ਦਾਣੇ, 1/4 ਕੱਪ ਦੜਊ (ਕੁੱਟੂ) ਦਾ ਆਟਾ, ਸਵਾਦ ਅਨੁਸਾਰ ਸੇਂਧਾ ਨਮਕ, ਦੋ ਚਾਹ ਵਾਲੇ ਚਮਚ ਭੁੰਨਿਆ ਪੀਸਿਆ ਸੁੱਕਾ ਧਨੀਆ, ਅੱਧਾ ਚਾਹ ਵਾਲਾ ਚਮਚ ਮਿਰਚ ਪਾਊਡਰ, ਦੋ ਚਮਚ ਨਿੰਬੂ ਦਾ ਰਸ, ਦੋ ਬਾਰੀਕ ਕੱਟੀਆਂ ਹਰੀਆਂ ਮਿਰਚਾਂ, ਦੋ ਚਮਚ (ਟੇਬਲ) ਕੱਟਿਆ ਹਰਾ ਧਨੀਆ ਅਤੇ ਤਲਣ ਲਈ ਤੇਲ।

ਵਿਧੀ : ਕੇਲੇ ਨੂੰ ਚੰਗੀ ਤਰ੍ਹਾਂ ਧੋ ਕੇ ਛਿੱਲ ਲਓ ਅਤੇ ਅੱਧ 'ਚੋਂ ਕੱਟ ਲਓ। ਕੇਲਾ, ਅਦਰਕ, ਇਲਾਇਚੀ ਸਾਰਿਆਂ ਨੂੰ ਇਕੱਠੇ ਭਾਫ ਲਗਾ ਕੇ ਜਾਂ ਪਾਣੀ ਵਿਚ ਪਾ ਕੇ ਉਦੋਂ ਤੱਕ ਪਕਾਓ ਜਦੋਂ ਤੱਕ ਕਿ ਕੇਲਾ ਪੱਕ ਨਾ ਜਾਵੇ। ਇਹ ਧਿਆਨ ਜਰੂਰ ਰੱਖੋ ਕਿ ਕੇਲਾ ਨਾ ਤਾਂ ਜਿਆਦਾ ਗਲੇ ਅਤੇ ਨਾ ਹੀ ਭਾਂਡੇ ਵਿਚ ਪਾਣੀ ਬਾਕੀ ਰਹੇ . ਪੱਕਣ ਤੋਂ ਬਾਅਦ ਅੱਗ ਤੋਂ ਲਾਹ ਕੇ ਠੰਢਾ ਹੋਣ ਲਈ ਛੱਡ ਦਿਓ।

ਜਦੋਂ ਠੰਢਾ ਹੋ ਜਾਵੇ ਤਾਂ ਕੇਲੇ ਨੂੰ ਮਸਲ ਕੇ ਘਿਓ ਤੋਂ ਇਲਾਵਾ ਬਾਕੀ ਸਾਰੀ ਸਮੱਗਰੀ ਪਾ ਕੇ ਚੰਗੀ ਤਰ੍ਹਾਂ ਹਿਲਾ ਲਓ . ਹੁਣ ਇਸ ਮਿਸਰਨ ਦੇ ਛੋਟੇ-ਛੋਟੇ ਗੋਲੇ ਬਣਾ ਰੋਲਜ ਨੂੰ ਮੱਧਮ ਅੱਗ 'ਤੇ ਦੋਵਾਂ ਪਾਸਿਓ ਤੋਂ ਸੁਨਹਿਰਾ ਹੋਣ ਤੱਕ ਭੁੰਨੋ। ਕੇਲੇ ਦੇ ਰੋਲਜ ਤਿਆਰ ਹਨ। ਗਰਮ-ਗਰਮ ਪਰੋਸੋ।

# ਕੁਝ ਕਹਿੰਦੇ ਹਨ ਬਜੁਰਗ



ਜਿੰਦਗੀ ਦਾ ਆਖਰੀ ਪੜਾਅ ਬੁਢਾਪਾ ਹੈ ਤੇ ਇਸ ਉਮਰ 'ਚ ਹਰ ਇਨਸਾਨ ਸਰੀਰਕ ਤੇ ਮਾਨਸਿਕ ਕਮਜੋਰੀ ਦੀ ਜਕੜ ਵਿਚ ਆ ਜਾਂਦਾ ਹੈ। ਬਚਪਨ ਤੇ ਜਵਾਨੀ ਤੋਂ ਬਾਅਦ ਪਰਿਵਾਰਕ ਜਿੰਮੇਵਾਰੀਆਂ ਨਿਭਾਉਂਦਿਆਂ ਬੱਚਿਆਂ ਦਾ ਭਵਿੱਖ ਸੰਵਾਰਨ, ਉਨ੍ਹਾਂ ਲਈ ਸੁੱਖ-ਸਾਧਨਾਂ ਤੇ ਸਹੂਲਤਾਂ ਦੇ ਉਪਰਾਲੇ ਕਰਦਿਆਂ ਉਮਰ ਦੇ ਇਸ ਪੜਾਅ 'ਤੇ ਉਹ ਇਕੱਲਤਾ ਤੇ ਖਾਲੀਪਨ ਦਾ ਅਹਿਸਾਸ ਪਾਲਦਾ ਹੈ। ਪਹਿਲੇ ਵੇਲਿਆਂ ਵਿਚ ਬਜੁਰਗ ਨੂੰ ਘਰ ਵਿਚ ਸਭ ਤੋਂ ਵੱਡਾ ਤੇ ਸਿਆਣਾ ਜਾਣ ਕੇ ਸਭ ਵਲੋਂ ਸਤਿਕਾਰ ਮਿਲਦਾ ਸੀ। ਉਨ੍ਹਾਂ ਦੀ ਦੇਖਭਾਲ ਤੇ ਸਾਂਭ-ਸੰਭਾਲ ਆਪਣੇ ਕੰਮ ਦਾ ਹਿੱਸਾ ਸਮਝ ਕੇ ਪੁੱਤ-ਭਤੀਜੇ ਤੇ ਪੋਤਰੇ ਰਲ ਕੇ ਕਰਦੇ ਸਨ। ਬੱਚੇ ਇਹ ਕੁਝ ਅੱਖੀਂ ਵੇਖਦੇ ਤੇ ਵੱਡੇ ਹੋ ਕੇ ਰਿਸਤਿਆਂ ਦੀ ਅਹਿਮੀਅਤ ਖੁਦ-ਬਖੁਦ ਪਛਾਣਨ ਲੱਗ ਜਾਂਦੇ ਹਨ ਪਰ ਅੱਜ ਮਾਹੌਲ ਬਦਲ ਚੁੱਕਾ ਹੈ।

ਬਜੁਰਗਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਸਮਝਣ ਤੇ ਵੇਖਣ ਕਿ ਸਾਡੇ ਕੋਲ ਸਮਾਂ ਤੇ ਵਿਹਲ ਕਿੱਥੇ? ਉਹ ਖੁਦ ਹੀ ਆਪਣੇ-ਆਪ ਨੂੰ ਸੰਭਾਲਣ। ਹਰ ਬਜੁਰਗ ਮਾਂ-ਬਾਪ ਵੀ ਪੂਰੀ ਵਾਹ ਲਾਉਂਦੇ ਹਨ ਕਿ ਸਾਡੇ ਬੱਚਿਆਂ ਦੀ ਜੀਵਨ-ਸੈਲੀ ਵਿਚ ਸਾਡੇ ਕਾਰਨ ਕੋਈ ਵਿਘਨ ਨਾ ਆਵੇ। ਇਸ ਸਥਿਤੀ ਵਿਚ ਬਜੁਰਗ ਅੱਜ ਦੀ ਪੀੜ੍ਹੀ ਅੱਗੇ ਕੁਝ ਮੰਗਾਂ ਰੱਖ ਕੇ, ਆਸਾਂ ਉਮੀਦਾਂ ਨਾਲ ਉਨ੍ਹਾਂ ਦੇ ਫਰਜ ਯਾਦ ਕਰਵਾਉਂਦੇ ਹੋਏ ਕੁਝ ਨੁਕਤਿਆਂ 'ਤੇ ਗੌਰ ਕਰਨ ਲਈ ਉਨ੍ਹਾਂ ਨੂੰ ਕੁਝ ਇਸ ਤਰ੍ਹਾਂ ਵੰਗਾਰਦੇ ਹਨ:

ਜਦੋਂ ਅਸੀਂ ਬੁੱਢੇ ਤੇ ਕਮਜੋਰ ਹੋਣ ਦੀ ਸਿਕਾਇਤ ਕਰਦੇ ਹਾਂ ਤਾਂ ਤਲਖ ਨਾ ਹੋਵੋ, ਧੀਰਜ ਰੱਖੋ ਤੇ ਸਾਨੂੰ ਸਮਝਣ ਦੀ ਕੋਸਿਸ ਕਰੋ, ਜਿਵੇਂ ਅਸੀਂ ਤੁਹਾਨੂੰ ਸਮਝਦੇ ਰਹੇ ਹਾਂ।

ਖਾਣਾ ਖਾਣ ਲੱਗੇ ਗੰਦੇ ਹੋ ਜਾਈਏ ਅਤੇ ਕੱਪੜੇ ਆਪ ਨਾ ਪਾ ਸਕੀਏ ਤਾਂ ਸਾਨੂੰ ਸਹਿਣ ਕਰੋ ਤੇ ਸਾਡੀ ਮਦਦ ਕਰੋ। ਉਹ ਸਮਾਂ ਯਾਦ ਕਰੋ ਜਦੋਂ ਅਸੀਂ ਤੁਹਾਨੂੰ ਖਾਣ-ਪੀਣ ਤੋਂ ਬਾਅਦ ਸਾਫ ਕਰਕੇ ਤਿਆਰ ਕਰਦੇ ਰਹੇ ਹਾਂ।

ਜੇਕਰ ਅਸੀਂ ਬੋਲਦੇ ਸਮੇਂ ਇਕੋ ਗੱਲ ਵਾਰ-ਵਾਰ ਦੁਹਰਾਉਂਦੇ ਜਾਈਏ ਤਾਂ ਸਾਨੂੰ ਟੋਕੋ ਨਾ, ਨਿੱਕੇ ਹੁੰਦਿਆਂ ਜਿੰਨਾ ਚਿਰ ਤੁਸੀਂ ਸੌਂ ਨਹੀਂ ਸੀ ਜਾਂਦੇ, ਅਸੀਂ ਉਹੀ ਕਹਾਣੀ ਵਾਰ-ਵਾਰ ਸੁਣਾਉਂਦੇ ਸੀ।

ਜੇਕਰ ਸਾਡਾ ਨਹਾਉਣ ਦਾ ਮਨ ਨਾ ਹੋਵੇ ਤਾਂ ਸਾਨੂੰ ਦਬਕੇ ਨਾ ਮਾਰੋ ਤੇ ਨਾ ਹੀ ਸਰਮਸਾਰ ਕਰੋ, ਯਾਦ ਕਰੋ ਤੁਹਾਨੂੰ ਨਹਾਉਣ ਲੱਗੇ ਸਾਨੂੰ ਕਈ ਬਹਾਨੇ ਸੁਣਨੇ ਪੈਂਦੇ ਸਨ।

ਜੇਕਰ ਕੋਈ ਗੱਲ ਭੁੱਲ ਜਾਈਏ ਜਾਂ ਗੱਲਾਂ ਕਰਦੇ ਲੜੀ ਟੁੱਟ ਜਾਵੇ ਤਾਂ ਸਾਨੂੰ ਯਾਦ ਕਰਨ ਲਈ ਲੋੜੀਂਦਾ ਸਮਾਂ ਦੇ ਕੇ ਸਾਡੇ ਕੋਲ ਬੈਠ ਕੇ ਸੁਣੋ ਜਰੂਰ।

ਜਦੋਂ ਸਾਡੀਆਂ ਕਮਜੋਰ ਲੱਤਾਂ ਤੁਰਨ ਤੋਂ ਆਤੁਰ ਹੋ ਜਾਣ ਤਾਂ ਸਾਡੇ ਨਾਲ ਤੁਰੋ, ਸਾਨੂੰ ਆਪਣਾ ਹੱਥ ਦਿਓ, ਜਿਵੇਂ ਤੁਸੀਂ ਸਾਡਾ ਹੱਥ ਫੜ ਕੇ ਚੱਲਣਾ ਸਿੱਖਦੇ ਸੀ।

ਸਾਡੇ ਇਹ ਨੁਕਤੇ ਪੜ੍ਹ-ਸੁਣ ਕੇ ਤੁਸੀਂ ਘੜਿਆ-ਘੜਾਇਆ ਜਵਾਬ ਜਰੂਰ ਦਿਓਗੇ ਕਿ ਇਹ ਤਾਂ ਤੁਹਾਡੇ ਫਰਜ ਸਨ ਪਰ ਅਸੀਂ ਤੁਹਾਨੂੰ ਜਰੂਰ ਕਹਾਂਗੇ ਕਿ ਤੁਸੀਂ ਵੀ ਸਾਡੇ ਪ੍ਰਤੀ ਆਪਣੇ ਫਰਜ ਤੇ ਜਿੰਮੇਵਾਰੀ ਦਾ ਅਹਿਸਾਸ ਕਰੋ। ਕਿਸੇ ਦਿਨ ਤੁਸੀਂ ਜਾਣ ਜਾਓਗੇ ਕਿ ਤੁਹਾਡੀਆਂ ਕਈ ਗਲਤੀਆਂ ਦੇ ਹੁੰਦਿਆਂ ਵੀ ਅਸੀਂ ਤੁਹਾਡੇ ਲਈ ਵਧੀਆ ਸੋਚਿਆ ਤੇ ਤੁਹਾਡੇ ਲਈ ਰਸਤੇ ਤਿਆਰ ਕੀਤੇ।

ਅਸੀਂ ਤੁਹਾਨੂੰ ਜਾਣ ਲੱਗੇ ਵੀ ਮੁਸਕਰਾਹਟ ਤੇ ਦਿਲੀ ਪਿਆਰ ਹੀ ਦੇ ਕੇ ਜਾਵਾਂਗੇ। ਜੋ ਪਿਆਰ, ਸਤਿਕਾਰ ਦਾ ਪ੍ਰਗਟਾਵਾ ਤੇ ਵਿਖਾਵਾ ਤੁਹਾਨੂੰ ਸਾਡੇ ਜਾਣ ਤੋਂ ਬਾਅਦ ਲੱਖਾਂ ਰੁਪਏ ਖਰਚ ਕਰਕੇ ਕਰਨਾ ਪੈਂਦਾ ਹੈ, ਉਸ ਦੀ ਬਜਾਏ ਸਾਡਾ ਬੁਢਾਪਾ ਵਧੀਆ ਯਾਦਗਾਰ ਤੇ ਸੁਖਦਮਈ ਬਣਾ ਕੇ ਲੋਕਾਂ ਵਿਚ ਮਿਸਾਲ ਪੈਦਾ ਕਰ ਦਿਓ।

ਕੁਲਮਿੰਦਰ ਕੌਰ

# ਨਿੱਕੀਆਂ ਜਿੰਦਾਂ ਵੱਡੇ ਸਾਕੇ



ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਪੁੱਤਰ ਬਾਬਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3 ਸੰਮਤ 1753, ਸੰਨ 1696 ਈਸਵੀ ਤੇ ਬਾਬਾ ਫਤਿਹ ਸਿੰਘ ਦਾ ਜਨਮ ਫੱਗਣ ਸੁਦੀ 7 ਸੰਮਤ 1755, ਸੰਨ 1698 ਈ. ਨੂੰ ਹੋਇਆ ਸੀ। ਪਿਆਰਾ ਸਿੰਘ ਪਦਮ ਅਨੁਸਾਰ ਬਾਬਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3, ਸੰਮਤ 1753 ਬਿਕਰਮੀ ਨੂੰ ਮਾਤਾ ਜਤੋ ਜੀ ਦੀ ਕੁੱਖੋਂ ਆਨੰਦਪੁਰ ਵਿਚ ਹੋਇਆ ਤੇ ਸ਼ਹੀਦੀ 3 ਪੋਹ ਸੰਮਤ 1762 ਬਿਕਰਮੀ ਨੂੰ ਸਰਹਿੰਦ ਵਿਖੇ ਹੋਈ। ਬਾਬਾ ਫਤਿਹ ਸਿੰਘ ਦਾ ਜਨਮ ਫੱਗਣ ਸੁਦੀ ਇਕਾਦਸੀ 1755 ਬਿਕਰਮੀ ਨੂੰ ਮਾਤਾ ਜੀਤੋ ਜੀ ਦੀ ਕੁੱਖੋਂ ਹੋਇਆ ਅਤੇ ਸ਼ਹੀਦੀ ਸਰਹਿੰਦ ਵਿਖੇ ਹੋਈ। ਕਿਉਂਕਿ ਦੋ-ਦੋ ਸਾਹਿਬਜ਼ਾਦੇ ਇਕੱਠੇ ਸ਼ਹੀਦ ਹੋਏ, ਇਸ ਕਰਕੇ ਇਨ੍ਹਾਂ ਨੂੰ 'ਵੱਡੇ ਸਾਹਿਬਜ਼ਾਦੇ' ਤੇ 'ਛੋਟੇ ਸਾਹਿਬਜ਼ਾਦੇ' ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ।

ਬਾਬਾ ਜ਼ੋਰਾਵਰ ਸਿੰਘ ਦੀ ਸ਼ਹਾਦਤ ਸਮੇਂ ਉਨ੍ਹਾਂ ਦੀ ਉਮਰ ਲਗਪਗ 9 ਸਾਲ ਅਤੇ ਬਾਬਾ ਫਤਿਹ ਸਿੰਘ ਦੀ ਲਗਪਗ 7 ਸਾਲ ਸੀ। ਲਾਸਾਨੀ ਕੁਰਬਾਨੀ ਦੇ ਕਾਰਨ ਉਨ੍ਹਾਂ ਨੂੰ 'ਬਾਬਾ' ਪਦ ਨਾਲ ਸਨਮਾਨਿਆ ਜਾਂਦਾ ਹੈ ਅਤੇ ਅਰਦਾਸ ਸਮੇਂ ਇਨ੍ਹਾਂ ਦਾ ਨਾਮ ਸ਼ਰਧਾ, ਸਤਿਕਾਰ ਨਾਲ ਲਿਆ ਜਾਂਦਾ ਹੈ। ਸਾਕਾ ਸਰਹਿੰਦ ਅਤੇ ਇਸ ਨਾਲ ਸਬੰਧਤ ਘਟਨਾਵਾਂ ਦਾ ਸਿਲਸਿਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਨੰਦਪੁਰ ਸਾਹਿਬ ਦਾ ਕਿਲ੍ਹਾ ਖ਼ਾਲੀ ਕਰਨ ਨਾਲ ਸ਼ੁਰੂ ਹੁੰਦਾ ਹੈ। ਇੱਕੀ ਦਸੰਬਰ 1704 ਈ. (ਸੰਮਤ 1761 ਬਿਕਰਮੀ) ਨੂੰ ਗੁਰੂ ਜੀ ਫ਼ੌਜਾਂ ਅਤੇ ਲਾਡਲੇ ਸਾਹਿਬਜ਼ਾਦਿਆਂ ਸਮੇਤ ਥੋੜ੍ਹੀ ਹੀ ਦੂਰ ਗਏ ਸਨ ਕਿ ਮੁਗ਼ਲ ਸੈਨਾ ਨੇ ਪਿੱਛਿਓਂ ਆ ਕੇ ਹਮਲਾ ਕਰ ਦਿੱਤਾ। ਸਿੰਘਾਂ ਨੇ ਬੜੀ ਬਹਾਦਰੀ ਨਾਲ ਮੁਗ਼ਲ ਸੈਨਾ ਦਾ ਟਾਕਰਾ ਕੀਤਾ। ਅੱਗੋਂ ਸਰਸਾ ਨਦੀ ਠਾਠਾਂ ਮਾਰ ਰਹੀ ਸੀ। ਸਰਸਾ ਨੂੰ ਪਾਰ ਕਰਦੇ ਸਮੇਂ ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ। ਕਈ ਸਿੰਘ ਵੀ ਸਰਸਾ ਨਦੀ ਦੀ ਭੇਟ ਹੋ ਗਏ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ 40 ਸਿੰਘ ਰੋਪੜ ਤੋਂ ਹੁੰਦੇ ਹੋਏ ਚਮਕੌਰ ਸਾਹਿਬ ਜਾ ਪੁੱਜੇ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਜੀ ਤੇ ਗੰਗੂ ਰਸੋਈਏ ਨਾਲ ਉਨ੍ਹਾਂ ਦੇ ਪਿੰਡ ਖੇੜੀ ਨੇੜੇ ਮੋਰਿੰਡਾ ਕੋਲ ਜਾ ਪਹੁੰਚੇ। ਗੰਗੂ ਰਸੋਈਆ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ ਤੇ ਆਰਾਮ ਕਰਨ ਲਈ ਇਕ ਕਮਰਾ ਦਿੱਤਾ। ਗੰਗੂ ਆਖ਼ਰ ਇਕ ਨੌਕਰ ਸੀ, ਉਹ ਗੁਰੂ ਦਾ ਸਿੱਖ ਨਹੀਂ ਸੀ। ਉਸ ਦੇ ਘਰਦਿਆਂ ਨੇ ਪ੍ਰੇਰਿਆ ਹੋਣੈ ਕਿ ਸਰਕਾਰ ਦੇ ਐਲਾਨੇ ਬਾਗ਼ੀ ਦੇ ਪਰਿਵਾਰ ਨੂੰ ਘਰ ਵਿਚ ਪਨਾਹ ਦੇ ਕੇ ਉਹ ਆਪਣੇ ਪਿੰਡ ਲਈ ਮੁਸੀਬਤ ਸਹੇੜ ਰਿਹਾ ਹੈ। ਇੱਥੇ ਉਸ ਨੇ ਸਭ ਤੋਂ ਵੱਡਾ ਗੁਨਾਹ ਇਹ ਕੀਤਾ ਕਿ ਉਸ ਨੇ ਆਪਣੇ ਮਾਲਕ ਨਾਲ ਬੇਵਫ਼ਾਈ ਕੀਤੀ। ਪਹਿਲਾਂ ਤਾਂ ਮਾਤਾ ਗੁਜਰੀ ਜੀ ਕੋਲ ਜੋ ਕੁਝ ਨਕਦੀ ਅਤੇ ਸੋਨਾ ਸੀ ਉਹ ਰਾਤ ਨੂੰ ਚੋਰੀ ਕਰ ਲਿਆ ਤੇ ਸਵੇਰੇ ਚੋਰੀ ਹੋਣ ਦਾ ਡਰਾਮਾ ਰਚਿਆ। ਮਾਤਾ ਜੀ ਤਾਂ ਗੰਗੂ ਦੀ ਬਦਨੀਅਤ ਨੂੰ ਪਹਿਲਾਂ ਹੀ ਭਾਂਪ ਗਏ ਸਨ। ਅਗਲੀ ਸਵੇਰ 9 ਪੋਹ (23 ਦਸੰਬਰ) ਨੂੰ ਇਲਾਕੇ ਦੇ ਥਾਣੇਦਾਰ ਨੂੰ ਬੁਲਾ ਕੇ ਇਹ ਸੂਚਨਾ ਦੇਣੀ ਕਿ ਗੁਰੂ ਜੀ ਦੇ ਸਤਿਕਾਰਯੋਗ ਮਾਤਾ ਜੀ ਅਤੇ ਉਨ੍ਹਾਂ ਨਾਲ ਦੋ ਛੋਟੇ-ਛੋਟੇ ਸਾਹਿਬਜ਼ਾਦੇ ਘਰ ਵਿਚ ਲਿਆਂਦੇ ਹੋਏ ਹਨ। ਮਾਤਾ ਜੀ ਦਾ ਮਾਲ-ਧਨ ਚੋਰਾਂ ਵਾਂਗ ਰਾਤ ਨੂੰ ਚੁਰਾ ਲੈਣ ਤੋਂ ਪਿੱਛੋਂ ਗੰਗੂ ਸਵੇਰੇ ਸੱਚਾ ਬਣਨ ਲਈ ਸਰਕਾਰ ਦੀਆਂ ਨਜ਼ਰਾਂ 'ਚ ਮੁਖ਼ਬਰ ਬਣ ਕੇ ਇਨਾਮ ਦਾ ਹੱਕਦਾਰ ਬਣ ਰਿਹਾ ਸੀ। ਮੋਰਿੰਡੇ ਦਾ ਕੋਤਵਾਲ ਮਾਤਾ ਗੁਜਰੀ ਜੀ ਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਰਹਿੰਦ ਲੈ ਗਿਆ ਅਤੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਅਗਲੇ ਦਿਨ 10 ਪੋਹ (ਦਸੰਬਰ) ਨੂੰ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੇ ਹੁਕਮ ਨਾਲ ਉਸ ਦੀ ਕਚਹਿਰੀ 'ਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਬੱਚਿਆਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਅਤੇ ਕਈ ਤਰ੍ਹਾਂ ਦੇ ਲਾਲਚ ਦਿੱਤੇ ਪਰ ਸਾਹਿਬਜ਼ਾਦਿਆਂ ਨੇ ਸਭ ਕੁਝ ਠੁਕਰਾ ਦਿੱਤਾ। 11 ਪੋਹ (ਦਸੰਬਰ) ਨੂੰ ਸਾਹਿਬਜ਼ਾਦਿਆਂ ਨੂੰ ਦੁਬਾਰਾ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਕਈ ਤਰ੍ਹਾਂ ਦੇ ਡਰਾਵੇ ਦਿੱਤੇ ਗਏ ਪਰ ਜਿਨ੍ਹਾਂ ਦੀਆਂ ਰਗਾਂ ਵਿਚ ਦਸਮੇਸ਼ ਪਿਤਾ ਦਾ ਖ਼ੂਨ ਹੋਵੇ ਅਤੇ ਜਿਨ੍ਹਾਂ ਦੇ ਵਡੇਰਿਆਂ ਦੀ ਇਹ ਕੁਲ ਰੀਤੀ ਚਲੀ ਆ ਰਹੀ ਹੈ :

*ਸੀਸੁ ਦੀਆ ਪਰ ਸਿਰਰੁ ਨ ਦੀਆ ..*

(ਦਸਮ ਗ੍ਰੰਥ ਸਾਹਿਬ ਜੀ, ਅੰਗ 54)

ਉਹ ਕਿਵੇਂ ਝੂਠ, ਡਰਾਵੇ ਅਤੇ ਫੋਕੇ ਮਾਇਆ ਦੇ ਲਾਲਚ ਅੱਗੇ ਝੁਕ ਸਕਦੇ ਸਨ। ਕੋਈ ਵੱਸ ਨਾ ਚੱਲਦਾ ਵੇਖ ਸੂਬੇਦਾਰ ਨੇ ਆਪਣੀ ਹਾਰ ਸਮਝਦਿਆਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣ ਦੇਣ ਦਾ ਫ਼ੈਸਲਾ ਦੇ ਦਿੱਤਾ। ਨਵਾਬ ਮਲੇਰਕੋਟਲਾ ਵੀ ਉਸ ਸਮੇਂ ਉੱਥੇ ਹੀ ਸੀ। ਉਸ ਨੇ ਸੂਬੇਦਾਰ (ਵਜ਼ੀਰ ਖਾਂ) ਨੂੰ ਬੜੇ ਜ਼ੋਰਦਾਰ ਸ਼ਬਦਾਂ ਵਿਚ ਅਪੀਲ ਕੀਤੀ ਕਿ ਵਜ਼ੀਰ ਖ਼ਾਂ, "ਤੇਰਾ ਝਗੜਾ ਗੁਰੂ ਗੋਬਿੰਦ ਸਿੰਘ ਨਾਲ ਹੈ, ਉਸ ਨਾਲ ਤੂੰ ਜੰਗ ਕਰਦਾ ਵੀ ਚੰਗਾ ਲੱਗਦਾ ਹੈਂ। ਇਨ੍ਹਾਂ ਨਿੱਕੇ ਜਿਹੇ ਮਾਸੂਮ ਬੱਚਿਆਂ ਨੇ ਤੇਰਾ ਕੀ ਵਿਗਾੜਿਆ ਹੈ? ਇਨ੍ਹਾਂ ਨੂੰ ਮਾਰਨਾ ਤੇਰੀ ਬੁਜ਼ਦਿਲੀ ਹੋਵੇਗੀ।" ਡਾ. ਹਰਚੰਦ ਸਿੰਘ ਸਰਹਿੰਦੀ ਤੇ ਹੋਰ ਕਈ ਲੇਖਕਾਂ ਅਨੁਸਾਰ 12 ਪੋਹ (26 ਦਸੰਬਰ) ਨੂੰ ਚੁੱਪ ਵਰਤੀ ਰਹੀ। 13 ਪੋਹ (27 ਦਸੰਬਰ) ਨੂੰ ਸਾਹਿਬਜ਼ਾਦਿਆਂ ਨੂੰ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਕਈ ਤਰ੍ਹਾਂ ਦੇ ਸਾਹਿਬਜ਼ਾਦਿਆਂ ਨੂੰ ਸਵਾਲ ਕੀਤੇ ਤੇ ਲਾਲਚ ਦਿੱਤੇ ਪਰ ਸਾਹਿਬਜ਼ਾਦੇ ਸ਼ਾਂਤ ਤੇ ਆਪਣੇ ਫ਼ੈਸਲੇ 'ਤੇ ਅਟੱਲ ਰਹੇ। ਸੂਬੇਦਾਰ ਦੇ ਹੁਕਮ ਨਾਲ ਸਮਾਣੇ ਦੇ ਦੋ ਜਲਾਦਾਂ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰ ਦਿੱਤੇ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਸਾਹਿਬਜ਼ਾਦਿਆਂ ਦੇ ਸਿਰ ਕਲਮ ਕੀਤੇ ਜਾਣ ਬਾਰੇ ਦੱਸਿਆ ਹੈ। ਕਈ ਲੇਖਕਾਂ ਨੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕੀਤਾ ਗਿਆ ਲਿਖਿਆ ਹੈ। ਅਨੇਕਾਂ ਚਿੱਤਰਕਾਰਾਂ ਨੇ ਵੀ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਦਿਆਂ ਦੀਆਂ ਤਸਵੀਰਾਂ ਬਣਾਈਆਂ ਹਨ। ਜਦੋਂ ਮਾਤਾ ਗੁਜਰੀ ਜੀ ਨੇ ਬੱਚਿਆਂ ਦੀ ਸ਼ਹੀਦੀ ਦੀ ਖ਼ਬਰ ਸੁਣੀ ਤਾਂ ਉਹ ਬੇਹੋਸ਼ ਹੋ ਗਏ ਤੇ ਦੁਬਾਰਾ ਹੋਸ਼ ਵਿਚ ਨਾ ਆਏ।

ਗੁਰੂਘਰ ਦੇ ਅਨਿੰਨ ਸੇਵਕ ਸੇਠ ਦੀਵਾਨ ਟੋਡਰ ਮੱਲ ਨੇ ਤਿੰਨ ਸ਼ਹੀਦਾਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਦਾ ਸਸਕਾਰ ਕਰਨ ਲਈ 78000 ਸੋਨੇ ਦੀ ਮੋਹਰਾਂ ਖੜ੍ਹੀਆਂ ਜ਼ਮੀਨ 'ਤੇ ਵਿਛਾ ਕੇ ਮੁਸਲਿਮ ਬਾਦਸ਼ਾਹ ਤੋਂ ਜ਼ਮੀਨ ਖ਼ਰੀਦੀ। ਸੋਨੇ ਦੀ ਕੀਮਤ ਦੇ ਮੁਤਾਬਕ ਇਸ ਚਾਰ ਸਕੁਏਅਰ ਮੀਟਰ ਜ਼ਮੀਨ ਦੀ ਕੀਮਤ ਦੋ ਅਰਬ ਪੰਜਾਹ ਕਰੋੜ ਰੁਪਏ ਬਣਦੀ ਹੈ। ਜਿੱਥੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਦਿੱਤੀ ਸੀ, ਉੱਥੇ ਅੱਜਕੱਲ੍ਹ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਸਥਿਤ ਹੈ। ਜਿੱਥੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ ਗਿਆ, ਉੱਥੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਬਣਿਆ ਹੋਇਆ ਹੈ। ਇਹ ਗੁਰਦੁਆਰਾ ਸਰਹਿੰਦ-ਚੁੰਗੀ ਸੜਕ 'ਤੇ ਸਥਿਤ ਹੈ। ਗੁਰਦੁਆਰਾ ਸ੍ਰੀ ਫਤਿਹਪੁਰ ਸਾਹਿਬ ਸਰਹਿੰਦ-ਮੋਰਿੰਡਾ ਸੜਕ 'ਤੇ ਸਥਿਤ ਹੈ। ਫਤਿਹਗੜ੍ਹ ਸਾਹਿਬ (ਸਰਹਿੰਦ) ਵਿਖੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਯਾਦ 'ਚ ਹਰ ਸਾਲ ਹੁੰਦੇ ਸਮਾਗਮ ਨੂੰ ਸ਼ਹੀਦੀ ਸਭਾ, ਜੋੜ-ਮੇਲਾ, ਸ਼ਹੀਦੀ ਦਿਹਾੜਾ ਕਿਹਾ ਜਾਂਦਾ ਹੈ। ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਸ ਸ਼ਹੀਦੀ ਸਭਾ ਤੇ ਜਾਣ ਦਾ ਮੌਕਾ ਪ੍ਰਾਪਤ ਹੋਇਆ। ਉਸ ਸਮੇਂ ਛੋਟੇ ਸਾਹਿਬਜ਼ਾਦਿਆਂ ਦਾ ਤਿੰਨ ਸੌ ਸਾਲਾ ਸ਼ਹੀਦੀ ਸਮਾਗਮ ਸੀ। ਗੁਰਦੁਆਰਾ ਫਤਿਹਗੜ੍ਹ ਸਾਹਿਬ ਪਹੁੰਚਣ ਲਈ ਤਿੰਨ-ਚਾਰ ਕਿਲੋਮੀਟਰ ਪੈਦਲ ਤੁਰਨਾ ਪਿਆ। ਲੱਖਾਂ ਹੀ ਸੰਗਤਾਂ ਦਾ ਇਕੱਠ ਸੀ। ਥਾਂ-ਥਾਂ ਗੁਰੂ ਕਾ ਲੰਗਰ, ਜਲੇਬੀਆਂ, ਲੱਡੂ, ਬਰੈੱਡ-ਪਕੌੜੇ, ਮਠਿਆਈਆਂ (ਵੇਸਣ ਦੀ ਬਰਫ਼ੀ), ਬਾਲੂਸ਼ਾਹੀ, ਖੀਰ, ਪੂੜੇ ਆਦਿ ਵਰਤਾਏ ਜਾ ਰਹੇ ਸਨ। ਕਈ ਲੰਗਰਾਂ 'ਚ ਤਾਂ ਲਾਊਡ ਸਪੀਕਰਾਂ ਰਾਹੀਂ ਸੰਗਤਾਂ ਨੂੰ ਲੰਗਰ ਛਕਣ ਲਈ ਆਖਿਆ ਜਾ ਰਿਹਾ ਸੀ। ਬਦਾਮਾਂ ਵਾਲੀ ਖੀਰ ਇੱਥੇ ਮਿਲਦੀ ਹੈ, ਆਦਿ ਲਿਖ ਕੇ ਲਗਾਇਆ ਹੋਇਆ ਸੀ।

ਲੇਖਕ ਨੇ ਆਪਣੀ ਪਤਨੀ ਨਾਲ ਸੁਭਾਵਿਕ ਹੀ ਗੱਲ ਕੀਤੀ ਕਿ ਛੋਟੇ ਸਾਹਿਬਜ਼ਾਦਿਆਂ ਨੇ ਤਾਂ ਨੀਹਾਂ 'ਚ ਚਿਣ ਕੇ ਸ਼ਹੀਦੀ ਪ੍ਰਾਪਤ ਕੀਤੀ ਹੈ। ਫਿਰ ਇਹ ਜਲੇਬੀਆਂ, ਬਰੈੱਡ, ਪਕੌੜਿਆਂ ਤੇ ਵੱਖ-ਵੱਖ ਤਰ੍ਹਾਂ ਦੀਆਂ ਮਠਿਆਈਆਂ ਦੇ ਲੰਗਰ ਕਿਉਂ ਲਗਾਏ ਜਾਂਦੇ ਹਨ? ਇਹ ਤਾਂ ਸ਼ਹੀਦੀ ਦਿਵਸ ਹੈ, ਕੋਈ ਅਵਤਾਰ ਗੁਰਪੁਰਬ ਨਹੀਂ। ਇਕ ਸੱਜਣ ਨੇ ਇਹ ਵੀ ਕਿਹਾ ਤੇ ਮੈਂ ਸੁਣਿਆ ਵੀ ਹੈ ਕਿ ਇੱਥੋਂ ਦੇ ਲੋਕ 1 ਹਫ਼ਤਾ ਚੱਲਣ ਵਾਲੇ ਸ਼ਹੀਦੀ ਸਮਾਗਮ ਮੌਕੇ ਭੁੰਜੇ ਹੀ ਸੌਂਦੇ ਹਨ। ਘਰ ਦਾ ਕੋਈ ਵੀ ਜੀਅ ਮੰਜੇ, ਬੈੱਡ, ਪਲੰਘ 'ਤੇ ਆਰਾਮ ਨਹੀਂ ਕਰਦਾ। ਇਨ੍ਹਾਂ ਸਮਾਗਮਾਂ ਸਮੇਂ ਦਾਲ, ਸਬਜ਼ੀ ਤੇ ਪ੍ਰਸ਼ਾਦਿਆਂ (ਰੋਟੀ, ਫੁਲਕਾ) ਦਾ ਹੀ ਲੰਗਰ ਲਗਾਉਣਾ ਚਾਹੀਦਾ ਹੈ। ਵਿਆਹ ਤੇ ਹੋਰ ਖ਼ੁਸ਼ੀ ਦੇ ਸਮਾਗਮ ਨਹੀਂ ਕਰਨੇ ਚਾਹੀਦੇ, ਸ਼ਹੀਦਾਂ ਦੀਆਂ ਕਵਿਤਾਵਾਂ ਤੇ ਸਾਖੀਆਂ ਹੀ ਸੁਣਨੀਆਂ ਚਾਹੀਦੀਆਂ ਹਨ। ਛੋਟੇ ਸਾਹਿਬਜ਼ਾਦਿਆਂ ਦੀ ਯਾਦ 'ਚ ਸਥਾਪਿਤ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੀ ਸ਼ਹੀਦੀ ਸਭਾ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਪੁੱਜਦੀਆਂ ਹਨ। ਹਰ ਸਾਲ ਜਦੋਂ ਸ਼ਹੀਦੀ ਸਭਾ ਦਾ ਦਿਨ ਨੇੜੇ ਆਉਂਦਾ ਹੈ ਤਾਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸਾਕਾ ਅੱਖਾਂ ਅੱਗੇ ਆ ਜਾਂਦਾ ਹੈ। ਨੌਂ ਤੇ ਸੱਤ ਸਾਲ ਦੀ ਉਮਰ 'ਚ ਸਾਹਿਬਜ਼ਾਦਿਆਂ ਨੇ ਸੂਬੇਦਾਰ ਦੀ ਕਚਹਿਰੀ 'ਚ ਜੋ ਜਵਾਬ ਦਿੱਤੇ, ਉਹ ਰੌਂਗਟੇ ਖੜ੍ਹੇ ਕਰਨ ਵਾਲੇ ਸਨ।

ਕਰਨੈਲ ਸਿੰਘ ਐੱਮਏ

# ਅੱਖਾਂ ਦੀ ਤੰਦਰੁਸਤੀ ਦਾ ਰੱਖੋ ਪੂਰਾ ਧਿਆਨ



ਅੱਖਾਂ ਕੁਦਰਤ ਵਲੋਂ ਮਨੁੱਖ ਨੂੰ ਦਿੱਤੀ ਜਾਣ ਵਾਲੀ ਅਜਿਹੀ ਅਨਮੋਲ ਦਾਤ ਹਨ, ਜੋ ਉਸ ਦੀ ਜ਼ਿੰਦਗੀ ਨੂੰ ਰੌਸ਼ਨ-ਨੁਮਾ ਕਰਦੀਆਂ ਹਨ ਅਤੇ ਇਨ੍ਹਾਂ ਅੱਖਾਂ ਦੇ ਸਹਾਰੇ ਹੀ ਮਨੁੱਖ ਰੰਗੀਨ ਸੰਸਾਰ ਨਾਲ ਜੁੜ ਕੇ ਜੀਵਨ ਦੀਆਂ ਭਰਪੂਰ ਖ਼ੁਸ਼ੀਆਂ ਦਾ ਅਨੰਦ ਮਾਣ ਸਕਦਾ ਹੈ। ਸਿਆਣਿਆਂ ਦਾ ਕਥਨ ਹੈ 'ਦੰਦ ਗਏ ਸੁਆਦ ਗਿਆ, ਅੱਖਾਂ ਗਈਆਂ ਜਹਾਨ ਗਿਆ'। ਆਦਮੀ ਦੀ ਜ਼ਿੰਦਗੀ ਵਿਚ ਅੱਖਾਂ ਦੀ ਏਨੀ ਵੱਡੀ ਅਹਿਮੀਅਤ ਨੂੰ ਵੇਖਦਿਆਂ, ਇਨ੍ਹਾਂ ਦੀ ਦੇਖਭਾਲ ਕਰਨੀ ਬੇਹੱਦ ਲਾਜ਼ਮੀ ਹੋ ਜਾਂਦੀ ਹੈ। ਰੋਜ਼ਾਨਾ ਜੀਵਨ ਵਿਚ ਨਿੱਕੀਆਂ-ਨਿੱਕੀਆਂ ਗੱਲਾਂ ਦਾ ਧਿਆਨ ਰੱਖ ਕੇ ਅੱਖਾਂ ਦੀ ਤੰਦਰੁਸਤੀ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਆਓ, ਜਾਣੀਏ ਇਨ੍ਹਾਂ ਦੀ ਸੰਭਾਲ ਸੰਬੰਧੀ ਕੁਝ ਨੁਕਤੇ :

1. ਅੱਖਾਂ ਦੀ ਤੰਦਰੁਸਤੀ ਲਈ ਸੰਤੁਲਿਤ ਭੋਜਨ ਲਓ, ਜਿਸ ਵਿਚ ਸਬਜ਼ੀਆਂ ਤੇ ਫਲ ਭਰਪੂਰ ਮਾਤਰਾ ਵਿਚ ਹੋਣ, ਖ਼ਾਸ ਕਰਕੇ ਗਾੜ੍ਹੇ ਪੀਲੇ ਫਲ ਅਤੇ ਹਰੇ ਰੰਗ ਦੀਆਂ ਸਬਜ਼ੀਆਂ ਸ਼ਾਮਿਲ ਹੋਣ।

2. ਅੱਖਾਂ ਨੂੰ ਵਾਰ-ਵਾਰ ਮਲਿਆ ਨਾ ਜਾਵੇ ਅਤੇ ਧਿਆਨ ਰੱਖਿਆ ਜਾਵੇ ਕਿ ਅੱਖਾਂ ਨੂੰ ਛੂਹਣ ਤੋਂ ਪਹਿਲਾਂ ਹੱਥਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲਿਆ ਜਾਵੇ। ਅਜਿਹਾ ਕਰਨ ਨਾਲ ਅੱਖਾਂ ਨੂੰ ਲਾਗ ਤੋਂ ਬਚਾਇਆ ਜਾ ਸਕਦਾ ਹੈ।

3. ਨੰਗੀਆਂ ਅੱਖਾਂ ਨਾਲ ਸੂਰਜ ਵੱਲ ਸਿੱਧੇ ਨਾ ਵੇਖਿਆ ਜਾਵੇ। ਧੁੱਪ ਵਿਚਲੀਆਂ ਯੂ.ਵੀ. ਕਿਰਨਾਂ ਤੋਂ ਬਚਣ ਲਈ ਧੁੱਪ ਵਾਲੀਆਂ ਐਨਕਾਂ ਵਰਤੀਆਂ ਜਾਣ।

4. ਮੋਟਾਪਾ, ਕੋਲੈਸਟ੍ਰੋਲ, ਹਾਈ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਆਦਿ ਦਾ ਅੱਖਾਂ ਦੀ ਸਿਹਤ ਉੱਤੇ ਸਿੱਧਾ ਅਸਰ ਪੈਂਦਾ ਹੈ। ਇਨ੍ਹਾਂ ਬਿਮਾਰੀਆਂ ਤੋਂ ਬਚਣ ਲਈ ਰੋਜ਼ਾਨਾ ਕਸਰਤ ਦਾ ਸਹਾਰਾ ਲਿਆ ਜਾਵੇ।

5. ਅੱਖਾਂ ਦੀਆ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਣ ਲਈ ਅੱਖਾਂ ਦੀ ਕਸਰਤ ਵੀ ਕੀਤੀ ਜਾਵੇ।

6. ਨਸ਼ੇ ਦੀ ਵਰਤੋਂ ਕਰਨ ਨਾਲ ਅੱਖਾਂ ਦੀਆਂ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਲਈ ਇਨ੍ਹਾਂ ਦੀ ਵਰਤੋਂ ਤੋਂ ਬਚਿਆ ਜਾਵੇ।

7. ਦਿਨ ਵਿਚ 7-8 ਘੰਟੇ ਨੀਂਦ ਲੈਣ ਨਾਲ ਅੱਖਾਂ ਨੂੰ ਆਰਾਮ ਮਿਲਦਾ ਹੈ।

8. ਉਮਰ ਵੱਧਣ ਨਾਲ ਸ਼ੂਗਰ ਜਾਂ ਹਾਈ ਬਲੱਡ ਪ੍ਰੈਸ਼ਰ ਕਾਰਨ ਅੱਖਾਂ ਅੰਦਰ ਤਰਲ ਦਾ ਦਬਾਅ ਵੱਧਣ ਲੱਗਦਾ ਹੈ, ਜਿਸ ਦਾ ਅੱਖਾਂ ਦੀ ਸਿਹਤ ਉੱਤੇ ਮਾੜਾ ਅਸਰ ਪੈਂਦਾ ਹੈ। ਮਾਹਿਰ ਇਸ ਨੂੰ ਇੰਟਰਾ ਓਕੂਲਰ ਦਬਾਅ ਦਾ ਵਧਣਾ ਆਖਦੇ ਹਨ। ਇਸ ਦਬਾਅ ਦੇ ਵਧਣ ਕਾਰਨ ਅੱਖਾਂ ਦਾ ਪਰਦਾ ਜਾਂ ਆਪਟਿਕ ਨਸ ਖ਼ਰਾਬ ਹੋ ਸਕਦੇ ਹਨ ਜਾਂ ਕਾਲਾ ਮੋਤੀਆ (ਮੋਤੀਆ ਬਿੰਦ) ਹੋ ਸਕਦਾ ਹੈ, ਜਿਸ ਨਾਲ ਆਦਮੀ ਦੀ ਨਜ਼ਰ ਉਮਰ ਭਰ ਲਈ ਜਾ ਸਕਦੀ ਹੈ। ਇਨ੍ਹਾਂ ਤੋਂ ਬਚਣ ਲਈ ਜਦੋਂ ਕਦੀ ਵੀ ਅੱਖਾਂ ਭਾਰੀਆਂ ਲੱਗਣ ਤਾਂ ਡਾਕਟਰੀ ਸਲਾਹ ਲਈ ਜਾਵੇ।

9. ਸਰੀਰਕ ਤੰਦਰੁਸਤੀ ਲਈ ਖ਼ਾਸ ਕਰਕੇ ਅੱਖਾਂ ਦੀ ਸਹੀ ਸਲਾਮਤੀ ਲਈ ਭਰਪੂਰ ਪਾਣੀ ਪੀਤਾ ਜਾਵੇ।

10. ਪੜ੍ਹਦੇ-ਲਿਖਦੇ ਜਾਂ ਕੰਪਿਊਟਰ 'ਤੇ ਕੰਮ ਕਰਦੇ ਸਮੇਂ ਕਾਪੀ-ਕਿਤਾਬ ਅਤੇ ਮਾਨੀਟਰ ਆਦਿ ਨੂੰ ਅੱਖਾਂ ਤੋਂ ਇਕ ਖ਼ਾਸ ਦੂਰੀ 'ਤੇ ਰੱਖਿਆ ਜਾਵੇ। ਜੇਕਰ ਤੁਸੀਂ ਲੰਮਾ ਸਮਾਂ ਕੰਪਿਊਟਰ 'ਤੇ ਕੰਮ ਕਰਦੇ ਹੋ ਤਾਂ ਹਰ ਅੱਧੇ ਘੰਟੇ ਬਾਅਦ ਥੋੜ੍ਹੇ ਸਮੇਂ ਲਈ ਅੱਖਾਂ ਨੂੰ ਆਰਾਮ ਦਿਓ।

11. ਜੇਕਰ ਨੇੜੇ ਜਾਂ ਦੂਰ ਦੇਖਣ ਵਿਚ ਕੋਈ ਮੁਸ਼ਕਿਲ ਮਹਿਸੂਸ ਹੋਵੇ ਤਾਂ ਡਾਕਟਰੀ ਸਲਾਹ ਲਵੋ।

12. ਆਪਣੇ ਚੌਗਿਰਦੇ ਦੀ ਸਾਫ਼-ਸਫ਼ਾਈ ਬਣਾ ਕੇ ਰੱਖੋ, ਤਾਂ ਕਿ ਤੁਹਾਡੀਆਂ ਅੱਖਾਂ ਉੱਤੇ ਧੂੜ ਨਾ ਪਵੇ।

13. ਜਿਨ੍ਹਾਂ ਲੋਕਾਂ ਨੂੰ ਨਜ਼ਰ ਦੀ ਐਨਕ ਲੱਗੀ ਹੋਈ ਹੈ, ਉਨ੍ਹਾਂ ਨੂੰ ਪੜ੍ਹਨ-ਲਿਖਣ ਲੱਗਿਆਂ ਐਨਕ ਦੀ ਵਰਤੋਂ ਕਰਨੀ ਚਾਹੀਦੀ ਹੈ।

ਅਸ਼ਵਨੀ ਚਤਰਥ

# ਜਦੋਂ ਹੱਡੀ ਟੁੱਟ ਜਾਵੇ



ਬਾਂਹ, ਲੱਤ, ਉਂਗਲੀ, ਹੱਥ, ਪੈਰ ਦੀ ਹੱਡੀ ਟੁੱਟਣ ਨੂੰ ਫਰੈਕਚਰ ਕਹਿੰਦੇ ਹਨ। ਹੱਡੀ ਨੂੰ ਜੁੜਨ ਵਿਚ ਆਮ ਤੌਰ 'ਤੇ ਤਿੰਨ ਤੋਂ ਛੇ ਮਹੀਨੇ ਤੱਕ ਲੱਗ ਜਾਂਦੇ ਹਨ। ਹੱਡੀ ਜੁੜਨ ਤੋਂ ਬਾਅਦ ਅੰਗ ਨੂੰ ਪੂਰੀ ਤਰ੍ਹਾਂ ਸਹੀ ਹੋਣ ਵਿਚ ਕਦੀ-ਕਦੀ ਜ਼ਿਆਦਾ ਸਮਾਂ ਵੀ ਲੱਗ ਜਾਂਦਾ ਹੈ।

ਕਾਰਨ : ਫਰੈਕਚਰ ਹੋਣ 'ਤੇ ਕਈ ਵਾਰ ਹੱਡੀ ਦੇ ਟੁਕੜਿਆਂ ਵਿਚਾਲੇ ਮਾਸ ਆ ਜਾਣ 'ਤੇ ਹੱਡੀ ਸਹੀ ਰੂਪ ਨਾਲ ਨਹੀਂ ਜੁੜਦੀ। ਇਸ ਹਾਲਤ ਵਿਚ ਆਪ੍ਰੇਸ਼ਨ ਕਰਵਾਉਣਾ ਪੈ ਸਕਦਾ ਹੈ। ਫਰੈਕਚਰ ਹੋਣ 'ਤੇ ਕਈ ਵਾਰ ਖੁੱਲ੍ਹੇ ਜ਼ਖ਼ਮ ਵੀ ਨਾਲ ਹੀ ਹੋ ਜਾਂਦੇ ਹਨ ਜਾਂ ਹੱਡੀ ਕਈ ਥਾਵਾਂ ਤੋਂ ਟੁੱਟ ਜਾਂਦੀ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਵੀ ਹੱਡੀ ਜੁੜਨ ਵਿਚ ਜ਼ਿਆਦਾ ਸਮਾਂ ਲਗਦਾ ਹੈ ਪੈਰ ਦੀ ਹੱਡੀ, ਪੱਟ ਦੀ ਹੱਡੀ, ਗਰਦਨ ਦੇ ਕੋਲ ਦੀ ਹੱਡੀ, ਗੁੱਟ ਅਤੇ ਪੰਜੇ ਦੀ ਹੱਡੀ ਕੁਝ ਮੁਸ਼ਕਿਲ ਨਾਲ ਜੁੜਦੀ ਹੈ ਕਿਉਂਕਿ ਇਨ੍ਹਾਂ ਅੰਗਾਂ ਦੀਆਂ ਹੱਡੀਆਂ ਦੀ ਬਨਾਵਟ ਇਸ ਤਰ੍ਹਾਂ ਦੀ ਹੁੰਦੀ ਹੈ ਜਿਨ੍ਹਾਂ ਵਿਚ ਖੂਨ ਦਾ ਦੌਰਾ ਕੁਝ ਘੱਟ ਹੁੰਦਾ ਹੈ। ਸ਼ੂਗਰ ਹੋਣ 'ਤੇ, ਟੀ.ਬੀ. ਹੋਣ 'ਤੇ, ਹਾਰਮੋਨਜ਼ ਅਸੰਤੁਲਨ ਹੋਣ 'ਤੇ ਜਾਂ ਬੁਢਾਪੇ ਵਿਚ ਵੀ ਹੱਡੀਆਂ ਦੇ ਜੁੜਨ ਦੀ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ। ਹੱਡੀ ਟੁੱਟਣ 'ਤੇ ਹਮੇਸ਼ਾ ਹੱਡੀਆਂ ਦੇ ਮਾਹਿਰ ਡਾਕਟਰ ਦੀ ਸਲਾਹ ਜ਼ਰੂਰ ਲਓ। ਮਾਲਿਸ਼ ਕਰਵਾ ਕੇ ਹੱਡੀ ਦਾ ਨੁਕਸਾਨ ਨਾ ਕਰਵਾਓ। ਜੇਕਰ ਤੁਸੀਂ ਡਾਕਟਰ ਤੋਂ ਸੰਤੁਸ਼ਟ ਨਹੀਂ ਹੋ ਤਾਂ ਕਿਸੇ ਹੋਰ ਹੱਡੀ ਮਾਹਿਰ ਤੋਂ ਜ਼ਰੂਰ ਸਲਾਹ ਲਓ। ਪਲੱਸਤਰ ਵਾਲੀ ਥਾਂ 'ਤੇ ਪੂਰਾ ਧਿਆਨ ਰੱਖੋ ਅਤੇ ਲਗਾਤਾਰ ਸਮੇਂ 'ਤੇ ਜਾਂਚ ਕਰਵਾਉਂਦੇ ਰਹੋ। ਥੋੜ੍ਹੀ ਜਿਹੀ ਲਾਪ੍ਰਵਾਹੀ ਤੁਹਾਡੇ ਅੰਗ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਸਾਵਧਾਨੀਆਂ : ਸਮੇਂ ਤੋਂ ਪਹਿਲਾਂ ਪਲੱਸਤਰ ਕੱਟ ਦੇਣ ਨਾਲ ਹੱਡੀ ਮੁੜ ਸਕਦੀ ਹੈ ਅਤੇ ਕੱਚੀ ਵੀ ਜੁੜ ਸਕਦੀ ਹੈ। ਮਾਲਿਸ਼, ਖਿੱਚ-ਧੂਹ ਅਤੇ ਸੇਕ ਨਾਲ ਹੱਡੀ ਨੂੰ ਨੁਕਸਾਨ ਵੀ ਪਹੁੰਚ ਸਕਦਾ ਹੈ। ਪਲੱਸਤਰ ਲਗਾਉਣ ਤੋਂ ਬਾਅਦ ਕਦੀ ਵੀ ਪੈਂਸਿਲ ਜਾਂ ਕਿਸੇ ਨੁਕੀਲੀ ਚੀਜ਼ ਨਾਲ ਖਾਰਸ਼ ਨਾ ਕਰੋ। ਇਸ ਦੇ ਅੰਦਰ ਲਗਣ 'ਤੇ ਇਨਫੈਕਸ਼ਨ ਵੀ ਹੋ ਸਕਦੀ ਹੈ। ਪਲੱਸਤਰ ਨੂੰ ਕਦੀ ਖ਼ੁਦ ਨਾ ਕੱਟੋ, ਨਾ ਹੀ ਛੋਟਾ ਕਰੋ। ਪਲੱਸਤਰ ਨੂੰ ਪਾਣੀ ਤੋਂ ਬਚਾ ਕੇ ਰੱਖੋ। ਪਲੱਸਤਰ ਦੇ ਟੁੱਟ ਜਾਣ 'ਤੇ ਜਾਂ ਚਟਕ ਜਾਣ 'ਤੇ ਤੁਰੰਤ ਡਾਕਟਰ ਦੀ ਸਲਾਹ ਲਓ। ਹੱਡੀ ਖਿਸਕ ਕੇ ਗਲਤ ਵੀ ਜੁੜ ਸਕਦੀ ਹੈ।

ਪਲੱਸਤਰ ਲਗਾਉਣ ਤੋਂ ਬਾਅਦ ਡਾਕਟਰ ਤੋਂ ਜਾਣਕਾਰੀ ਲੈ ਲਓ ਕਿ ਪਲੱਸਤਰ ਲੱਗੇ ਅੰਗ ਨੂੰ ਕਿੰਨਾ ਹਿਲਾਉਣਾ ਚਾਹੀਦਾ ਹੈ, ਕਿੰਨਾ ਕੰਮ ਉਸ ਅੰਗ ਤੋਂ ਲੈਣਾ ਚਾਹੀਦਾ ਹੈ ਅਤੇ ਕਿੰਨਾ ਵਜ਼ਨ ਉਸ ਅੰਗ ਨਾਲ ਚੁੱਕਣਾ ਚਾਹੀਦਾ ਹੈ। ਉਸ ਅੰਗ ਨੂੰ ਕਿੰਨੇ ਆਰਾਮ ਦੀ ਜ਼ਰੂਰਤ ਹੈ, ਇਸ ਦੀ ਵੀ ਪੂਰੀ ਜਾਣਕਾਰੀ ਲਓ। ਜ਼ਿਆਦਾ ਹਿਲਾਉਣ-ਜੁਲਾਉਣ ਨਾਲ ਹੱਡੀ ਦੇਰ ਨਾਲ ਜੁੜਦੀ ਹੈ ਅਤੇ ਖਿਸਕ ਵੀ ਸਕਦੀ ਹੈ।

ਨੀਤੂ ਗੁਪਤਾ

# ਸੂਪ ਪੀਓ, ਸਿਹਤ ਬਣਾਓ

ਕਿਸੇ ਵੀ ਮੌਸਮ ਵਿਚ ਸਬਜ਼ੀਆਂ ਦਾ ਸੂਪ ਪੀਣਾ ਕਾਫੀ ਫਾਇਦੇਮੰਦ ਮੰਨਿਆ ਜਾਂਦਾ ਹੈ। ਜਿੱਥੇ ਇਹ ਕਾਫੀ ਸੁਆਦ ਹੁੰਦਾ ਹੈ, ਉੱਥੇ ਕਈ ਸਰੀਰਕ ਸਮੱਸਿਆਵਾਂ ਤੋਂ ਵੀ ਬਚਾਉਂਦਾ ਹੈ। ਜਿਸ ਮੌਸਮ ਵਿਚ ਜਿਨ੍ਹਾਂ ਸਬਜ਼ੀਆਂ ਦੀ ਬਹਾਰ ਹੁੰਦੀ ਹੈ, ਉਨ੍ਹਾਂ ਸਬਜ਼ੀਆਂ ਦਾ ਸੂਪ ਜ਼ਰੂਰ ਪੀਣਾ ਚਾਹੀਦਾ ਹੈ।

ਸੂਪ ਦੇ ਲਾਭ ਸੂਪ ਸਬਜ਼ੀਆਂ ਦੇ ਉਪਯੋਗ ਦਾ ਬਹੁਤ ਵਧੀਆ ਤਰੀਕਾ ਹੈ ਕਿਉਂਕਿ ਜੇਕਰ ਅਸੀਂ ਸਬਜ਼ੀਆਂ ਨੂੰ ਪਕਾ ਕੇ ਖਾਂਦੇ ਹਾਂ ਤਾਂ ਇਨ੍ਹਾਂ ਵਿਚ ਕਈ ਪੌਸ਼ਕ ਤੱਤ ਖ਼ਤਮ ਹੋ ਜਾਂਦੇ ਹਨ ਪਰ ਸੂਪ ਬਣਾਉਂਦੇ ਸਮੇਂ ਇਨ੍ਹਾਂ ਦੇ ਪੌਸ਼ਕ ਤੱਤ ਅਤੇ ਵਿਟਾਮਿਨ ਸੁਰੱਖਿਅਤ ਰਹਿੰਦੇ ਹਨ।

ਇਹ ਦਮਾ, ਸ਼ੂਗਰ ਅਤੇ ਹੋਰ ਕਈ ਤਰ੍ਹਾਂ ਦੀਆਂ ਬੀਮਾਰੀਆਂ 'ਚ ਲਾਭਦਾਇਕ ਹੁੰਦੇ ਹਨ। ਇਹ ਸਿਰਫ਼ ਸਬਜ਼ੀਆਂ ਦੇ ਕਾਰਨ ਹੀ ਲਾਭਦਾਇਕ ਨਹੀਂ ਹੁੰਦੇ ਬਲਕਿ ਇਸ ਲਈ ਵੀ ਲਾਭਦਾਇਕ ਹੁੰਦੇ ਹਨ ਕਿਉਂਕਿ ਇਨ੍ਹਾਂ ਨੂੰ ਤਿਆਰ ਕਰਦੇ ਸਮੇਂ ਅਸੀਂ ਅਦਰਕ, ਲਸਣ, ਕਾਲੀ ਮਿਰਚ ਆਦਿ ਦਾ ਇਸਤੇਮਾਲ ਕਰਦੇ ਹਾਂ। ਇਹ ਪਦਾਰਥ ਖੰਘ ਅਤੇ ਬਲਗਮ ਨੂੰ ਘੱਟ ਕਰਨ ਵਿਚ ਸਹਾਇਕ ਹੁੰਦੇ ਹਨ। ਲਸਣ ਕੋਲੈਸਟਰੋਲ ਨੂੰ ਘੱਟ ਕਰਨ ਦਾ ਚੰਗਾ ਸਾਧਨ ਹੈ। ਨਾਲ ਹੀ ਇਨ੍ਹਾਂ ਸਬਜ਼ੀਆਂ ਵਿਚ ਐਂਟੀਆਕਸੀਡੈਂਟ ਤੱਤ ਪਾਏ ਜਾਂਦੇ ਹਨ।

ਸੂਪ ਵਿਚ ਮੌਜੂਦ ਐਂਟੀਆਕਸੀਡੈਂਟ ਖ਼ੂਨ ਵਿਚ ਸ਼ੂਗਰ ਦੇ ਖ਼ਤਰੇ ਨੂੰ ਘਟਾਉਂਦੇ ਹਨ।



ਇਹ ਭਾਰ ਨੂੰ ਘੱਟ ਕਰਨ ਵਿਚ ਵੀ ਸਹਾਇਕ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਬਹੁਤ ਘੱਟ ਕੈਲੋਰੀਜ਼ ਹੁੰਦੀਆਂ ਹਨ।



ਸੂਪ ਚਾਹ ਜਾਂ ਕਾਫੀ ਤੋਂ ਕਿਤੇ ਵੱਧ ਬਿਹਤਰ ਹੁੰਦੇ ਹਨ। ਬੱਚੇ ਪਕਾਈਆਂ ਹੋਈਆਂ ਸਬਜ਼ੀਆਂ ਤੋਂ ਵੱਧ ਸੂਪ ਨੂੰ ਪਸੰਦ ਕਰਦੇ ਹਨ।

ਸੂਪ ਬਣਾਉਂਦੇ ਸਮੇਂ ਧਿਆਨ ਦਿਓ ਜਦੋਂ ਤੁਸੀਂ ਘਰ ਵਿਚ ਸਬਜ਼ੀਆਂ ਦਾ ਸੂਪ ਤਿਆਰ ਕਰਦੇ ਹੋ ਤਾਂ ਇਸ ਵਿਚ ਦੁੱਧ ਜਾਂ ਕ੍ਰੀਮ ਨਾ ਮਿਲਾਓ, ਕਿਉਂਕਿ ਇਹ ਸੂਪ ਵਿਚ ਸਿਰਫ਼ ਕੈਲੋਰੀ ਹੀ ਨਹੀਂ ਵਧਾਉਂਦੇ ਬਲਕਿ ਇਹ ਸੂਪ ਵਿਚ ਮੌਜੂਦ ਵਿਟਾਮਿਨ ਵੀ ਸਰੀਰ ਨੂੰ ਪ੍ਰਾਪਤ ਕਰਨ ਤੋਂ ਰੋਕਦੇ ਹਨ।

ਇਨ੍ਹਾਂ ਵਿਚ ਕਾਰਨਫਲੌਰ ਅਤੇ ਮੈਦਾ ਮਿਲਾਉਣ ਤੋਂ ਬਚੋ ਕਿਉਂਕਿ ਇਹ ਸੂਪ ਵਿਚ ਹੋਣ ਵਾਲੇ ਫਾਇਦੇ ਵਿਚ ਅੜਚਣਾਂ ਪਾਉਂਦੇ ਹਨ।

ਬਾਜ਼ਾਰ ਵਿਚ ਮਿਲਣ ਵਾਲੇ ਪੈਕੇਟ ਬੰਦ ਸੂਪ ਦਾ ਇਸਤੇਮਾਲ ਨਾ ਕਰੋ। ਸਿਰਫ਼ ਤਾਜ਼ਾ ਅਤੇ ਘਰ ਵਿਚ ਬਣੇ ਸੂਪ ਵਿਚ ਹੀ ਐਂਟੀਆਕਸੀਡੈਂਟ ਤੱਤ ਪਾਏ ਜਾਂਦੇ ਹਨ।

ਇਸ ਵਿਚ ਰੋਗ ਨਿਵਾਰਕ ਪਦਾਰਥ ਜਿਵੇਂ ਧਨੀਆ, ਅਦਰਕ, ਲਸਣ ਆਦਿ ਮਿਲਾਓ।

ਸੂਪ ਨੂੰ ਸੰਪੂਰਣ ਭੋਜਨ ਬਨਾਉਣ ਲਈ ਇਸ ਵਿਚ ਚਿਕਨ ਜਾਂ ਟੋਫੂ ਮਿਲਾਓ ਯਾ ਉਬਲੀ ਹੋਈ ਮੂੰਗੀ ਦੀ ਦਾਲ ਜਾਂ ਛੋਲਿਆਂ ਦੀ ਦਾਲ ਮਿਲਾਓ।

ਕੁਝ ਮਹੱਤਵਪੂਰਣ ਸੂਪ : ਪਿਆਜ਼ ਦਾ ਸੂਪ ਕੋਲਾਟਿੰਗ ਡਿਸਆਡਰ ਲਈ ਫਾਇਦੇਮੰਦ ਹੈ। ਬੰਦ ਗੋਭੀ ਦਾ ਸੂਪ ਭਾਰ ਨੂੰ ਘੱਟ ਕਰਨ ਵਿਚ ਸਹਾਇਕ ਹੁੰਦਾ ਹੈ। ਮਿਲੀਆਂ-ਜੁਲੀਆਂ ਸਬਜ਼ੀਆਂ ਅਤੇ ਚਿਕਨ ਦਾ ਸੂਪ ਇਕ ਸੰਪੂਰਨ ਆਹਾਰ ਹੈ।

ਪਾਲਕ ਦਾ ਸੂਪ ਖ਼ੂਨ ਦੀ ਕਮੀ ਨੂੰ ਦੂਰ ਕਰਦਾ ਹੈ।

ਸੂਪ ਬੱਚਿਆਂ ਦੇ ਵਿਕਾਸ ਲਈ ਲਾਭਕਾਰੀ ਹੁੰਦਾ ਹੈ।

# ਯਾਦ ਸ਼ਕਤੀ ਲਈ ਘਾਤਕ ਹੈ ਐਲੂਮੀਨੀਅਮ



ਬ੍ਰੈਡ, ਪਨੀਰ, ਕੇਕ, ਡੱਬਾ ਬੰਦ ਅਚਾਰ ਆਦਿ ਖਾਣ ਵਾਲੇ ਪਦਾਰਥਾਂ ਦਾ ਇਸਤੇਮਾਲ ਅੱਜ ਕੱਲ੍ਹ ਬਹੁਤ ਹੋਣ ਲੱਗਾ ਹੈ। ਇਸ ਵਿਚ ਮੌਜੂਦ ਐਲੂਮੀਨੀਅਮ ਦੇ ਕਣ ਸਿਹਤ ਘਾਤਕ ਪ੍ਰਭਾਵ ਪਾਉਂਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਵੱਧ ਮਾਤਰਾ ਵਿਚ ਐਲੂਮੀਨੀਅਮ ਜਦੋਂ ਸਰੀਰ ਦੇ ਅੰਦਰ ਪਹੁੰਚਦਾ ਹੈ ਤਾਂ ਇਸ ਨਾਲ ਨਾ ਸਿਰਫ ਯਾਦ ਸ਼ਕਤੀ ਘੱਟ ਹੁੰਦੀ ਹੈ, ਬਲਕਿ ਇਸ ਦੇ ਪ੍ਰਭਾਵ ਨਾਲ ਹੱਡੀਆਂ ਵੀ ਟੇਢੀਆਂ-ਮੇਢੀਆਂ ਹੋਣ ਲਗਦੀਆਂ ਹਨ। ਇਥੋਂ ਤਕ ਕਿ ਇਹ ਲਗਪਗ ਚਾਲੀ ਸਾਲ ਦੀ ਉਮਰ ਤੋਂ ਬਾਅਦ ਦਿਮਾਗ ਦੀਆਂ ਕੋਸ਼ਿਕਾਵਾਂ ਦਾ ਵਾਧਾ ਇਕਦਮ ਰੁਕ ਸਕਦਾ ਹੈ।

ਇਸ ਦੇ ਨਾਲ ਕਿਡਨੀ, ਦਿਮਾਗ, ਲਿਵਰ ਅਤੇ ਹੱਡੀਆਂ ਵਿਚ ਜਮ੍ਹਾਂ ਹੁੰਦਾ ਹੈ। ਇਕ ਖੋਜ ਅਨੁਸਾਰ ਗੁਰਦਿਆਂ ਵਿਚ ਐਲੂਮੀਨੀਅਮ ਦੇ ਜਮ੍ਹਾਂ ਹੋਣ ਨਾਲ ਗੁਰਦੇ ਮੁੱਖ ਕੰਮ ਸਰੀਰ ਵਿਚ ਫਾਸਫੇਟ ਦੀ ਮਾਤਰਾ ਨੂੰ ਕੰਟਰੋਲ ਕਰਨਾ ਛੱਡ ਦਿੰਦੀਆਂ ਹਨ।

ਚੂਹਿਆਂ 'ਤੇ ਕੀਤੇ ਗਏ ਤਜਰਬਿਆਂ ਨਾਲ ਇਹ ਸਿੱਧ ਹੋਇਆ ਹੈ ਕਿ ਕੈਲਸ਼ੀਅਮ ਬਹੁਤ ਹੱਦ ਤਕ ਐਲੂਮੀਨੀਅਮ 'ਤੇ ਕਾਬੂ ਰੱਖਣ ਵਿਚ ਸਹਾਇਤਾ ਕਰਦਾ ਹੈ। ਇਸ 'ਤੇ ਅਜੇ ਹੋਰ ਖੋਜ ਕੀਤੀ ਜਾ ਰਹੀ ਹੈ, ਜਿਸ ਨਾਲ ਭਵਿੱਖ ਵਿਚ ਕੁਝ ਹੋਰ ਵੀ ਨਵੇਂ ਤੱਥ ਸਾਹਮਣੇ ਆਉਣ ਦੀ ਸੰਭਾਵਨਾ ਹੈ।

ਇਲਾਜ ਨਾਲੋਂ ਪਰਹੇਜ਼ ਹਮੇਸ਼ਾ ਚੰਗਾ ਹੁੰਦਾ ਹੈ ਅਤੇ ਆਓ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਈਏ :

ਭੋਜਨ ਬਣਾਉਣ ਲਈ ਜਿੱਥੋਂ ਤਕ ਸੰਭਵ ਹੋਵੇ ਐਲੂਮੀਨੀਅਮ ਦੇ ਭਾਂਡਿਆਂ ਦਾ ਇਸਤੇਮਾਲ ਨਾ ਕਰੋ। ਜੇਕਰ ਐਲੂਮੀਨੀਅਮ ਦੇ ਭਾਂਡੇ ਦਾ ਇਸਤੇਮਾਲ ਕਰਨਾ ਵੀ ਹੋਵੇ ਤਾਂ ਅਮਲੀ ਪਦਾਰਥ ਜਾਂ ਨਿੰਬੂ ਦਾ ਰਸ, ਟਮਾਟਰ ਦੀ ਚਟਨੀ ਆਦਿ ਇਸ ਵਿਚ ਨਾ ਰੱਖੋ। ਡੱਬਾ ਬੰਦ ਪ੍ਰੋਸੈਸਡ ਭੋਜਨ-ਜਿਸ ਵਿਚ ਸੰਭਾਲਨ ਵਾਲੇ ਤੱਤ ਪ੍ਰੀਜ਼ਰਵੇਟਿਵ ਦਾ ਇਸਤੇਮਾਲ ਕੀਤਾ ਗਿਆ ਹੋਵੇ ਦੇ ਇਸਤੇਮਾਲ ਤੋਂ ਬਚੋ।

ਐਲੂਮੀਨੀਅਮ ਜ਼ੈਲ ਐਂਟਾਸਿਡ ਦਾ ਇਸਤੇਮਾਲ ਨਾ ਕਰੋ।

ਗਰਭਵਤੀ ਔਰਤਾਂ, ਵਧੇਰੇ ਉਮਰ ਵਾਲੇ ਵਿਅਕਤੀ, ਸ਼ਰਾਬ ਪੀਣ ਵਾਲੇ ਜਾਂ ਜੋ ਹਰ ਰੋਜ਼ ਕੈਲੀਸ਼ੀਅਮ ਘੱਟ ਮਾਤਰਾ ਵਿਚ ਲੈਂਦੇ ਹੋਣ, ਉਨ੍ਹਾਂ ਲਈ ਐਲੂਮੀਨੀਅਮ ਤੋਂ ਪਰਹੇਜ਼ ਬਹੁਤ ਜ਼ਰੂਰੀ ਹੈ।

ਜੇਕਰ ਦਿਮਾਗ ਜਾਂ ਹੱਡੀਆਂ ਦੇ ਠੀਕ ਵਿਕਾਸ ਵਿਚ ਥੋੜ੍ਹੀ ਵੀ ਕਮੀ ਦਾ ਅਹਿਸਾਸ ਹੋਵੇ, ਆਸਟੋਪੋਰੋਸਿਸ ਜਾਂ ਯਾਦ ਸ਼ਕਤੀ ਕਮਜ਼ੋਰ ਹੋਣ ਦਾ ਕੋਈ ਵੀ ਲੱਛਣ ਦਿਖਾਈ ਦੇਵੇ ਤਾਂ ਬਿਨਾਂ ਦੇਰ ਕੀਤੇ ਤੁਰੰਤ ਮਾਹਿਰਾਂ ਨਾਲ ਸੰਪਰਕ ਸਥਾਪਿਤ ਕਰੋ।

# ਫ਼ਾਇਦੇ ਟਮਾਟਰ-ਰਸ ਦੇ



ਪਕੇ ਹੋਏ ਟਮਾਟਰਾਂ ਦਾ ਰਸ ਸਵੇਰੇ ਅਤੇ ਸ਼ਾਮ 20 ਗ੍ਰਾਮ ਤਾਜ਼ੇ ਅਤੇ ਕੋਸੇ ਪਾਣੀ ਨਾਲ ਪੀਣ ਤੇ ਫੋੜੇ, ਫਿਨਸੀ ਅਤੇ ਖਾਰਸ਼ ਆਦਿ ਵਿਚ ਲਾਭ ਹੁੰਦਾ ਹੈ। ਇਸ ਰਸ ਦੇ ਸੇਵਨ ਨਾਲ ਮਧੂਮੇਹ ਭਾਵ ਸ਼ੂਗਰ ਰੋਗੀ ਦੇ ਮੂਤਰ ਵਿਚ ਸ਼ੱਕਰ ਦੀ ਮਾਤਰਾ ਆਮ ਹੋ ਜਾਂਦੀ ਹੈ। ਬੁਖ਼ਾਰ ਵਿਚ ਇਸ ਦੇ ਰਸ ਦਾ ਸੇਵਨ ਕਰਨ ਨਾਲ ਬੁਖ਼ਾਰ ਠੀਕ ਹੋ ਜਾਂਦਾ ਹੈ। ਮੂੰਹ ਦੇ ਛਾਲੇ ਅਤੇ ਮਸੂੜਿਆਂ 'ਚੋਂ ਖ਼ੂਨ ਵਗਣ 'ਤੇ ਟਮਾਟਰ ਦੇ ਰਸ ਨੂੰ ਪਾਣੀ ਵਿਚ ਮਿਲਾ ਕੇ ਕੁਰਲੀ ਕਰਨ 'ਤੇ ਰਹਿਣ ਨਾਲ ਮੂੰਹ ਦੇ ਛਾਲੇ ਠੀਕ ਹੋ ਜਾਂਦੇ ਹਨ ਅਤੇ ਮਸੂੜਿਆਂ 'ਚੋਂ ਖ਼ੂਨ ਆਉਣਾ ਵੀ ਰੁਕ ਜਾਂਦਾ ਹੈ।

ਭਾਰਤੀ ਜਨਤਾ ਨੂੰ ਅਪਮਾਨਜਨਕ ਜ਼ਿੰਦਗੀ 'ਚੋਂ ਕੱਢ ਕੇ ਇਕ ਨਰੋਆ, ਸੰਤੁਲਿਤ, ਮਨੁੱਖੀ-ਬਰਾਬਰੀ, ਸਾਂਝੀਵਾਲਤਾ, ਗੈਰਤ, ਗੌਰਵ ਅਤੇ ਅਣਖ-ਭਰਪੂਰ ਜੀਵਨ ਮੁਹੱਈਆ ਕਰਾਉਣ ਹਿੱਤ ਗੁਰੂ ਸਾਹਿਬਾਨ ਨੇ ਇਕ ਸਰਬਪੱਖੀ ਕ੍ਰਾਂਤੀ ਦਾ ਮੁੱਢ ਬੰਨ੍ਹਿਆ। ਇਸ ਨਵੀਂ ਰੋਸ਼ਨੀ ਦੇ ਪ੍ਰਕਾਸ਼ ਨਾਲ ਭਾਰਤੀ ਸਮਾਜ ਦੇ ਹਰ ਪਹਿਲੂ ਉੱਤੇ ਕਾਬਜ਼ ਲੋਕਾਂ ਨੇ ਡੱਟ ਕੇ ਵਿਰੋਧ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਇਕ ਟਕਰਾਅ ਆਰੰਭ ਹੋ ਗਿਆ।

ਇਸ ਲੰਮੇ ਸੰਘਰਸ਼ ਦੌਰਾਨ ਗੁਰੂ ਪਰਿਵਾਰਾਂ, ਅਣਗਿਣਤ ਸਿੰਘਾਂ-ਸਿੰਘਣੀਆਂ ਅਤੇ ਭੁਝੰਗੀਆਂ ਨੂੰ ਤਸੀਹੇ ਝੱਲਣੇ ਪਏ। ਜੰਗਲਾਂ ਵਿਚ ਜੀਵਨ ਬਤੀਤ ਕਰਨ ਲਈ ਮਜਬੂਰ ਹੋਣਾ ਪਿਆ। ਲਾਮਿਸਾਲ ਸ਼ਹੀਦੀਆਂ ਪਾ ਕੇ ਦੇਸ਼ ਦੇ ਧਰਮ, ਗੌਰਵ, ਅਣਖ, ਹੋਂਦ-ਹਸਤੀ ਨੂੰ ਬਚਾਅ ਲਿਆ। ਇਨ੍ਹਾਂ ਲਾਮਿਸਾਲ ਸ਼ਹੀਦੀਆਂ ਨੂੰ ਹਰ ਰੋਜ਼ ਸਮੁੱਚਾ ਸਿੱਖ ਜਗਤ ਅਰਦਾਸ ਵਿਚ ਯਾਦ ਕਰ ਕੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ ਵਿਚ ਸਭ ਤੋਂ ਵੱਧ ਦਰਦਨਾਕ ਘਟਨਾ ਹੈ। ਇਹ ਦਿਲ ਨੂੰ ਕੰਬਾਅ ਦੇਣ ਵਾਲਾ ਘੋਰ ਪਾਪ ਅਤੇ ਘਿਨਾਉਣੇ ਜ਼ੁਲਮ ਦਾ ਸਾਕਾ ਹੈ। ਇਹ ਘਟਨਾ ਮਨੁੱਖੀ ਦਰਿੰਦਗੀ ਦਾ ਘਿਨਾਉਣਾ ਚਿੱਤਰ ਪੇਸ਼ ਕਰਦੀ ਹੈ। ਸਾਹਿਬਜ਼ਾਦਿਆਂ ਦੇ ਅੰਦਰ ਜੂਝ ਮਰਨ, ਦ੍ਰਿੜ੍ਹਤਾ ਅਤੇ ਸਿੱਖ-ਸਿਦਕ ਦੀ ਭਾਵਨਾ ਦੇ ਸਿਖਰ ਨੂੰ ਪ੍ਰਗਟ ਕਰਦੀ ਹੈ। 8 ਪੋਹ 1761 ਬਿਕ੍ਰਮੀ ਨੂੰ ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਚਮਕੌਰ ਦੀ ਜੰਗ ਲੜਦੇ ਹੋਏ ਸ਼ਹੀਦ ਹੋ ਗਏ। 13 ਪੋਹ 1761 ਬਿਕ੍ਰਮੀ ਨੂੰ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਸੂਬਾ ਸਰਹਿੰਦ ਵਲੋਂ ਜਿਉਂਦੇ-ਜੀਅ ਕੰਧਾਂ ਵਿਚ ਚਿਣਵਾ ਕੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਗਏ। ਇਸ ਸ਼ਹਾਦਤ ਦੀ ਮਹਾਨਤਾ ਬਾਰੇ 'ਮੈਥਿਲੀ ਸ਼ਰਣ ਗੁਪਤ' ਨੇ ਲਿਖਿਆ ਹੈ :

*ਜਿਸ ਕੁਲ ਜਾਤੀ ਦੇਸ਼ ਕੇ ਬੱਚੇ, ਦੇ ਸਕਤੇ ਹੈਂ ਯੌਂ ਬਲੀਦਾਨ ।*

*ਉਸ ਕਾ ਵਰਤਮਾਨ ਕੁਛ ਭੀ ਹੋ, ਭਵਿਸ਼ਯ ਹੈ ਮਹਾਂ ਮਹਾਨ ।*

ਖਾਲਸਾ ਸਦਗੁਣ ਭਰਪੂਰ ਨਿਰਾਲੀ ਸ਼ਖ਼ਸੀਅਤ ਹੈ। ਖਾਲਸਾ ਗੁਰੂ ਨੂੰ ਤਨ, ਮਨ ਤੇ ਧਨ ਸੌਂਪ ਦਿੰਦਾ ਹੈ। ਜਬਰ-

# ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ

ਜ਼ੁਲਮ ਦੇ ਟਾਕਰੇ ਲਈ ਜੂਝ ਮਰਨ ਤੋਂ ਝਿਜਕਦਾ ਨਹੀਂ ਹੈ। ਸਤਿਗੁਰਾਂ ਦਾ ਇਸ ਮਾਰਗ ਦੇ ਪਾਂਧੀ ਲਈ ਸਿਧਾਂਤ ਇਸ ਪ੍ਰਕਾਰ ਹੈ :



*ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ*
*ਇਤੁ ਮਾਰਗਿ ਪੈਰੁ ਧਰੀਜੈ ਸਿਰ ਦੀਜੈ ਕਾਣਿ ਨ ਕੀਜੈ (ਪੰਨਾ 1412)*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ (ਪੰਨਾ 558)*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ (ਪੰਨਾ 757)*
*ਅਰੁ ਸਿਖ ਹੌਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ*
*ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ (ਚੰਡੀ ਚਰਿਤ੍ਰ)*

1704 ਈ. ਵਿਚ ਮੁਗ਼ਲ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਸਾਂਝੀ ਕਮਾਨ ਹੇਠ ਸ੍ਰੀ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਘੇਰਾ ਲੰਮਾ ਹੋਣ 'ਤੇ ਦੁਸ਼ਮਣ ਵਲੋਂ ਗੁਰੂ ਜੀ ਨਾਲ ਸਮਝੌਤਾ ਕੀਤਾ ਗਿਆ। ਸਮਝੌਤੇ ਦੀ ਸ਼ਰਤ ਇਹ ਸੀ ਕਿ ਇਕ ਵਾਰ ਗੁਰੂ ਜੀ ਸ੍ਰੀ ਆਨੰਦਪੁਰ ਸਾਹਿਬ ਛੱਡ ਦੇਣ, ਉਨ੍ਹਾਂ ਨੂੰ ਬੇਰੋਕ ਜਾਣ ਦਿੱਤਾ ਜਾਵੇਗਾ।

ਗੁਰੂ ਜੀ ਦੇ ਕਿਲਾ ਖਾਲੀ ਕਰ ਕੇ ਜਾਣ 'ਤੇ ਦੁਸ਼ਮਣ ਨੇ ਸਾਰੀਆਂ ਕਸਮਾਂ ਤੋੜ ਕੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਹ ਧਰਮਹੀਣ ਰਾਜ ਸੱਤਾ ਦਾ ਹੀ ਨੰਗਾ ਨਾਚ ਸੀ। ਬੇਈਮਾਨੀ, ਵਾਇਦਾ-ਖ਼ਿਲਾਫੀ, ਚੰਗੇਜ਼ੀ ਅਤੇ ਦਰਿੰਦਗੀ ਦਾ ਘਿਨਾਉਣਾ ਕਾਰਾ ਸੀ। ਸਰਸਾ ਨਦੀ ਦੇ ਨੇੜੇ ਪਹੁੰਚਦਿਆਂ ਗਹਿਗੱਚ ਲੜਾਈ ਹੋਈ, ਜਿਸ ਦੌਰਾਨ ਦੋਹਾਂ ਧਿਰਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਇਸੇ ਘਮਸਾਨ ਦੇ ਯੁੱਧ ਦੌਰਾਨ ਸਤਿਗੁਰਾਂ ਦਾ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਅਤੇ ਵਿਛੜ ਗਿਆ। ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਵਹੀਰ ਤੋਂ ਇਕ ਪਾਸੇ ਨੂੰ ਵੱਖ ਹੋ ਗਏ। ਮਾਤਾ ਸੁੰਦਰੀ ਜੀ ਅਤੇ ਕੁਝ ਸਿੰਘ ਹੋਰ ਪਾਸੇ ਨੂੰ ਹੋ ਗਏ। ਦੁਨੀਆ ਦੇ ਜੰਗਾਂ-ਯੁੱਧਾਂ ਦੇ ਇਤਿਹਾਸ ਵਿਚ ਇਹ ਇਕੋ-ਇਕ ਘਟਨਾ ਹੋਈ ਜਦੋਂ ਮਰਦ-ਏ-ਮੈਦਾਨ, ਸ਼ਹਿਨਸ਼ਾਹ-ਏ-ਸ਼ਹਿਨਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਜਿਥੇ ਜੰਗ ਦਾ ਸਾਜ਼ੋ-ਸਾਮਾਨਤੀਰ, ਤੇਗ, ਢਾਲ, ਬਰਛਾ, ਛਵੀ ਆਦਿ ਸਨ, ਉਥੇ ਗੁਰਮਤਿ ਸੰਗੀਤ ਦੇ ਸਾਜ਼ ਸਿਰੰਦਾ, ਸਿਤਾਰ ਆਦਿ ਵੀ ਨਾਲ ਸਨ।

6 ਅਤੇ 7 ਪੋਹ ਦੀ ਰਾਤ ਦਾ ਸਮਾਂ ਅੰਮ੍ਰਿਤ ਵੇਲੇ ਦਾ ਹੋਇਆ। ਦੁਸ਼ਮਣਾਂ ਨੇ ਭਾਈ ਹਮਲਾ ਬੋਲਿਆ ਹੋਇਆ ਸੀ, ਪਾਤਸ਼ਾਹ ਨੇ ਆਪਣੇ ਵੱਡੇ ਸਪੁੱਤਰ ਬਾਬਾ ਅਜੀਤ ਸਿੰਘ, ਭਾਈ ਜੀਵਨ ਸਿੰਘ (ਜੈਤਾ ਜੀ), ਭਾਈ ਉਦੇ ਸਿੰਘ ਨੂੰ ਹੋਰ ਸਿੰਘਾਂ ਸਮੇਤ ਹਮਲਾਵਰਾਂ ਦਾ ਮੁਕਾਬਲਾ ਕਰਨ ਦਾ ਹੁਕਮ ਕੀਤਾ। ਦੂਜੇ ਪਾਸੇ ਭਾਈ ਦਇਆ ਸਿੰਘ ਆਦਿ ਨੂੰ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ' ਅਨੁਸਾਰ 'ਆਸਾ ਕੀ ਵਾਰ' ਦਾ ਕੀਰਤਨ ਕਰਨ ਲਈ ਕਿਹਾ। ਅਜਿਹਾ ਕਾਰਜ ਕੇਵਲ ਤੇ ਕੇਵਲ ਦਸਮੇਸ਼ ਪਿਤਾ ਹੀ ਕਰ ਸਕਦੇ ਸਨ, ਜਦੋਂ ਅਜਿਹੇ ਅਤਿ ਬਿਖਮ, ਖ਼ਤਰੇ ਭਰਪੂਰ ਹਾਲਾਤ ਵਿਚ ਅਤੇ ਮੈਦਾਨ-ਏ-ਜੰਗ ਵਿਚ ਉਹ ਆਪਣਾ 'ਫਰਜ਼-ਏ-ਇਲਾਹੀ' ਨਹੀਂ ਭੁੱਲੇ।

ਦੁਨੀਆ ਦੇ ਇਤਿਹਾਸ ਵਿਚ ਇਹ ਇਕੋ-ਇਕ ਅਲੋਕਾਰੀ ਅਤੇ ਨਿਵੇਕਲੀ ਘਟਨਾ ਸੀ। ਸਰਸਾ ਨਦੀ ਵਿਚ ਭਾਰੀ ਹੜ੍ਹ ਅਤੇ ਦੁਸ਼ਮਣਾਂ ਦਾ ਜ਼ੋਰਦਾਰ ਹਮਲਾ ਇਉਂ ਜਾਪਦਾ ਸੀ ਜਿਵੇਂ ਦੋਵੇਂ ਇਕ-ਦੂਜੇ ਨਾਲ ਇਸ ਘਿਨਾਉਣੇ ਕਾਰਨਾਮੇ ਵਿਚ ਸ਼ਾਮਿਲ ਹੋ ਗਏ ਹੋਣ। ਭਾਵੇਂ ਇਸ ਯੁੱਧ ਵਿਚ ਸੈਂਕੜੇ ਹੀ ਮਰਜੀਵੜੇ ਸਿੰਘਾਂ ਸਮੇਤ ਭਾਈ ਜੀਵਨ ਸਿੰਘ (ਜੈਤਾ ਜੀ) ਅਤੇ ਭਾਈ ਉਦੇ ਸਿੰਘ ਸ਼ਹੀਦ ਹੋ ਗਏ ਪਰ ਦੁਸ਼ਮਣ ਦੇ ਦੰਦ ਖੱਟੇ ਕਰ ਦਿੱਤੇ। ਜਿਥੋਂ ਗੁਰੂ ਸਾਹਿਬ ਦੇ ਕਾਫ਼ਲੇ ਨਾਲੋਂ ਗੁਰੂ-ਪਰਿਵਾਰ ਵਿਛੜਿਆ, ਉਸ ਸਥਾਨ ਉੱਤੇ ਗੁਰਦੁਆਰਾ 'ਪਰਿਵਾਰ ਵਿਛੋੜਾ' ਸਾਹਿਬ ਸੁਸ਼ੋਭਿਤ ਹੈ, ਜੋ ਇਤਿਹਾਸ ਦੀ ਇਸ ਦਰਦਨਾਕ ਘਟਨਾ ਦੀ ਯਾਦ ਨੂੰ ਸੰਭਾਲੇ ਹੋਏ ਹੈ।

ਉਪਰੰਤ ਸਰਸਾ ਪਾਰ ਕਰ ਕੇ ਗੁਰੂ ਜੀ ਨੇ ਇਕ ਦਿਨ ਰੋਪੜ ਦੇ ਨੇੜੇ ਨਿਹੰਗ ਖਾਨ ਦੀ ਗੜ੍ਹੀ (ਕੋਟਲਾ ਨਿਹੰਗ ਖਾਨ) ਵਿਚ ਬਿਤਾਇਆ।

ਰਾਤ ਨੂੰ ਅੱਗੇ ਚੱਲ ਪਏ ਪਰ ਦੁਸ਼ਮਣ ਦੀਆਂ ਫੌਜਾਂ ਨੇ ਵੀ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਚਮਕੌਰ ਦੀ ਕੱਚੀ ਗੜ੍ਹੀ ਵਿਚ ਦਾਖਲ ਹੋ ਕੇ ਮੋਰਚਾਬੰਦੀ ਕਰ ਲਈ। ਗੁਰੂ ਜੀ ਦੇ ਨਾਲ ਦੋ ਵੱਡੇ ਸਾਹਿਬਜ਼ਾਦੇ ਤੇ ਪੰਜ ਪਿਆਰਿਆਂ ਸਮੇਤ ਚਾਲੀ ਕੁ ਸਿੰਘ ਸਨ। ਦੁਸ਼ਮਣ ਦੀ ਦਸ ਲੱਖ ਫੌਜ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਸਾਰਾ ਦਿਨ ਜੰਗ ਹੁੰਦੀ ਰਹੀ। ਸ਼ਾਮ ਤਕ ਗੁਰੂ ਜੀ ਕੋਲ ਤਕਰੀਬਨ ਸਾਰਾ ਗੋਲੀ-ਸਿੱਕਾ ਖਤਮ ਹੋ ਗਿਆ। ਹੁਣ ਸਿੰਘਾਂ ਨੇ ਗੜ੍ਹੀ ਤੋਂ ਬਾਹਰ ਆ ਕੇ ਲੜਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਆਪ ਵਾਰੋ-ਵਾਰੀ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੂੰ ਪੂਰੇ ਸ਼ਸਤਰ ਸਜਾ ਕੇ ਮੈਦਾਨ-ਏ-ਜੰਗ ਵਿਚ ਭੇਜਿਆ। ਅੰਤ ਵੱਡੇ ਜੰਗਜੂ ਯੋਧਿਆਂ ਵਾਲੇ ਜੌਹਰ ਵਿਖਾਉਂਦਿਆਂ ਸਾਥੀ ਸਿੰਘਾਂ ਦੇ ਨਾਲ ਗੁਰੂ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਬੜੀ ਸੂਰਮਗਤੀ ਨਾਲ ਗੁਰੂ ਜੀ ਦੇ ਸਾਹਮਣੇ ਮੈਦਾਨ-ਏ-ਜੰਗ ਵਿਚ ਜੂਝਦੇ ਹੋਏ ਸ਼ਹੀਦ ਹੋ ਗਏ। ਬਾਬਾ ਅਜੀਤ ਸਿੰਘ ਜੀ ਨੇ ਅਜੇ ਜਵਾਨੀ ਵਿਚ ਪੈਰ ਰੱਖਿਆ ਹੀ ਸੀ। ਬਾਬਾ ਜੁਝਾਰ ਸਿੰਘ ਜੀ ਤਾਂ ਅਜੇ ਕਿਸ਼ੋਰ ਅਵਸਥਾ ਵਿਚ ਸਨ। ਇਰਾਕ ਦੇਸ਼ ਦੇ ਸ਼ਹਿਰ ਕਰਬਲਾ ਦੇ ਮੈਦਾਨ ਵਿਚ ਹਸਨ-ਹੁਸੈਨ ਦੀ ਸ਼ਹੀਦੀ ਤੋਂ ਇਲਾਵਾ ਦੁਨੀਆ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਸਤਿਗੁਰੂ ਜੇਕਰ ਚਾਹੁੰਦੇ ਤਾਂ ਆਪਣੇ ਸਪੁੱਤਰਾਂ ਨੂੰ ਬਚਾਉਣ ਲਈ ਯਤਨ ਕਰ ਸਕਦੇ ਸਨ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ।

ਮਹਾਨ ਸ਼ਹੀਦਾਂ ਦਾ ਪਵਿੱਤਰ ਖ਼ੂਨ ਡੁੱਲ੍ਹਣ ਨਾਲ ਚਮਕੌਰ ਦੀ ਧਰਤੀ ਚਮਕੌਰ ਸਾਹਿਬ ਬਣ ਗਈ ਅਤੇ ਇਥੇ ਚਮਕੌਰ ਸਾਹਿਬ ਦੀ ਇਤਿਹਾਸਿਕ ਜੰਗ ਦੀ ਯਾਦ ਵਿਚ ਗੁਰਦੁਆਰਾ ਕਤਲਗੜ੍ਹ ਸਾਹਿਬ, ਗੁਰਦੁਆਰਾ ਕੱਚੀ ਗੜ੍ਹੀ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਤਾੜੀ ਸਾਹਿਬ, ਗੁਰਦੁਆਰਾ ਰਣਜੀਤਗੜ੍ਹ ਸਾਹਿਬ ਸੁਸ਼ੋਭਿਤ ਹੈ। ਇਸ ਮਹਾਨ ਪਵਿੱਤਰ ਸ਼ਹੀਦੀ ਅਸਥਾਨ ਉੱਤੇ ਹਰ ਸਾਲ ਸਿੱਖ ਸੰਗਤਾਂ ਜੋੜ-ਮੇਲੇ 'ਤੇ ਇਕੱਤਰ ਹੋ ਕੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦੀਆਂ ਹਨ।

# ਅਨੁਸ਼ਾਸਨ ਦਾ ਸਬਕ

ਭਾਰਤ 'ਚ ਅਨੁਸ਼ਾਸਨ ਬਦਲਾਅ ਦੇ ਦੌਰ 'ਚੋਂ ਲੰਘ ਰਿਹਾ ਹੈ। ਪੰਜਾਬ ਦੇ ਫਰੀਦਕੋਟ 'ਚ ਖਰੂਦੀ ਵਿਦਿਆਰਥੀਆਂ ਦੇ ਇੱਕ ਗਰੁੱਪ ਨੂੰ ਪੁਲੀਸ ਨੇ ਅਨੋਖੀ ਸਜਾ ਸੁਣਾਈ ਹੈ: ਸਕੂਲ ਤੋਂ ਬਾਅਦ ਉਹ ਰੋਜਾਨਾ ਦੋ ਘੰਟਿਆਂ ਲਈ ਇੱਕ ਹਫਤੇ ਤੱਕ ਟਰੈਫਿਕ ਪੁਲੀਸ ਦੀ ਸਹਾਇਤਾ ਕਰਨਗੇ। ਦਰਅਸਲ, ਇਨ੍ਹਾਂ ਵਿਦਿਆਰਥੀਆਂ ਨੇ ਇੱਕ ਝਗੜੇ ਦੌਰਾਨ ਉਨ੍ਹਾਂ ਨੂੰ ਰੋਕਣ ਆਏ ਪੁਲੀਸ ਅਧਿਕਾਰੀਆਂ ਦੀ ਜਾਨ ਨੂੰ ਵੀ ਕਥਿਤ ਤੌਰ 'ਤੇ ਖਤਰੇ ਵਿੱਚ ਪਾ ਦਿੱਤਾ ਸੀ। ਪੁਲੀਸ ਵੱਲੋਂ ਵਿਦਿਆਰਥੀਆਂ ਨੂੰ ਅਨੁਸ਼ਾਸਿਤ ਕਰਨ ਲਈ ਕੱਢੀ ਨਵੀਂ ਕਾਢ ਦਾ ਮਕਸਦ ਉਨ੍ਹਾਂ ਨੂੰ ਨਾਗਰਿਕ ਜਿੰਮੇਵਾਰੀ ਦਾ ਸਬਕ ਦੇਣਾ ਅਤੇ ਭਵਿੱਖ 'ਚ ਇਸ ਤਰ੍ਹਾਂ ਦੇ ਦੁਰਵਿਹਾਰ ਦੀ ਰੋਕਥਾਮ ਹੈ। ਸ੍ਰੀਨਗਰ ਵਿੱਚ ਨਵੰਬਰ ਵਿੱਚ ਹੀ ਵਾਪਰੇ ਖੌਫਨਾਕ ਕਾਰ ਹਾਦਸੇ, ਜਿਸ 'ਚ ਨਾਬਾਲਗ ਡਰਾਈਵਰ ਸ਼ਾਮਿਲ ਸਨ, ਨੇ ਉਲੰਘਣਾ ਵਿਰੁੱਧ ਸਖਤੀ ਕਰਨ 'ਤੇ ਜੋਰ ਦਿੱਤਾ ਸੀ। ਪ੍ਰਸ਼ਾਸਨ ਨੇ ਵਾਹਨ ਜਬਤ ਕੀਤੇ ਸਨ ਤੇ ਸਖਤ ਲਾਇਸੈਂਸਿੰਗ ਨੀਤੀਆਂ ਲਾਗੂ ਕੀਤੀਆਂ ਹਨ। ਇਸ ਦੇ ਨਾਲ ਹੀ ਕਾਹਲੇ ਵਿਹਾਰ ਦਾ ਹੱਲ ਤਲਾਸ਼ਣ ਲਈ ਮਾਪਿਆਂ ਤੇ ਵਿਦਿਆਰਥੀਆਂ ਨੂੰ ਸੁਝਾਅ ਵੀ ਦਿੱਤੇ ਜਾ ਰਹੇ ਹਨ। ਇਹ ਸੰਪੂਰਨ ਰਣਨੀਤੀ ਮਹਿਜ ਸਜਾ ਦੇਣ ਦੀ ਬਜਾਏ ਵਿਹਾਰਕ ਸੁਧਾਰਾਂ ਦੀ ਲੋੜ ਉੱਤੇ ਜੋਰ ਦਿੰਦੀ ਹੈ। ਸਕੂਲਾਂ ਵਿੱਚ ਹੁਣ ਨਵੇਂ ਢੰਗ-ਤਰੀਕੇ ਅਪਣਾਏ ਜਾ ਰਹੇ ਹਨ। ਉਦਾਹਰਨ ਦੇ ਤੌਰ 'ਤੇ ਉੱਤਰ ਪ੍ਰਦੇਸ਼ ਦੇ ਸਕੂਲਾਂ ਵਿੱਚ ਹੁੱਲੜਬਾਜ ਵਿਦਿਆਰਥੀਆਂ ਨੂੰ ਕਿਤਾਬਾਂ ਟਿਕਾਉਣ ਜਾਂ ਆਪਣੇ ਸਾਥੀਆਂ ਦੀ ਮਦਦ ਕਰਨ ਵਰਗੇ ਕੰਮ ਦਿੱਤੇ ਜਾ ਰਹੇ ਹਨ। ਇਸ ਦੌਰਾਨ, ਸਜਾ



ਦੇਣ ਦੇ ਰਚਨਾਤਮਕ ਤਰੀਕੇ, ਜਿਵੇਂ ਕਿ ਪਾਠ ਨੂੰ ਦੁਬਾਰਾ ਲਿਖਣਾ ਜਾਂ ਤਰਕ-ਵਿਤਰਕ ਵਿੱਚ ਹਿੱਸਾ ਲੈਣਾ ਊਰਜਾ ਨੂੰ ਉਸਾਰੂ ਪਾਸੇ ਲਾਉਂਦੇ ਹਨ ਤੇ ਸਜਾ ਨਾਲੋਂ ਸੁਧਾਰ 'ਤੇ ਵੱਧ ਜੋਰ ਦਿੰਦੇ ਹਨ।

ਅਨੁਸ਼ਾਸਨ ਸਿਰਫ ਇਸ ਤਰ੍ਹਾਂ ਦਾ ਨਹੀਂ ਹੋਣਾ ਚਾਹੀਦਾ ਜੋ ਸਿੱਟਿਆਂ ਨੂੰ ਥੋਪਦਾ ਹੋਵੇ, ਬਲਕਿ ਇਹ ਜਵਾਨ ਰੌਸ਼ਨ ਦਿਮਾਗਾਂ ਨੂੰ ਸਵੈ-ਚੇਤਨਤਾ ਤੇ ਸਮਾਜਿਕ ਹਿੱਸੇਦਾਰੀ ਲਈ ਪ੍ਰੇਰਿਤ ਕਰਨ ਵਾਲਾ ਹੋਣਾ ਚਾਹੀਦਾ ਹੈ। ਸੁਧਾਰਕ ਨਿਆਂ, ਸਮਾਜ ਸੇਵਾ ਤੇ ਕਾਊਂਸਲਿੰਗ ਹੁਣ ਮਿਆਦ ਪੁਗਾ ਚੁੱਕੇ ਸਜਾ ਦੇ ਤੌਰ-ਤਰੀਕਿਆਂ ਦੀ ਥਾਂ ਲੈ ਰਹੇ ਹਨ। ਪੁਰਾਣੇ ਤੌਰ-ਤਰੀਕੇ ਅਕਸਰ ਵਿਦਿਆਰਥੀਆਂ ਨੂੰ ਭਾਵਨਾਤਮਕ ਤੌਰ 'ਤੇ ਠੇਸ ਪਹੁੰਚਾਉਂਦੇ ਸਨ। ਫਿਰ ਵੀ ਇਨ੍ਹਾਂ ਸੁਧਾਰਾਂ ਲਈ ਸਾਂਝੀ ਵਚਨਬੱਧਤਾ ਲੋੜੀਂਦੀ ਹੈ। ਨੀਤੀਘਾੜਿਆਂ ਨੂੰ ਇਸ ਕਿਸਮਾਂ ਦੇ ਢੰਗ ਤਰੀਕਿਆਂ ਨੂੰ ਸੰਸਥਾਈ ਰੂਪ ਦੇਣ ਦੀ ਲੋੜ ਹੈ, ਅਧਿਆਪਕਾਂ ਨੂੰ ਇਸ ਪਹੁੰਚ ਨੂੰ ਧਾਰਨ ਕਰਨਾ ਚਾਹੀਦਾ ਹੈ ਅਤੇ ਮਾਪਿਆਂ ਨੂੰ ਇਨ੍ਹਾਂ ਉਪਰਾਲਿਆਂ ਦੀ ਹਮਾਇਤ ਕਰਨੀ ਚਾਹੀਦੀ ਹੈ। ਮਾਹਿਰਾਂ ਨੇ ਘਰ ਵਿੱਚ ਲਾਡ ਪਿਆਰ ਦੇ ਮਾਹੌਲ ਨੂੰ ਸਾਵਾਂ ਕਰਨ ਲਈ ਸਕੂਲਾਂ ਵਿੱਚ ਅਜਿਹੇ ਉਪਰਾਲੇ ਸ਼ੁਰੂ ਕਰਨ ਦੀ ਲੋੜ ਉੱਪਰ ਜੋਰ ਦਿੱਤਾ ਹੈ। ਰਚਨਾਤਮਿਕ ਅਨੁਸ਼ਾਸਨ ਸਮਾਜ ਦੀ ਇਸ ਮਾਨਤਾ ਨੂੰ ਦਰਸਾਉਂਦਾ ਹੈ ਕਿ ਨੌਜਵਾਨਾਂ ਦਾ ਅਜਿਹਾ ਵਿਹਾਰ ਅਮੂਮਨ ਕਿਸੇ ਮੰਦਭਾਵਨਾ 'ਚੋਂ ਨਹੀਂ ਸਗੋਂ ਅਪ੍ਰਪੱਕਤਾ 'ਚੋਂ ਉਪਜਦਾ ਹੈ। ਉਨ੍ਹਾਂ ਨੂੰ ਆਪਣੀਆਂ ਗਲਤੀਆਂ ਸੁਧਾਰਨ ਦਾ ਮੌਕਾ ਦੇ ਕੇ ਨਾ ਕੇਵਲ ਉਨ੍ਹਾਂ ਦਾ ਅਨੁਭਵ ਗਹਿਰਾ ਹੋਵੇਗਾ ਸਗੋਂ ਉਨ੍ਹਾਂ ਨੂੰ ਬਿਹਤਰ ਇਨਸਾਨ ਬਣਨ ਦਾ ਮੌਕਾ ਵੀ ਮਿਲੇਗਾ। ਨੌਜਵਾਨਾਂ ਅੰਦਰ ਜਿੰਮੇਵਾਰੀ ਦੀ ਭਾਵਨਾ ਜਗਾਉਣ ਲਈ ਸਮੂਹਿਕ ਸੂਝ-ਬੂਝ ਪੈਦਾ ਕਰਨਾ ਜਿਆਦਾ ਸਾਰਥਕ ਪਹਿਲ ਹੋ ਸਕਦੀ ਹੈ।

# ਜਲਵਾਯੂ ਲਈ ਟਰੰਪ ਦੀ ਵਾਪਸੀ ਦੇ ਮਾਇਨੇ

ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿੱਚ ਡੋਨਲਡ ਟਰੰਪ ਦੀ ਜਿੱਤ ਨਾਲ ਬਾਕੂ (ਅਜਰਬਾਇਜਾਨ) ਵਿੱਚ ਸੰਯੁਕਤ ਰਾਸ਼ਟਰ ਜਲਵਾਯੂ ਤਬਦੀਲੀ ਕਾਨਫੰਰਸ (ਸੀਓਪੀ29) ਉਪਰ ਸਿਆਹ ਪਰਛਾਵਾਂ ਪੈ ਗਿਆ ਹੈ। ਟਰੰਪ ਨੇ ਆਪਣੇ ਇਸ ਵਿਸ਼ਵਾਸ ਵਿੱਚ ਕੋਈ ਲੁੱਕ ਲੁਕਾਅ ਨਹੀਂ ਕੀਤਾ ਕਿ ਜਲਵਾਯੂ ਤਬਦੀਲੀ ਇੱਕ ਅਫਵਾਹ ਹੈ ਜਿਸ ਕਰ ਕੇ ਅਮਰੀਕੀ ਸੱਤਾ ਵਿੱਚ ਉਸ ਦੀ ਵਾਪਸੀ ਨਾਲ ਜਲਵਾਯੂ ਤਬਦੀਲੀ ਦੇ ਟਾਕਰੇ ਲਈ ਹੁਣ ਤੱਕ ਹੋਈ ਸਾਰੀ ਪ੍ਰਗਤੀ ਉਪਰ ਪਾਣੀ ਫਿਰ ਜਾਣ ਦਾ ਖ਼ਤਰਾ ਪੈਦਾ ਹੋ ਗਿਆ ਹੈ ਅਤੇ ਆਲਮੀ ਆਗੂਆਂ ਅਤੇ ਨੀਤੀਘਾੜਿਆਂ ਦੇ ਹੌਸਲੇ ਪਸਤ ਹੋਣ ਦਾ ਵੱਡਾ ਕਾਰਨ ਬਣ ਗਿਆ ਹੈ।

ਟਰੰਪ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਤੇਲ ਦੇ ਘਰੇਗੀ ਉਤਪਾਦਨ ਵਿੱਚ ਬੜੋਤਰੀ ਕਰਨਗੇ। ਮਈ ਮਹੀਨੇ ਮਾਰਾ ਲਾਗੋ ਵਿੱਚ ਹੋਈ ਇੱਕ ਮੀਟਿੰਗ ਦੌਰਾਨ, ਉਨ੍ਹਾਂ ਸ਼ਰੇਆਮ ਇਹ ਗੱਲ ਆਖੀ ਸੀ ਕਿ ਜੇ ਉਹ ਤੇਲ ਅਤੇ ਗੈਸ ਦੇ ਕਾਰੋਬਾਰੀਆਂ 'ਤੇ ਲਾਈਆਂ ਰੋਕਾਂ ਅਤੇ ਨੇਮਾਂ ਨੂੰ ਵਾਪਸ ਲੈ ਲੈਣ ਤਾਂ ਕੀ ਉਹ ਉਨ੍ਹਾਂ ਦੀ ਮੁਹਿੰਮ ਲਈ 1 ਅਰਬ ਡਾਲਰ ਦਾ ਚੰਦਾ ਦੇਣਗੇ। ਵਾਤਾਵਰਨ ਸੁਰੱਖਿਆ ਏਜੰਸੀ ਈਪੀਏ ਲਈ ਟਰੰਪ ਦੀ ਪਸੰਦ ਸਾਬਕਾ ਕਾਂਗਰਸਮੈਨ ਲੀ ਜ਼ੈਲਡਿਨ ਨੇ ਈਪੀਏ ਦੇ ਨੇਮਾਂ ਨੂੰ 'ਪੇਤਲਾ' ਕਰਨ ਦਾ ਪਹਿਲਾਂ ਹੀ ਅਹਿਦ ਲੈ ਰੱਖਿਆ ਹੈ।

ਆਪਣੇ ਪਹਿਲੇ ਕਾਰਜਕਾਲ ਦੌਰਾਨ ਟਰੰਪ ਨੇ ਅਮਰੀਕਾ ਨੂੰ ਪੈਰਿਸ ਜਲਵਾਯੂ ਸੰਧੀ ਨਾਲੋਂ ਵੱਖ ਕਰ ਲਿਆ ਸੀ ਅਤੇ ਬਾਅਦ ਵਿੱਚ ਜੋਅ ਬਾਇਡਨ ਨੇ ਆ ਕੇ ਇਹ ਫੈਸਲਾ ਪਲਟ ਦਿੱਤਾ ਸੀ। ਹੁਣ ਇਹ ਆਮ ਹੀ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਇਸ ਨੂੰ ਦੁਬਾਰਾ ਵਾਪਸ ਲੈਣਗੇ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਅਰਜਨਟੀਨਾ ਦੇ ਰਾਸ਼ਟਰਪਤੀ ਜੇਵੀਅਰ ਮਿਲੀ ਜਿਸ ਨੂੰ ਟਰੰਪ ਦਾ ਸ਼ਾਗਿਰਦ ਗਿਣਿਆ ਜਾਂਦਾ ਹੈ, ਨੇ ਬਾਕੂ ਜਲਵਾਯੂ ਕਾਨਫਰੰਸ 'ਚੋਂ ਆਪਣੇ ਦੇਸ਼ ਦਾ ਵਫਦ ਵਾਪਸ ਬੁਲਾ ਲਿਆ ਹੈ ਅਤੇ ਉਨ੍ਹਾਂ ਦੇ ਇਸ ਕਦਮ ਨੂੰ ਇਸ ਗੱਲ ਦਾ ਸੰਕੇਤ ਮੰਨਿਆ ਜਾਂਦਾ ਹੈ ਕਿ ਅਰਜਨਟੀਨਾ ਇਸ ਸੰਧੀ ਤੋਂ ਫੌਰੀ ਤੌਰ 'ਤੇ ਵੱਖ ਹੋ ਗਿਆ ਹੈ।

ਅਮਰੀਕੀ ਰਾਸ਼ਟਰਪਤੀ ਬਾਇਡਨ, ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੌਂ, ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜਰਮਨ ਚਾਂਸਲਰ ਓਲਫ ਸ਼ੋਲਜ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਗੈਰਹਾਜਰੀ ਕਰ ਕੇ ਜਲਵਾਯੂ ਕਾਨਫਰੰਸ ਦਾ ਮਿਜਾਜ ਹੋਰ ਵੀ ਢਿੱਲਾ ਪੈ ਗਿਆ ਹੈ। ਇਨ੍ਹਾਂ ਸਾਰਿਆਂ ਨੇ ਇਸ ਸਾਲ ਦੇ ਸੰਮੇਲਨ ਵਿੱਚ ਸ਼ਿਰਕਤ ਨਹੀਂ ਕੀਤੀ। ਉਧਰ, ਜਲਵਾਯੂ ਤਬਦੀਲੀ ਕਰ ਕੇ ਹੋ ਰਹੀਆਂ ਮੌਸਮੀ ਘਟਨਾਵਾਂ ਤੀਬਰ ਹੋ ਰਹੀਆਂ ਹਨ ਜਿਨ੍ਹਾਂ ਦਾ ਖਾਸਕਰ ਗਰੀਬ ਦੇਸ਼ਾਂ ਉਪਰ ਗਹਿਰਾ ਅਸਰ ਪੈ ਰਿਹਾ ਹੈ ਅਤੇ ਨਾਲ ਹੀ ਪੱਛਮੀ ਏਸ਼ੀਆ ਅਤੇ ਯੂਕਰੇਨ ਵਿੱਚ ਚੱਲ ਰਹੀ ਜੰਗ ਕਰ ਕੇ ਤਪਸ਼ ਵਧਾਊ ਗੈਸਾਂ ਦੀ




ਨਿਕਾਸੀ ਵਿੱਚ ਵਾਧਾ ਹੀ ਹੁੰਦਾ ਜਾ ਰਿਹਾ ਹੈ ਜਿਸ ਦੇ ਮੱਦੇਨਜਰ ਕਿਸੇ ਜਲਵਾਯੂ ਸੰਕਟ ਨਾਲ ਸਿੱਝਣ ਲਈ ਕਿਸੇ ਕਾਰਗਰ ਕਾਰਵਾਈ ਦਾ ਸਮਝੌਤਾ ਹੋਣ ਦੇ ਆਸਾਰ ਧੁੰਦਲੇ ਪੈਂਦੇ ਜਾ ਰਹੇ ਹਨ।

ਬਹਰਹਾਲ, ਇਸ ਦਾ ਹਰਗਿਜ ਮਤਲਬ ਨਹੀਂ ਹੈ ਕਿ ਜਲਵਾਯੂ ਤਬਦੀਲੀ ਖਿਲਾਫ ਚੱਲ ਰਹੀ ਲੜਾਈ ਠੱਪ ਹੋ ਗਈ ਹੈ। ਜਲਵਾਯੂ ਪਰਲੋ ਤੋਂ ਬਚਾਅ ਦੀ ਕਾਬਲੀਅਤ ਇਸ ਗੱਲ 'ਤੇ ਮੁਨੱਸਰ ਕਰੇਗੀ ਕਿ ਦੁਨੀਆ ਟਰੰਪ ਦੀ ਅੜਿੱਕਾ ਡਾਹੂ ਪਹੁੰਚ ਪ੍ਰਤੀ ਕਿਹੋ ਜਿਹੀ ਪ੍ਰਤੀਕਿਰਿਆ ਦਿੰਦੀ ਹੈ ਅਤੇ ਕੀ ਦੁਨੀਆ ਦੇ ਬਾਕੀ ਦੇਸ਼ ਅਮਰੀਕੀ ਅਗਵਾਈ ਤੋਂ ਬਿਨਾਂ ਹੀ ਸੰਕਟ ਦੇ ਟਾਕਰੇ ਲਈ ਅੱਗੇ ਆਉਂਦੇ ਹਨ। ਗੌਰਤਲਬ ਹੈ ਕਿ ਵਾਈਟ ਹਾਊਸ ਦੀ ਸਿਖਰਲੀ ਕੁਰਸੀ 'ਤੇ ਭਾਵੇਂ ਕੋਈ ਮਰਜੀ ਬੈਠਾ ਹੋਵੇ ਪਰ ਪਿਛਲੇ ਲੰਮੇ ਅਰਸੇ ਤੋਂ ਅਮਰੀਕਾ ਆਲਮੀ ਜਲਵਾਯੂ ਪਹਿਲਕਦਮੀ ਵਿੱਚ ਅਧਮਨੇ ਢੰਗ ਨਾਲ ਹਿੱਸਾ ਲੈਂਦਾ ਆ ਰਿਹਾ ਹੈ। ਅਮਰੀਕਾ ਦੁਨੀਆ ਭਰ ਵਿੱਚ ਸਭ ਤੋਂ ਵੱਧ ਗਰੀਨ ਹਾਊਸ ਗੈਸਾਂ ਪੈਦਾ ਕਰਨ ਵਾਲਾ ਮੁਲਕ ਬਣਿਆ ਹੋਇਆ ਹੈ ਜਿਸ ਦੇ ਮੱਦੇਨਜਰ ਉਸ ਦੀ ਇਸ ਬੇਦਿਲੀ ਦੀ ਸਮਝ ਵੀ ਪੈਂਦੀ ਹੈ।

ਬਾਇਡਨ ਦੀ ਅਗਵਾਈ ਹੇਠ ਵੀ ਅਮਰੀਕਾ ਦੀ ਗਰੀਨ ਨੀਤੀਆਂ ਦਾ ਬਹੁਤਾ ਲਾਭ ਨਹੀਂ ਹੋ ਰਿਹਾ ਜਿਨ੍ਹਾਂ ਦਾ ਬਹੁਤਾ ਧਿਆਨ ਤੇਲ ਤੇ ਗੈਸ ਦੀ ਪੈਦਾਵਾਰ ਜਾਂ ਖਪਤ ਨੂੰ ਤਬਦੀਲ ਜਾਂ ਘਟਾਉਣ ਦੀ ਬਜਾਏ ਨਵਿਆਉਣ ਯੋਗ ਊਰਜਾ ਦਾ ਪਸਾਰ ਕਰਨ 'ਤੇ ਹੀ ਲੱਗਿਆ ਹੈ। ਇਸ ਸਬੰਧ ਵਿੱਚ ਭਾਰਤੀ ਪੱਤਰਕਾਰ ਨਿਤਿਨ ਸੇਠੀ ਦਾ ਕਥਨ ਸੀ ਕਿ ਜਲਵਾਯੂ ਵਾਰਤਾਵਾਂ ਮੁਤੱਲਕ ਅਮਰੀਕੀ ਪਹੁੰਚ ਨਵੇਂ ਪ੍ਰਤੀਯੋਗੀ ਆਰਥਿਕ ਲਾਹੇ ਨੂੰ ਕਾਇਮ ਰੱਖਣ, ਪਕੇਰਾ ਕਰਨ ਅਤੇ ਹੋਰ ਜਿਆਦਾ ਲਾਭ ਕਮਾਉਣ ਅਤੇ ਜਲਵਾਯੂ ਭਾਸ਼ਾ ਨੂੰ ਇੱਕ ਔਜਾਰ ਵਜੋਂ ਵਰਤ ਕੇ ਆਪਣੇ ਰਾਸ਼ਟਰੀ ਹਿੱਤਾਂ ਨੂੰ ਵਧਾਉਣ ਦੀ ਰਹੀ ਹੈ। ਇਸ ਨਾਲ ਅਮਰੀਕਾ ਦੀਆਂ ਬਹੁਤ ਸਾਰੀਆਂ ਨੀਤੀਗਤ ਪੁਜੀਸ਼ਨਾਂ ਦਾ ਖੁਲਾਸਾ ਕਰਨ ਵਿੱਚ ਮਦਦ ਮਿਲਦੀ ਹੈ। ਪਿਛਲੇ ਕਈ ਸਾਲਾਂ ਤੋਂ ਅਮਰੀਕਾ ਨੇ ਜਲਵਾਯੂ ਮੁਆਵਜੇ ਬਾਰੇ ਕਿਸੇ ਵੀ ਵਿਚਾਰ ਚਰਚਾ ਨੂੰ ਅਗਾਂਹ ਨਹੀਂ ਵਧਣ ਦਿੱਤਾ ਅਤੇ ਗੈਸਾਂ ਦੇ ਉਤਪਾਦਨ ਅਤੇ ਵਿੱਤਕਾਰੀ ਦਾ ਸਾਰਾ ਬੋਝ ਚੀਨ ਅਤੇ ਭਾਰਤ ਜਿਹੇ ਦੇਸ਼ਾਂ ਉਪਰ ਪਾ ਦਿੱਤਾ ਹੈ। ਅਮਰੀਕਾ ਨੇ ਇਹ ਯਕੀਨੀ ਬਣਾਇਆ ਹੈ ਕਿ ਗੈਸਾਂ ਘਟਾਉਣ ਅਤੇ ਇਨ੍ਹਾਂ ਲਈ ਫੰਡ ਜੁਟਾਉਣ ਦਾ ਮੁੱਦਾ ਸਵੈ ਇੱਛਕ ਹੋਣਾ ਚਾਹੀਦਾ ਹੈ ਨਾ ਕਿ ਕਾਨੂੰਨੀ ਤੌਰ 'ਤੇ ਬੰਧਨਕਾਰੀ। ਇਸ ਦੇ ਨਾਲ ਹੀ, ਇਸ ਨੇ 'ਗਰੀਨ' ਤਕਨੀਕਾਂ ਦੇ ਵਿਆਪਕ ਫੈਲਾਅ ਨਾਲੋਂ ਬੌਧਿਕ ਸੰਪਤੀ ਹੱਕਾਂ ਨੂੰ ਪਹਿਲ ਦੇ ਕੇ ਅਮਰੀਕੀ ਕੰਪਨੀਆਂ ਨੂੰ ਲਾਭ ਪਹੁੰਚਾਉਣ ਦੀ ਮੰਗ ਰੱਖੀ ਹੈ ਅਤੇ ਇਸ ਨੇ ਰਾਸ਼ਟਰੀ ਪੱਧਰ 'ਤੇ ਕਮੀ ਲਿਆਉਣ ਦੇ ਟੀਚਿਆਂ, ਅਨੁਕੂਲਣ ਸਮਰਥਨ, ਤੇ ਨੁਕਸਾਨ ਅਤੇ ਘਾਟੇ ਸਬੰਧੀ ਕੌਮਾਂਤਰੀ ਸਮਝੌਤਿਆਂ ਵਿੱਚ ਧੁੰਦਲੀ ਤੇ ਗੈਰ-ਬੱਝਵੀਂ ਭਾਸ਼ਾ ਵਰਤੀ ਹੈ। ਅਸਲੀਅਤ ਨੂੰ ਦੇਖਦਿਆਂ, ਬਹੁਤੇ ਵਾਰਤਾਕਾਰਾਂ ਨੂੰ ਲੱਗਦਾ ਹੈ ਕਿ ਜਲਵਾਯੂ ਤਬਦੀਲੀ ਰੂਪ-ਰੇਖਾ 'ਤੇ ਸੰਯੁਕਤ ਰਾਸ਼ਟਰ ਦੇ ਸਮਝੌਤੇ (ਯੂਐੱਨਐਫਸੀਸੀਸੀ) ਵਿੱਚ ਅਮਰੀਕਾ ਦੀ ਸ਼ਮੂਲੀਅਤ ਬਹੁਪੱਖੀ ਸਹਿਯੋਗ ਪ੍ਰਤੀ ਵਚਨਬੱਧਤਾ ਨੂੰ ਘੱਟ, ਪਰ ਖੁਦਗਰਜ ਤੇ ਤੰਗਨਜਰ ਟੀਚਿਆਂ ਨੂੰ ਜਿਆਦਾ ਪਰਿਭਾਸ਼ਿਤ ਕਰਦੀ ਹੈ। ਇਸ ਤੋਂ ਇਲਾਵਾ ਅਮਰੀਕਾ ਵਾਰ-ਵਾਰ ਸੰਯੁਕਤ ਰਾਸ਼ਟਰ ਦੇ ਉਸ ਪ੍ਰਬੰਧ ਤੋਂ ਬਚਦਾ ਹੈ ਜੋ ਉਨ੍ਹਾਂ ਦੁਵੱਲੇ ਸੌਦਿਆਂ ਦਾ ਪੱਖ ਪੂਰਦਾ ਹੈ ਜਿਹੜੇ ਇਸ ਦੇ ਆਰਥਿਕ ਤੇ ਭੂ-ਸਿਆਸੀ ਹਿੱਤਾਂ ਨਾਲ ਨੇੜਿਓਂ ਜੁੜੇ ਹੋਏ ਹਨ।

ਵਿਰੋਧਾਭਾਸ ਹੈ ਕਿ, ਪੈਰਿਸ ਸਮਝੌਤੇ 'ਚੋਂ ਨਿਕਲਣ ਦੀ ਟਰੰਪ ਦੀ ਯੋਜਨਾ, ਵਧੇਰੇ ਪ੍ਰਭਾਵੀ ਜਲਵਾਯੂ ਚਰਚਾਵਾਂ ਦਾ ਰਾਹ ਖੋਲ੍ਹ ਸਕਦੀ ਹੈ- ਇੱਕ ਨੈਤਿਕ ਪੱਖ ਜੋ ਟਰੰਪ ਪ੍ਰਸ਼ਾਸਨ ਨੂੰ ਇਸ 'ਚੋਂ ਬਾਹਰ ਨਾ ਹੋਣ ਲਈ ਮਜਬੂਰ ਕਰ ਸਕਦਾ ਹੈ, ਉਹ ਇਹ ਹੈ ਕਿ ਸ਼ਾਇਦ ਅਮਰੀਕਾ ਖੇਡ ਵਿਗਾੜਨ ਵਾਲਾ ਨਾ ਲੱਗਣਾ ਚਾਹੁੰਦਾ ਹੋਵੇ।

ਟਰੰਪ ਦੀਆਂ ਨੀਤੀਆਂ ਭਾਵੇਂ ਜੋ ਵੀ ਹੋਣ, ਇਹ ਤਾਂ ਹੁਣ ਸਪੱਸ਼ਟ ਹੈ ਕਿ ਜਲਵਾਯੂ ਕਾਨਫਰੰਸਾਂ ਦੀ ਪ੍ਰਕਿਰਿਆ ਹੁਣ ਕਿਸੇ ਕੰਮ ਦੀ ਨਹੀਂ ਰਹੀ। ਇਸ ਮਹੀਨੇ ਦੇ ਸ਼ੁਰੂ 'ਚ, ਮੈਂ ਕੁਝ ਹੋਰ ਅਕਾਦਮਿਕ ਮਾਹਿਰਾਂ ਤੇ ਜਲਵਾਯੂ ਪੱਖ-ਪੂਰਕਾਂ ਨਾਲ ਯੂਐਨਐੱਫਸੀਸੀਸੀ ਦੇ ਕਾਰਜਕਾਰੀ ਸਕੱਤਰ ਸਾਈਮਨ ਸਟੀਲ ਤੇ ਸੰਯੁਕਤ ਰਾਸ਼ਟਰ ਮੁਖੀ ਅੰਤੋਨੀਓ ਗੁਟੇਰੇਜ ਨੂੰ ਖੁੱਲ੍ਹਾ ਖਤ ਲਿਖ ਕੇ ਦਲੀਲ ਦਿੱਤੀ ਕਿ ਮੌਜੂਦਾ ਢਾਂਚਾ 'ਬਦਲਾਅ ਨਹੀਂ ਲਿਆ ਸਕਦਾ', ਸਾਨੂੰ 'ਮਨੁੱਖਤਾ ਖਾਤਰ ਸੁਰੱਖਿਅਤ ਜਲਵਾਯੂ ਮੰਚ ਤਿਆਰ ਕਰਨਾ ਪਏਗਾ।" ਵੱਡੇ ਸਾਲਾਨਾ ਸੰਮੇਲਨ ਕਰਾਉਣ ਦੀ ਬਜਾਏ, ਜੋ ਅਕਸਰ ਜੈਵਿਕ-ਈਂਧਨ ਦੇ ਲਾਬੀਕਾਰਾਂ ਲਈ ਵੱਖ ਤੋਂ ਸੌਦੇ ਕਰਾਉਣ ਦਾ ਮੰਚ ਬਣ ਜਾਂਦੇ ਹਨ, ਅਸੀਂ "ਛੋਟੀਆਂ, ਲਗਾਤਾਰ ਹੋਣ ਵਾਲੀਆਂ ਤੇ ਹੱਲ ਸੁਝਾਉਣ ਵਾਲੀਆਂ ਮੀਟਿੰਗਾਂ ਕਰਾਉਣ" ਦੀ ਮੰਗ ਕਰਦੇ ਹਾਂ।"

ਸਾਂਝੀਆਂ ਜਲਵਾਯੂ ਕੋਸ਼ਿਸ਼ਾਂ ਲਈ ਉੱਚ ਤੇ ਘੱਟ ਆਮਦਨੀ ਵਾਲੇ ਅਰਥਚਾਰਿਆਂ ਦਰਮਿਆਨ ਭਰੋਸਾ ਬਣਨਾ ਜਰੂਰੀ ਹੈ। ਪਾਰਦਰਸ਼ਤਾ ਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਨ ਲਈ, ਸਰਕਾਰਾਂ ਨੂੰ ਲੰਮੇ ਸਮੇਂ ਦੇ ਅਰਥਪੂਰਣ ਟੀਚਿਆਂ 'ਤੇ ਟੇਕ ਰੱਖਣ ਦੀ ਬਜਾਏ ਮੁਮਕਿਨ ਨੇੜ ਭਵਿੱਖ ਦੇ ਟੀਚਿਆਂ ਦੀ ਪੂਰਤੀ ਨੂੰ ਪਹਿਲ ਦੇਣੀ ਚਾਹੀਦੀ ਹੈ ਤੇ ਅਮੀਰ ਦੇਸ਼ਾਂ ਨੂੰ ਖਰੀ, ਬਿਲਕੁਲ ਸਪੱਸ਼ਟ ਤੇ ਪਾਰਦਰਸ਼ੀ ਵਚਨਬੱਧਤਾ ਰੱਖ ਕੇ ਜਲਵਾਯੂ ਮਦਦ (ਮਾਇਕ ਸਹਾਇਤਾ) ਲਈ ਅੱਗੇ ਆਉਣਾ ਚਾਹੀਦਾ ਹੈ।

ਮਹੱਤਵਪੂਰਨ ਇਹ ਵੀ ਹੈ ਕਿ, ਜਲਵਾਯੂ ਵਿੱਤ ਪੋਸ਼ਣ ਕਰਜਿਆਂ ਦਾ ਰੂਪ ਨਾ ਲਏ, ਜੋ ਅਕਸਰ ਵਿਕਾਸਸ਼ੀਲ ਦੇਸ਼ਾਂ ਨੂੰ ਕਰਜੇ ਤੇ ਬਿਪਤਾ ਦੇ ਅਨਾਦਿ ਚੱਕਰ ਵਿੱਚ ਫਸਾ ਦਿੰਦਾ ਹੈ, ਤੇ ਉਨ੍ਹਾਂ ਦੀਆਂ ਬਾਹਰੀ ਕਮਜ਼ੋਰੀਆਂ 'ਚ ਵਾਧਾ ਕਰਦਾ ਹੈ। ਜਲਵਾਯੂ ਤਬਦੀਲੀ ਦੇ ਅਸਰਾਂ ਨੂੰ ਘਟਾਉਣ ਤੇ ਕਾਰਗਰ ਢੰਗ-ਤਰੀਕੇ ਅਪਨਾਉਣ ਲਈ ਜਾਣਕਾਰੀ ਤੇ ਤਕਨੀਕ ਨੂੰ ਸਾਂਝਾ ਕਰਨਾ ਵੀ ਓਨਾ ਹੀ ਜਰੂਰੀ ਹੈ। ਇਹ ਨਾ ਭੁੱਲਿਆ ਜਾਵੇ, ਕਿ ਇਸ ਨੂੰ ਹਾਸਲ ਕਰਨ ਲਈ ਮੁੜ-ਮੁਲਾਂਕਣ ਦੀ ਲੋੜ ਪਏਗੀ- ਜਾਂ ਫੇਰ ਮੌਜੂਦਾ ਬੌਧਿਕ ਸੰਪਤੀ ਹੱਕਾਂ ਦੇ ਨਿਯਮਾਂ ਦੇ ਇੱਕ ਪੂਰਨ ਤਿਆਗ ਦੀ, ਤਾਂ ਕਿ ਇਨ੍ਹਾਂ ਮਹੱਤਵਪੂਰਨ ਸਰੋਤਾਂ ਨੂੰ ਆਲਮੀ ਜਨਤਕ ਪਦਾਰਥਾਂ ਵਜੋਂ ਲਿਆ ਜਾਵੇ ਤੇ ਹਰੇਕ ਦੀ ਇਨ੍ਹਾਂ ਤੱਕ ਪਹੁੰਚ ਹੋਵੇ।

ਜੇ ਟਰੰਪ ਦਾ ਦੂਜਾ ਰਾਸ਼ਟਰਪਤੀ ਕਾਰਜਕਾਲ ਬਹੁ-ਪੱਖੀ ਪ੍ਰਬੰਧਾਂ ਨੂੰ ਭੰਗ ਕਰਦਾ ਵੀ ਹੈ, ਤਾਂ ਵੀ ਜਲਵਾਯੂ ਤਬਦੀਲੀ ਨਾਲ ਨਜਿੱਠਣ ਲਈ ਵਿਆਪਕ ਕੌਮਾਂਤਰੀ ਗੱਠਜੋੜਾਂ ਦੀ ਕਾਫੀ ਸੰਭਾਵਨਾ ਬਚੀ ਰਹੇਗੀ। ਚੀਨ ਦੀ ਅਗਵਾਈ 'ਚ ਸਾਫ-ਸੁਥਰੀ ਊਰਜਾ ਲਈ ਉੱਦਮ ਪਹਿਲਾਂ ਹੀ ਹੋਣੇ ਸ਼ੁਰੂ ਹੋ ਚੁੱਕੇ ਹਨ। ਇਸ ਤਬਦੀਲੀ ਨੂੰ ਨਜਰਅੰਦਾਜ ਕਰਨਾ ਹੁਣ ਮੁਸ਼ਕਲ ਹੈ, ਇਸ ਕਰ ਕੇ ਅਮਰੀਕੀ ਪ੍ਰਸ਼ਾਸਨ ਨੂੰ ਵੀ ਸ਼ਾਇਦ ਇਹ ਅਹਿਸਾਸ ਹੋਵੇ ਕਿ ਸਭ ਤੋਂ ਵਧੀਆ 'ਸੌਦਾ' ਕਰਨ 'ਚ ਉਹ ਪਿੱਛੇ ਨਹੀਂ ਰਹਿ ਸਕਦਾ।

ਜਯਤੀ ਘੋਸ਼

# ਪੰਚਾਇਤ ਦਾ ਹੱਕ

ਦੇਸ਼ ਵਿੱਚ ਚੁਣੇ ਹੋਏ ਲੋਕ ਨੁਮਾਇੰਦਿਆਂ ਅਤੇ ਅਫਸਰਸ਼ਾਹੀ ਵਿਚਕਾਰ ਸਬੰਧਾਂ ਨੂੰ ਲੈ ਕੇ ਬਹਿਸ ਲੰਮੇ ਅਰਸੇ ਤੋਂ ਚੱਲ ਰਹੀ ਹੈ। ਸ਼ਾਸਨ ਦੇ ਉਤਲੇ ਪੱਧਰਾਂ 'ਤੇ ਇਸ ਦੀ ਕਲਪਨਾ ਕੁਝ ਵੱਖਰੇ ਕਿਸਮ ਦੀ ਹੈ; ਹੇਠਲੇ ਪੱਧਰਾਂ ਖ਼ਾਸਕਰ ਪੰਚਾਇਤੀ ਰਾਜ ਪ੍ਰਣਾਲੀ ਵਿੱਚ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਹੈਸੀਅਤ ਨੂੰ ਅਫਸਰਸ਼ਾਹੀ ਵੱਲੋਂ ਅਕਸਰ ਨਕਾਰ ਦਿੱਤਾ ਜਾਂਦਾ ਹੈ। ਇਸੇ ਪ੍ਰਸੰਗ ਵਿੱਚ ਛੱਤੀਸਗੜ੍ਹ ਦੀ ਬਰਖ਼ਾਸਤ ਸਰਪੰਚ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਦੇ ਹਾਲੀਆ ਫ਼ੈਸਲੇ ਨੇ ਦੇਸ਼ ਭਰ ਵਿੱਚ ਚੁਣੇ ਹੋਏ ਲੋਕ ਨੁਮਾਇੰਦਿਆਂ ਅਤੇ ਅਫ਼ਸਰਸ਼ਾਹੀ ਦੇ ਸਬੰਧਾਂ ਦੇ ਵਡੇਰੇ ਸਵਾਲ ਵੱਲ ਧਿਆਨ ਖਿੱਚਿਆ ਹੈ।

ਜਸਟਿਸ ਸੂਰਿਆ ਕਾਂਤ ਅਤੇ ਉੱਜਲ ਭੂਈਆਂ ਦੇ ਬੈਂਚ ਨੇ ਛੱਤੀਸਗੜ੍ਹ ਦੇ ਜਸ਼ਪੁਰ ਜ਼ਿਲ੍ਹੇ ਦੇ ਇੱਕ ਪਿੰਡ ਦੀ ਬਰਖ਼ਾਸਤ ਸਰਪੰਚ ਸੋਨਮ ਲਾਕੜਾ ਨੂੰ ਬਹਾਲ ਕਰਨ ਦਾ ਹੁਕਮ ਦਿੰਦਿਆਂ ਅਫਸਰਸ਼ਾਹੀ ਦੇ ਰਵੱਈਏ ਬਾਰੇ ਜੋ ਟਿੱਪਣੀਆਂ ਕੀਤੀਆਂ ਹਨ, ਉਹ ਵਾਚਣ ਅਤੇ ਵਿਚਾਰਨ ਯੋਗ ਹਨ। ਇਸ 27 ਸਾਲਾ ਸਰਪੰਚ ਨੂੰ ਛੱਤੀਸਗੜ੍ਹ ਵਿੱਚ ਭੂਪੇਸ਼ ਬਘੇਲ ਦੀ ਪਿਛਲੀ ਕਾਂਗਰਸ ਸਰਕਾਰ ਵੇਲੇ ਬਰਤਰਫ਼ ਕੀਤਾ ਗਿਆ ਸੀ ਅਤੇ ਇਸ ਵੇਲੇ ਵਿਸ਼ਣੂ ਦਿਓ ਸਾਈ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਇਸ ਦੀ ਜਚ ਕੇ ਪੈਰਵੀ ਕੀਤੀ। ਕੇਸ ਦੇ ਵੇਰਵਿਆਂ ਮੁਤਾਬਿਕ, ਜਨਪਦ ਪੰਚਾਇਤ ਦੇ ਮੁੱਖ ਕਾਰਜਕਾਰੀ ਅਫਸਰ ਨੇ 16 ਦਸੰਬਰ 2022 ਨੂੰ ਕੁਝ ਵਿਕਾਸ ਕਾਰਜਾਂ ਲਈ ਕੰਮ ਦਾ



ਆਰਡਰ ਜਾਰੀ ਕੀਤਾ ਜੋ ਤਿੰਨ ਮਹੀਨੇ ਵਿੱਚ ਪੂਰੇ ਕੀਤੇ ਜਾਣੇ ਸਨ। ਤਿੰਨ ਮਹੀਨਿਆਂ ਦੀ ਮਿਆਦ ਪੂਰੀ ਹੋਣ ਤੋਂ ਇੱਕ ਦਿਨ ਪਹਿਲਾਂ ਮਹਿਲਾ ਸਰਪੰਚ ਨੂੰ ਇਹ ਆਰਡਰ ਸੌਂਪਿਆ ਗਿਆ। ਉਸ ਤੋਂ ਬਾਅਦ ਕੰਮ ਪੂਰਾ ਕਰਨ ਵਿੱਚ ਦੇਰੀ ਬਦਲੇ ਸਰਪੰਚ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤਾ। ਲਾਕੜਾ ਦੇ ਸਪੱਸ਼ਟੀਕਰਨ ਦੇ ਬਾਵਜੂਦ ਉਸ ਨੂੰ 18 ਜਨਵਰੀ ਨੂੰ ਬਰਖ਼ਾਸਤ ਕਰ ਦਿੱਤਾ; ਹਾਈ ਕੋਰਟ ਨੇ ਵੀ ਉਸ ਦੀ ਅਪੀਲ ਰੱਦ ਕਰ ਦਿੱਤੀ।

ਸੁਪਰੀਮ ਕੋਰਟ ਨੇ ਲਾਕੜਾ ਖ਼ਿਲਾਫ਼ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਆਖਿਆ- "ਪ੍ਰਸ਼ਾਸਨਿਕ ਅਧਿਕਾਰੀ ਆਪਣੀ ਬਸਤੀਵਾਦੀ ਮਨੋਦਸ਼ਾ ਕਰ ਕੇ ਚੁਣੇ ਹੋਏ ਲੋਕ ਨੁਮਾਇੰਦਿਆਂ ਅਤੇ ਜਨ ਸੇਵਕਾਂ (ਸਰਕਾਰੀ ਅਫਸਰਾਂ) ਵਿਚਲਾ ਫ਼ਰਕ ਪਛਾਣਨ ਤੋਂ ਨਾਕਾਮ ਰਹੇ ਹਨ।" ਬੈਂਚ ਨੇ ਆਖਿਆ ਕਿ ਕਈ ਵਾਰ ਲਾਕੜਾ ਜਿਹੇ ਚੁਣੇ ਹੋਏ ਲੋਕ ਨੁਮਾਇੰਦਿਆਂ ਨੂੰ ਅਫਸਰਸ਼ਾਹੀ ਵੱਲੋਂ ਆਪਣੇ ਮਾਤਹਿਤ ਗਿਣਿਆ ਜਾਂਦਾ ਹੈ ਅਤੇ ਉਨ੍ਹਾਂ ਮੁਤੱਲਕ ਅਜਿਹੇ ਫ਼ਰਮਾਨ ਜਾਰੀ ਕਰ ਦਿੱਤੇ ਜਾਂਦੇ ਹਨ ਜਿਨ੍ਹਾਂ ਕਰ ਕੇ ਉਨ੍ਹਾਂ ਦੀ ਖ਼ੁਦਮੁਖ਼ਤਾਰੀ ਅਤੇ ਜਵਾਬਦੇਹੀ ਉੱਪਰ ਡੂੰਘਾ ਅਸਰ ਪੈਂਦਾ ਹੈ। ਪੰਚਾਇਤਾਂ ਨੂੰ ਲੋਕਰਾਜ ਦੀ ਨੀਂਹ ਮੰਨਿਆ ਜਾਂਦਾ ਹੈ ਅਤੇ ਪਿੰਡਾਂ ਵਿੱਚ ਵਿਕਾਸ ਦੀ ਪ੍ਰਕਿਰਿਆ ਨੂੰ ਕਾਰਗਰ ਬਣਾਉਣ ਦੇ ਮੰਤਵ ਨਾਲ 1994 ਵਿੱਚ ਪੰਚਾਇਤੀ ਰਾਜ ਐਕਟ ਲਾਗੂ ਕੀਤਾ ਗਿਆ ਸੀ ਜਿਸ ਨੂੰ ਸੰਵਿਧਾਨ ਦੀ 73ਵੀਂ ਸੋਧ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸੇ ਤਹਿਤ ਪੰਚਾਇਤਾਂ ਵਿੱਚ ਔਰਤਾਂ ਦੇ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਸੀ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਅਫਸਰਸ਼ਾਹੀ ਨੂੰ ਅਜਿਹਾ ਪਿਛਾਂਹਖਿੱਚੂ ਰਵੱਈਆ ਅਪਣਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਸ ਨਾਲ ਔਰਤਾਂ ਦੇ ਚੁਣੇ ਹੋਏ ਲੋਕ ਨੁਮਾਇੰਦਿਆਂ ਵਜੋਂ ਕੰਮ ਕਰਨ ਵਿੱਚ ਉਨ੍ਹਾਂ ਦੇ ਮਨੋਬਲ ਨੂੰ ਢਾਹ ਲੱਗਦੀ ਹੋਵੇ। ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਅਫ਼ਸਰਸ਼ਾਹੀ ਤੋਂ ਇਲਾਵਾ ਪੰਚਾਇਤਾਂ ਦੇ ਕੰਮ-ਕਾਜ ਵਿੱਚ ਸਿਆਸੀ ਪਾਰਟੀਆਂ ਦੀ ਦਖ਼ਲਅੰਦਾਜ਼ੀ ਜਿੱਥੇ ਪੰਚਾਇਤੀ ਰਾਜ ਐਕਟ ਦੀ ਰੂਹ ਨੂੰ ਮਧੋਲਦੀ ਹੈ, ਉੱਥੇ ਪਿੰਡਾਂ ਦੇ ਵਿਕਾਸ ਨੂੰ ਵੀ ਲੀਹੋਂ ਲਾਹੁੰਦੀ ਹੈ। ਰਾਜਾਂ ਵਿੱਚ ਸੱਤਾਧਾਰੀ ਪਾਰਟੀਆਂ ਦੇ ਆਗੂ ਪੰਚਾਇਤਾਂ 'ਤੇ ਕੰਟਰੋਲ ਦਾ ਹੱਕ ਸਮਝ ਲੈਂਦੇ ਹਨ ਅਤੇ ਇਸ ਅਲਾਮਤ ਦੀ ਨਿਸ਼ਾਨਦੇਹੀ ਕਰ ਕੇ ਇਸ ਖ਼ਿਲਾਫ਼ ਪੁਖਤਾ ਇੰਤਜ਼ਾਮ ਕੀਤੇ ਜਾਣੇ ਚਾਹੀਦੇ ਹਨ।

# ਸੰਤੁਲਿਤ ਵਿਕਾਸ ਅਤੇ ਸਮਾਜਿਕ ਸੰਸਥਾਵਾਂ

ਸਾਲ 2024 ਲਈ ਅਰਥਵਿਗਿਆਨ ਵਿੱਚ ਨੋਬੇਲ ਇਨਾਮ ਜਿੱਤਣ ਵਾਲੇ ਤਿੰਨ ਅਮਰੀਕੀ ਅਰਥਵਿਗਿਆਨੀਆਂ ਦੀ ਖੋਜ ਦਾ ਮੂਲ ਆਧਾਰ ਹੈ ਕਿ ਕਿਸੇ ਵੀ ਦੇਸ਼ ਦੀ ਖੁਸ਼ਹਾਲੀ ਤੇ ਤਰੱਕੀ ਉਨ੍ਹਾਂ ਦੀਆਂ ਸੰਸਥਾਵਾਂ ਦੇ ਰੋਲ ਤੇ ਮਜ਼ਬੂਤੀ 'ਤੇ ਨਿਰਭਰ ਹੈ। ਖੋਜੀਆਂ ਮੁਤਾਬਿਕ, ਉਹ ਸਮਾਜ ਜਿਨ੍ਹਾਂ ਵਿੱਚ ਸੰਸਥਾਵਾਂ ਤੇ ਕਾਨੂੰਨ ਮਾੜੇ ਹਾਲਾਤ ਵਿੱਚ ਹਨ ਅਤੇ ਆਪਣੀ ਆਬਾਦੀ ਦੇ ਸ਼ੋਸ਼ਣ ਵਿੱਚ ਸਹਾਈ ਹਨ, ਉਥੇ ਚੰਗੇਰੇ ਤੇ ਲਾਭਕਾਰੀ ਵਿਕਾਸ ਵਾਲੀ ਤਬਦੀਲੀ ਨਹੀਂ ਉਪਜਦੀ। ਆਪਣੀ ਲੰਮੀ ਖੋਜ ਪ੍ਰਕਿਰਿਆ ਵਿੱਚ ਉਨ੍ਹਾਂ ਦਰਸਾਇਆ ਹੈ ਕਿ ਯੂਰੋਪੀਅਨ ਦੇਸ਼ਾਂ ਨੇ ਜਦੋਂ ਸੰਸਾਰ ਵਿੱਚ ਆਪਣੀਆਂ ਬਸਤੀਆਂ ਬਣਾਈਆਂ ਤਾਂ ਉਨ੍ਹਾਂ ਕਬਜ਼ੇ ਅਧੀਨ ਕੀਤੇ ਮੁਲਕਾਂ ਦੀਆਂ ਸੰਸਥਾਵਾਂ ਤਬਾਹ ਕੀਤੀਆਂ ਤੇ ਫਿਰ ਨਵੀਆਂ ਸੰਸਥਾਵਾਂ ਬਣਾ ਕੇ ਲੋਕਾਂ ਦਾ ਸੋਸ਼ਣ ਕੀਤਾ; ਉਥੇ ਗਏ ਆਪਣੇ ਪਰਵਾਸੀ ਮਜਦੂਰਾਂ ਤੇ ਸ਼ਾਸਕਾਂ ਨੂੰ ਲਾਭ ਦਿਵਾਇਆ ਤੇ ਕਾਬਜ਼ ਦੇਸ਼ਾਂ ਦੇ ਕੁਦਰਤੀ ਤੇ ਮਾਨਵੀ ਸਾਧਨ ਬੇਹਿਸਾਬੇ ਲੁੱਟੇ। ਸਾਮਰਾਜੀ ਤਾਕਤਾਂ ਨੇ ਮੁਕਾਮੀ (ਲੋਕਲ) ਲੋਕਾਂ ਦੀ ਭਾਗੀਦਾਰੀ ਦਾ ਢੌਂਗ ਰਚ ਕੇ ਕੁਝ ਸੰਸਥਾਵਾਂ ਨੂੰ ਮਾਨਵਵਾਦੀ ਦਰਸਾਇਆ ਪਰ ਅਸਿੱਧੇ ਤੌਰ 'ਤੇ ਉਹ ਆਪਣਾ ਹੀ ਫਾਇਦਾ ਦੇਖਦੇ ਰਹੇ। ਬਹੁਤ ਸਾਰੇ ਦੇਸ਼ ਇਨ੍ਹਾਂ ਲੋਟੂ ਸੰਸਥਾਵਾਂ ਦੇ ਚੱਕਰ ਵਿੱਚ ਫਸ ਗਏ ਅਤੇ ਆਰਥਿਕ ਖੁਸ਼ਹਾਲੀ ਉਨ੍ਹਾਂ ਤੋਂ ਕਾਫੀ ਦੂਰ ਰਹੀ। ਜਦੋਂ ਵੀ ਸਾਮਰਾਜੀ ਤਾਕਤਾਂ ਨੂੰ ਕੋਈ ਇਨਕਲਾਬੀ ਤਾਕਤ ਨਜ਼ਰ ਆਉਂਦੀ, ਉਹ ਸੀਮਤ ਲੋਕਤੰਤਰ ਦਾ ਦਿਖਾਵਾ ਅਤੇ ਲੋਕਾਂ ਨੂੰ ਭਵਿੱਖ ਵਿੱਚ ਤਰੱਕੀ ਦਾ ਸੁਫਨਾ ਦਿਖਾ ਕੇ ਰਾਜ ਕਰਦੇ ਰਹੇ। ਕਈ ਵਾਰ ਉਨ੍ਹਾਂ ਦੇ ਸੋਚੇ ਮਨਸੂਬੇ ਫੇਲ੍ਹ ਵੀ ਹੋਏ ਅਤੇ ਅੰਤ ਨੂੰ ਸੱਤਾ ਛੱਡਣੀ ਪਈ।

ਇਨ੍ਹਾਂ ਅਰਥਵਿਗਿਆਨੀਆਂ ਨੇ ਹੋਰ ਖੋਜ ਪੁਸਤਕਾਂ ਤੋਂ ਇਲਾਵਾ 2023 ਵਿੱਚ 'ਪਾਵਰ ਐਂਡ ਪ੍ਰੋਗਰੈਸ: ਅਵਰ ਥਾਉਸੰਡ ਈਅਰ ਸਟਰਗਲ ਓਵਰ ਟੈਕਨਾਲੋਜੀ ਐਂਡ ਪ੍ਰਾਸਪੈਰਟੀ' ਕਿਤਾਬ ਛਪਵਾਈ ਜੋ ਉਨ੍ਹਾਂ ਦੇ ਇਨਾਮ ਲਈ ਆਧਾਰ ਬਣੀ। ਉਨ੍ਹਾਂ ਮੁਤਾਬਿਕ, ਗਰੀਬੀ ਅਸਲ ਵਿੱਚ ਰਾਜਨੀਤਕ ਅਤੇ ਆਰਥਿਕ ਸੰਸਥਾਵਾਂ ਦੀ ਬਣਤਰ ਕਰ ਕੇ ਹੈ। ਇਨ੍ਹਾਂ ਸ਼ਿੱਦਤ ਨਾਲ ਬਿਆਨਿਆ ਕਿ ਅੱਜ ਦੇ ਸਮੇਂ ਵਿੱਚ ਵਧ ਰਹੇ ਆਰਥਿਕ ਪਾੜੇ ਘੱਟ ਕਰਨੇ ਗੰਭੀਰ ਚੁਣੌਤੀ ਹਨ।

ਇਸ ਸਿਧਾਂਤਕ ਤੱਥ ਨੂੰ ਧਿਆਨ ਵਿੱਚ ਰੱਖਦਿਆਂ ਵਿਚਾਰ ਕੀਤਾ ਜਾ ਸਕਦਾ ਹੈ ਕਿ ਕੀ ਅਜਿਹਾ ਹੁਣ ਵੀ ਵਾਪਰ ਹੈ? ਕੀ ਸਾਡੇ ਮੁਲਕ ਤੇ ਰਾਜ ਵਿੱਚ ਆਰਥਿਕ, ਸਮਾਜਿਕ, ਸਭਿਆਚਾਰ ਤੇ ਰਾਜਨੀਤਕ ਸੰਸਥਾਵਾਂ ਦੀ ਕਾਰਗੁਜਾਰੀ ਤੇ ਮਜ਼ਬੂਤੀ ਸਮੁੱਚੇ ਸਮਾਜ ਦੇ ਵਿਕਾਸ ਨੂੰ ਕਲਾਵੇ ਵਿੱਚ ਲੈਂਦੀ ਹੈ? ਦੇਸ਼ ਤੇ ਸੂਬੇ ਦੀ ਆਰਥਿਕਤਾ ਅਜੇ ਵੀ ਖੇਤੀ ਖੇਤਰ 'ਤੇ ਨਿਰਭਰ ਹੈ ਭਾਵੇਂ ਨਿਰੋਲ ਘਰੇਲੂ ਆਮਦਨ ਵਿੱਚ ਇਸ ਦਾ ਹਿੱਸਾ ਘਟ ਗਿਆ ਹੈ। ਜਦੋਂ ਦੇਸ਼ ਨੇ ਰਾਜਨੀਤਕ ਆਜਾਦੀ ਹਾਸਲ ਕੀਤੀ ਤਾਂ ਖੇਤੀ, ਉਦਯੋਗ, ਤਕਨੀਕੀ ਵਿਗਿਆਨ, ਸੇਵਾਵਾਂ ਆਦਿ ਰਾਹੀਂ ਆਰਥਿਕ ਖੇਤਰ ਦੀ ਮਜ਼ਬੂਤੀ ਲਈ ਬਹੁਤ ਸਾਰੇ ਅਦਾਰੇ ਤੇ ਸੰਸਥਾਵਾਂ ਬਣਾਈਆਂ ਗਈਆਂ। ਖੇਤੀ ਲਈ ਨਵੀਂ ਮਸ਼ੀਨਰੀ ਤੇ ਉਤਪਾਦਨ ਲਈ ਯੂਨਿਟਾਂ ਅਤੇ ਕਿਸਾਨਾਂ ਦੀ ਲੋੜੀਂਦੀ ਵਿੱਤੀ ਮਦਦ ਲਈ ਸਹਿਕਾਰੀ ਸੈਕਟਰ ਬਣਾਏ।



ਲੋੜੀਂਦੇ ਬੀਜਾਂ, ਖਾਦਾਂ, ਕੀਟ ਤੇ ਨਦੀਨ ਨਾਸ਼ਕਾਂ ਦੀ ਭਰੋਸੇਯੋਗ ਸਪਲਾਈ ਦੇ ਉਪਰਾਲੇ ਕੀਤੇ। ਇਨ੍ਹਾਂ ਅਦਾਰਿਆਂ ਦੀ ਸਥਾਪਨਾ ਅਤੇ ਯੋਗ ਪ੍ਰਸ਼ਾਸਨਕ ਨੀਤੀਆਂ ਨਾਲ ਖੇਤੀ ਖੇਤਰ ਤਰੱਕੀ ਦੇ ਰਾਹ ਪਿਆ। ਤਤਕਾਲੀ ਪ੍ਰਧਾਨ ਮੰਤਰੀ ਨਹਿਰੂ ਦੇ ਸ਼ਬਦ ਇਤਿਹਾਸਕ ਹਨ ਕਿ 'ਹੋਰ ਸਾਰੇ ਖੇਤਰ ਇੰਤਜਾਰ ਕਰ ਸਕਦੇ ਹਨ ਪਰ ਖੇਤੀਬਾੜੀ ਨਹੀਂ' ਕਿਉਂਕਿ ਦੇਸ਼ ਦੀ ਜਨਤਾ ਦਾ ਪੇਟ ਭਰਨ ਲਈ ਅਨਾਜ ਬਾਹਰੋਂ ਮੰਗਵਾਉਣਾ ਪੈਂਦਾ ਸੀ। ਇਨ੍ਹਾਂ ਕੋਸ਼ਿਸ਼ਾਂ ਕਰ ਕੇ ਖੇਤੀ ਅਨਾਜ ਇੰਨਾ ਪੈਦਾ ਹੋਣਾ ਸ਼ੁਰੂ ਹੋਇਆ ਕਿ ਨਾ ਸਿਰਫ ਜਨਤਾ ਦਾ ਪੇਟ ਭਰਿਆ ਬਲਕਿ ਦੇਸ਼ ਅਨਾਜ ਬਰਾਮਦ ਕਰਨ ਦੇ ਸਮਰੱਥ ਹੋ ਗਿਆ।

1980 ਤੱਕ ਇਹ ਸਭ ਰਾਹ ਠੀਕ ਚੱਲਦਾ ਰਿਹਾ ਪਰ ਇਸ ਤੋਂ ਬਾਅਦ, ਖਾਸਕਰ 1991-92 ਵਾਲੀਆਂ ਆਰਥਿਕ ਨੀਤੀਆਂ ਸਦਕਾ ਕਾਰਪੋਰੇਟ ਖੇਤਰ ਹੱਥ ਖੇਤੀ ਵੱਲ ਜਾਣ ਕਰ ਕੇ ਪੁਰਾਣੀਆਂ ਕਿਸਾਨ ਪੱਖੀ ਨੀਤੀਆਂ ਨੂੰ ਤਿਲਾਂਜਲੀ ਦੇ ਦਿੱਤੀ ਗਈ। ਅੱਜ ਕਿਸਾਨ ਦਾ ਜੋ ਹਾਲ ਹੈ, ਕਿਸੇ ਤੋਂ ਭੁੱਲਿਆ ਨਹੀਂ। ਕਿਸਾਨੀ ਕਰਜ਼ਾ, ਆਤਮ-ਹੱਤਿਆਵਾਂ, ਖੇਤੀ ਛੱਡਣਾ ਆਦਿ ਪ੍ਰਤੱਖ ਮਿਸਾਲਾਂ ਹਨ। ਆਰਥਿਕ ਖੁਸ਼ਹਾਲੀ ਦਾ ਮੁੱਖ ਧੁਰਾ ਹੈ ਸਮਾਜ ਵਿੱਚ ਉਦਯੋਗਿਕ ਵਿਕਾਸ ਤੇ ਰੁਜਗਾਰ ਮੌਕਿਆਂ ਦੀ ਉਪਜ। 1950 ਤੋਂ 1970 ਤੱਕ ਜਨਤਕ ਸੈਕਟਰ ਵਿੱਚ ਵੱਡੇ ਪ੍ਰਾਜੈਕਟਾਂ ਅਧੀਨ ਉਦਯੋਗਿਕ ਪਲਾਂਟਾਂ ਦੀ ਸਥਾਪਨਾ ਕੀਤੀ ਗਈ; ਨਤੀਜੇ ਵਜੋਂ ਲੋਕਾਂ ਨੂੰ ਰੁਜਗਾਰ ਮਿਲਣਾ ਸ਼ੁਰੂ ਹੋਇਆ। ਇਸ ਦੇ ਨਾਲ ਹੀ ਬੈਂਕ, ਪੰਜਾਬ ਸਕੂਲ ਸਿੱਖਿਆ ਬੋਰਡ, ਬਿਜਲੀ ਬੋਰਡ, ਪਨਸਪ ਅਤੇ ਅਨੇਕ ਹੋਰ ਜਨਤਕ ਅਦਾਰਿਆਂ ਵਿੱਚ ਆਮ ਲੋਕਾਂ ਦੇ ਬੱਚੇ ਵੀ ਆਪਣੀ ਵਿਦਿਅਕ ਯੋਗਤਾ ਨਾਲ ਰੁਜਗਾਰ ਹਾਸਲ ਕਰ ਲੈਂਦੇ ਸਨ। ਹੁਣ ਨਿੱਜੀਕਰਨ ਦੇ ਦੌਰ ਵਿੱਚ ਇਹ ਸੰਸਥਾਵਾਂ ਖਾਤਮੇ ਦੀ ਕਗਾਰ 'ਤੇ ਹਨ। ਜਨਤਕ ਉਦਯੋਗਾਂ ਵਿੱਚ ਰੁਜ਼ਗਾਰ ਖਤਮ ਹੋ ਰਿਹਾ ਹੈ। ਬਹੁਤ ਸਾਰੀਆਂ ਸੇਵਾਵਾਂ ਠੇਕਾ ਆਧਾਰਿਤ ਕੀਤੀਆਂ ਜਾ ਰਹੀਆਂ ਹਨ। ਕਈ ਵਿਭਾਗਾਂ ਵਿੱਚ ਪਿਛਲੇ 20-25 ਸਾਲਾਂ ਤੋਂ ਕੋਈ ਅਸਾਮੀ ਨਹੀਂ ਭਰੀ ਗਈ। ਕਈ ਵਿਭਾਗ ਬੰਦ ਦਿੱਤੇ। ਸਿੱਟੇ ਵਜੋਂ ਅੱਜ ਦੇਸ਼ ਤੇ ਸਾਡੇ ਸੂਬੇ ਵਿੱਚ ਬੇਰੁਜ਼ਗਾਰੀ ਚਰਮ ਸੀਮਾ 'ਤੇ ਹੈ। ਲੋਕਾਂ ਦਾ ਸਰਕਾਰਾਂ, ਇਥੋਂ ਤੱਕ ਕਿ ਨਿੱਜੀ ਖੇਤਰਾਂ ਤੋਂ ਵੀ ਮਨ ਭਰ ਗਿਆ ਹੈ। ਪੰਜਾਬ ਦੇ ਬੱਚੇ ਵਿਦੇਸ਼ ਜਾ ਰਹੇ ਹਨ। ਇਹੀ ਨਹੀਂ, ਦੇਸ਼ ਅੰਦਰ ਆਰਥਿਕ ਪਾੜੇ ਬਹੁਤ ਵਧ ਗਏ ਅਤੇ ਵਧ ਰਹੇ ਹਨ। ਧਨ-ਦੌਲਤ ਦੇ ਸ੍ਰੋਤ ਕੁਝ ਕੁ ਹੱਥਾਂ ਵਿੱਚ ਸਿਮਟ ਗਏ ਹਨ। 1980 ਤੋਂ ਪਹਿਲਾਂ ਮੁਲਕ ਵਿੱਚ 2-4 ਹੀ ਖਰਬਪਤੀ ਸਨ, ਅੱਜ ਇਹ ਗਿਣਤੀ 200 ਤੋਂ ਵਧੇਰੇ ਹੈ। ਭਾਰਤ ਦੇ 10% ਲੋਕਾਂ ਕੋਲ ਦੇਸ਼ ਦੇ 60% ਵਸੀਲੇ ਹਨ; 60% ਗਰੀਬਾਂ ਕੋਲ ਕੇਵਲ 4% ਦੇ ਕਰੀਬ ਹਨ।

ਆਰਥਿਕ ਕਾਰਕ ਤੋਂ ਬਿਨਾਂ ਸਿਹਤ ਅਤੇ ਸਿੱਖਿਆ ਅਜਿਹੇ ਖੇਤਰ ਹਨ ਜਿਨ੍ਹਾਂ ਤੋਂ ਕਿਸੇ ਦੇਸ਼ ਦੀ ਤੱਰਕੀ ਤੇ ਖੁਸ਼ਹਾਲੀ ਮਿਣੀ ਜਾਂਦੀ ਹੈ। ਦੇਸ਼ ਦੀ ਆਜਾਦੀ ਤੋਂ ਬਾਅਦ ਸਿੱਖਿਆ ਤੇ ਸਿਹਤ ਸੰਸਥਾਵਾਂ ਦਾ ਵੱਡੇ ਪੱਧਰ 'ਤੇ ਵਿਸਤਾਰ ਕੀਤਾ ਗਿਆ। ਸਕੂਲ, ਕਾਲਜ, ਤਕਨੀਕੀ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਬਣਾਏ। ਇਨ੍ਹਾਂ ਸੰਸਥਾਵਾਂ ਦੀ ਵਿਲੱਖਣਤਾ ਸੀ ਕਿ ਘੱਟ ਖਰਚਿਆਂ ਵਿੱਚ ਆਮ ਲੋਕਾਂ ਨੂੰ ਵੀ ਸਿੱਖਿਆ ਮਿਲਣ ਲੱਗੀ; ਅਮੀਰ ਗਰੀਬ ਕੁਝ ਨਾ ਕੁਝ ਰੁਜਗਾਰ ਲੈ ਲੈਂਦੇ। ਅੱਜ ਹਾਲਤ ਬਿਲਕੁਲ ਉਲਟ ਹੋ ਗਈ ਲੱਗਦੀ ਹੈ। ਸਿੱਖਿਆ ਦਾ ਨਿੱਜੀਕਰਨ ਹੋਣ ਕਰ ਕੇ ਇਹ ਵਪਾਰ ਬਣ ਗਈ ਹੈ। ਜਨਤਕ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਨੂੰ ਜਾਣਬੁਝ ਕੇ ਖਤਮ ਕੀਤਾ ਜਾ ਰਿਹਾ ਹੈ; ਪ੍ਰਾਈਵੇਟ ਅਦਾਰਿਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਵਿਦਿਆ ਮਹਿੰਗੀ ਹੋਣ ਕਰ ਕੇ ਆਮ ਲੋਕਾਂ ਦਾ ਕਚੂੰਮਰ ਨਿਕਲਿਆ ਪਿਆ ਹੈ। ਛੋਟੇ ਕਿਸਾਨਾਂ ਦੀ ਅੱਧੀ ਕਮਾਈ ਦੇ ਲੱਗਭਗ ਬੱਚਿਆਂ ਦੀ ਸਿੱਖਿਆ 'ਤੇ ਖਰਚ ਹੋ ਜਾਂਦੀ ਹੈ।

1950 ਤੋਂ 1960-65 ਤੱਕ ਜਨਤਕ ਸਿਹਤ ਸੰਸਥਾਵਾਂ, ਡਿਪੈਂਸਰੀਆਂ, ਛੋਟੇ ਤੇ ਵੱਡੇ ਹਸਪਤਾਲਾਂ ਦੀ ਸਥਾਪਨਾ ਤੇਜ਼ੀ ਨਾਲ ਹੋਈ ਸੀ। ਸਰਕਾਰੀ ਸਿਹਤ ਅਦਾਰੇ ਖਤਮ ਕੀਤੇ ਜਾ ਰਹੇ ਹਨ। ਹੋਟਲ ਵਰਗੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਹੱਦੋਂ ਵੱਧ ਮਹਿੰਗਾ ਹੈ। ਰਾਜਨੀਤਕ ਤੌਰ 'ਤੇ ਦੇਖੀਏ ਤਾਂ ਆਜਾਦੀ ਤੋਂ ਬਾਅਦ ਸਾਡੇ ਸਿਆਸਤਦਾਨਾਂ ਦਾ ਕਿਰਦਾਰ ਤੇ ਵਿਹਾਰ ਹੁਣ ਦੇ ਮੁਕਾਬਲੇ ਬਹੁਤ ਠੀਕ ਸੀ। ਹੁਣ ਤਾਂ ਕਹਿਣ ਨੂੰ ਹੀ ਲੋਕਤੰਤਰ ਲਗਦਾ ਹੈ; ਸੱਤਾ ਦੀ ਡੋਰੀ ਇੱਕ ਸਖਸ ਜਾਂ ਕੁਝ ਪਰਿਵਾਰਾਂ ਤੱਕ ਸੀਮਤ ਹੈ। ਨਵੀਂ ਪਨੀਰੀ ਨੂੰ ਰਾਜਨੀਤੀ ਵਿੱਚ ਥਾਂ ਬਹੁਤ ਘੱਟ ਮਿਲ ਰਹੀ ਹੈ। ਸੱਭਿਆਚਾਰ ਵਿੱਚ ਉਪਜਾਏ ਜਾ ਰਹੇ ਵਿਗਾੜਾਂ ਕਾਰਨ ਹਿੰਸਾ ਵਧ ਰਹੀ ਹੈ। ਸਾਂਝ ਅਤੇ ਭਾਈਚਾਰਾ ਹੁਣ ਬੀਤੇ ਦੀਆਂ ਗੱਲਾਂ ਲਗਦੇ ਹਨ।

ਪੰਜਾਬ ਦੀ ਮੌਜੂਦਾ ਸੱਤਾਧਾਰੀ ਧਿਰ ਨੂੰ ਲੋਕਾਂ ਨੇ ਇਸ ਕਰ ਕੇ ਸਰਕਾਰ ਚਲਾਉਣ ਲਈ ਚੁਣਿਆ ਸੀ ਕਿ ਇਹ ਰਵਾਇਤੀ ਪਾਰਟੀਆਂ ਤੋਂ ਕੁਝ ਅਲੱਗ ਕਰ ਕੇ ਦਿਖਾਏਗੀ ਪਰ ਅਫਸੋਸ! ਇਹ ਵੀ ਪੰਜਾਬ ਨੂੰ ਲੀਹਾਂ 'ਤੇ ਨਹੀਂ ਲਿਆ ਸਕੀ। ਛੋਟੇ ਮੋਟੇ ਮੁੱਦੇ ਬਹੁਤ ਜਿਆਦਾ ਉਭਾਰ ਕੇ ਪ੍ਰਾਪਤੀ ਵਜੋਂ ਪੇਸ ਕੀਤੇ ਜਾ ਰਹੇ ਹਨ; ਜਿਵੇਂ ਕੁਝ ਅਧਿਆਪਕਾਂ ਨੂੰ ਬਾਹਰੋਂ ਸਿਖਲਾਈ ਬਾਰੇ ਦਿਖਾਵਾ। ਮੰਡੀਆਂ ਵਿੱਚ ਰੁਲ ਰਹੇ ਝੋਨੇ ਦਾ ਹੱਲ ਨਹੀਂ ਕੱਢਿਆ ਗਿਆ। ਲੱਗਭੱਗ ਹਰ ਵਿਭਾਗ ਦੇ ਮੁਲਾਜ਼ਮਾਂ ਆਪਣੇ ਹੱਕਾਂ ਵਾਸਤੇ ਧਰਨੇ ਲਾ ਰਹੇ ਹਨ। ਪਰਵਾਸ, ਨਸ਼ਾ, ਬੇਰੁਜ਼ਗਾਰੀ, ਸਿਹਤ ਤੇ ਸਿੱਖਿਆ ਸੰਸਥਾਵਾਂ ਦੇ ਸੁਧਾਰਾਂ ਵਰਗੇ ਮਸਲਿਆਂ ਤੋਂ ਹਾਲਤ ਭਾਂਜ ਵਾਲੀ ਹੈ। ਪੰਜਾਬ ਸਿਰ ਕਰਜ਼ਾ ਨਿੱਤ ਦਿਨ ਵਧ ਰਿਹਾ ਹੈ। ਅਜਿਹੇ ਹੋਰ ਅਨੇਕ ਮੁੱਦੇ ਛੱਡ ਨੇ ਛੋਟੀਆਂ ਮੋਟੀਆਂ ਗੱਲਾਂ ਲੋਕਾਂ ਅੱਗੇ ਰੱਖੀਆਂ ਜਾ ਰਹੀਆਂ ਹਨ। ਜਿਹੜੀ ਸਰਕਾਰ ਬਦਲਾਓ ਦੇ ਨਾਅਰੇ ਸਦਕਾ ਹੋਂਦ ਵਿੱਚ ਆਈ ਸੀ, ਉਹ ਹੁਣ ਬੁੱਤਾ-ਸਾਰ ਸਰਕਾਰ ਵਿੱਚ ਤਬਦੀਲ ਹੋ ਰਹੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਇਹ ਸਾਰਥਿਕ ਕਦਮ ਚੁੱਕ ਕੇ ਵੱਖ-ਵੱਖ ਖੇਤਰਾਂ ਦੀ ਤਰੱਕੀ ਅਤੇ ਜਨਤਕ ਸੰਸਥਾਵਾਂ ਦੀ ਸੁਰਜੀਤੀ ਲਈ ਕੋਸ਼ਿਸ ਕਰੇ।

ਡਾ. ਸੁਖਦੇਵ ਸਿੰਘ

# ਚੰਡੀਗੜ੍ਹ ਦਾ ਵਿਵਾਦ

ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਲਈ ਬਦਲਵੀਂ ਜਗ੍ਹਾ ਦੇਣ ਦੀ ਤਜਵੀਜ਼ ਨੂੰ ਲੈ ਕੇ ਪੰਜਾਬ ਦੇ ਸਿਆਸੀ ਹਲਕਿਆਂ ਦਾ ਜਿਸ ਕਿਸਮ ਦਾ ਰੱਦੇ-ਅਮਲ ਸਾਹਮਣੇ ਆਇਆ ਹੈ, ਉਸ ਦੀ ਪਹਿਲਾਂ ਹੀ ਆਸ ਕੀਤੀ ਜਾ ਰਹੀ ਸੀ। ਹਰਿਆਣਾ ਸਰਕਾਰ ਨੇ ਚੰਡੀਗੜ੍ਹ ਵਿਚ 10 ਏਕੜ ਜਮੀਨ ਉੱਤੇ ਵਿਧਾਨ ਸਭਾ ਬਣਾਉਣ ਲਈ ਚੰਡੀਗੜ੍ਹ ਨੂੰ 12 ਏਕੜ ਜਮੀਨ ਪੰਚਕੂਲਾ ਵਿਚ ਦੇਣ ਬਾਰੇ ਕਿਹਾ ਸੀ ਪਰ ਪੰਚਕੂਲਾ ਵਾਲੀ ਜਮੀਨ ਈਕੋ ਸੈਂਸਟਿਵ ਹੋਣ ਕਰ ਕੇ ਮਾਮਲਾ ਭਖ ਗਿਆ। ਹੁਣ ਕੇਂਦਰੀ ਵਾਤਾਵਰਨ, ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲੇ ਨੇ ਪੰਚਕੂਲਾ ਦੀ ਇਸ ਜ਼ਮੀਨ ਨੂੰ ਵਾਤਾਵਰਨ ਪੱਖੋਂ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਜਮੀਨ ਦੀ ਅਦਲਾ-ਬਦਲੀ ਦਾ ਰਾਹ ਸਾਫ ਹੋ ਗਿਆ ਪਰ ਪੰਜਾਬ ਦੀਆਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਨੇ ਚੰਡੀਗੜ੍ਹ ਦੀ ਜਮੀਨ ਹਰਿਆਣਾ ਨੂੰ ਦੇਣ ਦਾ ਤਿੱਖਾ ਵਿਰੋਧ ਕੀਤਾ ਹੈ ਅਤੇ ਇਹ ਗੱਲ ਆਖੀ ਹੈ ਕਿ ਕੇਂਦਰ ਦੀ ਇਹ ਪਹਿਲਕਦਮੀ ਪੰਜਾਬ ਦੇ ਹਿੱਤਾਂ ਤੇ ਹੱਕਾਂ ਉੱਪਰ ਵੱਡਾ ਹਮਲਾ ਹੈ। ਪੰਜਾਬ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਤਰਜਮਾਨ ਨੇ



ਆਪਣੇ ਬਿਆਨ ਵਿੱਚ ਕਿਹਾ ਹੈ ਕਿ ਚੰਡੀਗੜ੍ਹ ਮਹਿਜ਼ ਜ਼ਮੀਨ ਦਾ ਟੁਕੜਾ ਨਹੀਂ ਹੈ ਸਗੋਂ ਇਸ ਨਾਲ ਤਿੰਨ ਕਰੋੜ ਪੰਜਾਬੀਆਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਆਗੂਆਂ ਨੇ ਵੀ ਹਰਿਆਣਾ ਨੂੰ ਚੰਡੀਗੜ੍ਹ ਵਿੱਚ ਵਿਧਾਨ ਸਭਾ ਲਈ ਜ਼ਮੀਨ ਦੇਣ ਦੀ ਤਜਵੀਜ਼ ਦਾ ਤਿੱਖਾ ਵਿਰੋਧ ਕੀਤਾ ਹੈ।

ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਨੇ ਸਾਫ਼ ਤੌਰ 'ਤੇ ਕਿਹਾ ਹੈ ਕਿ ਕੇਂਦਰ ਦੀ ਇਸ ਕਾਰਵਾਈ ਨਾਲ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਨੂੰ ਢਾਹ ਲੱਗੇਗੀ ਤੇ ਇਸ ਤਰ੍ਹਾਂ ਦੇ ਪੰਜਾਬ ਵਿਰੋਧੀ ਰੁਖ਼ ਨਾਲ ਰਾਜ ਦੇ ਲੋਕਾਂ ਨੂੰ ਨੁਕਸਾਨ ਝੱਲਣਾ ਪੈ ਸਕਦਾ ਹੈ। ਜਾਖੜ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਅਤੇ ਇਸ ਨੂੰ ਰੱਦ ਕਰਵਾਉਣ ਲਈ ਨਿੱਜੀ ਤੌਰ 'ਤੇ ਦਖਲ ਦੇਣ ਦੀ ਅਪੀਲ ਕੀਤੀ ਹੈ। ਨਵੀਂ ਵਿਧਾਨ ਸਭਾ ਬਣਾਉਣ ਲਈ ਹਰਿਆਣਾ ਸਰਕਾਰ ਵੱਲੋਂ ਪਿਛਲੇ ਕਈ ਸਾਲਾਂ ਤੋਂ ਚਾਰਾਜੋਈ ਕੀਤੀ ਜਾ ਰਹੀ ਸੀ। ਇਸ ਸਬੰਧ 'ਚ ਹਰਿਆਣਾ ਵੱਲੋਂ ਇਹ ਤਰਕ ਦਿੱਤਾ ਜਾ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਸ ਦੀ ਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ ਵਧੇਗੀ ਜਿਸ ਦੇ ਮੱਦੇਨਜ਼ਰ ਉਸ ਨੂੰ ਨਵੀਂ ਵਿਧਾਨ ਸਭਾ ਬਣਾਉਣ ਦੀ ਲੋੜ ਹੈ।

1966 ਵਿੱਚ ਜਦੋਂ ਪੰਜਾਬ ਦਾ ਮੁੜ ਗਠਨ ਕਰ ਕੇ ਨਵਾਂ ਸੂਬਾ ਹਰਿਆਣਾ ਬਣਾਇਆ ਗਿਆ ਸੀ, ਚੰਡੀਗੜ੍ਹ ਦੇ ਮੁੱਦੇ ਨੂੰ ਉਦੋਂ ਤੋਂ ਹੀ ਲਟਕਾ ਕੇ ਰੱਖਿਆ ਹੋਇਆ ਹੈ। ਹਾਲਾਂਕਿ ਚੰਡੀਗੜ੍ਹ ਅਣਵੰਡੇ ਪੰਜਾਬ ਦੀ ਰਾਜਧਾਨੀ ਸੀ ਅਤੇ ਮੁੜਗਠਨ ਵੇਲੇ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਦੇਣ ਅਤੇ ਹਰਿਆਣਾ ਨੂੰ ਨਵੀਂ ਰਾਜਧਾਨੀ ਤਿਆਰ ਕਰਨ ਲਈ ਪੰਜ ਸਾਲ ਦੀ ਮੋਹਲਤ ਦਿੱਤੀ ਗਈ ਸੀ। ਨਵੀਂ ਵਿਧਾਨ ਸਭਾ ਬਾਰੇ ਹਰਿਆਣਾ ਦੀ ਲੋੜ ਤਾਂ ਸਮਝ ਪੈਂਦੀ ਹੈ ਪਰ ਇਸ ਤੱਥ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿ ਚੰਡੀਗੜ੍ਹ ਦੇ ਦਰਜੇ ਨੂੰ ਲੈ ਕੇ ਵਿਵਾਦ ਵਾਲੀ ਸਥਿਤੀ ਬਣੀ ਹੋਈ ਹੈ। ਇਸ ਮੌਕੇ ਚੰਡੀਗੜ੍ਹ ਦੇ ਦਰਜੇ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਸੰਵਿਧਾਨਕ ਅਤੇ ਇਖ਼ਲਾਕੀ ਤੌਰ 'ਤੇ ਸਹੀ ਨਹੀਂ ਆਖੀ ਜਾ ਸਕਦੀ। ਚੰਡੀਗੜ੍ਹ ਅਤੇ ਰਾਜ ਦੇ ਮੁੜਗਠਨ ਵੇਲੇ ਦੇ ਪੁਰਾਣੇ ਮੁੱਦਿਆਂ ਦੇ ਨਿਬੇੜੇ ਲਈ ਸਾਰੀਆਂ ਸਬੰਧਿਤ ਧਿਰਾਂ ਵਿਚਾਲੇ ਗੱਲਬਾਤ ਹੋਣੀ ਚਾਹੀਦੀ ਹੈ ਤੇ ਇਨ੍ਹਾਂ ਮੁੱਦਿਆਂ ਨੂੰ ਮਿਲ-ਬੈਠ ਕੇ ਸੁਲਝਾਉਣ ਦਾ ਰਸਤਾ ਅਖ਼ਤਿਆਰ ਕੀਤਾ ਜਾਣਾ ਚਾਹੀਦਾ ਹੈ।

# ਕੌਮ ਦੇ ਮਹਾਨ ਯੋਧੇ ਸ਼ਹੀਦ ਬਾਬਾ ਜੀਵਨ ਸਿੰਘ ਜੀ

## ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

ਵਿਦਵਾਨਾਂ ਦੇ ਵਿਚਾਰ ਹਨ ਕਿ ਯੋਧੇ ਦੀ ਸੂਰਬੀਰਤਾ ਨੂੰ ਸਿਰਫ਼ ਇਸ ਪੈਮਾਨੇ ਨਾਲ ਨਹੀਂ ਮਾਪਿਆ ਜਾਣਾ ਚਾਹੀਦਾ ਕਿ ਉਸ ਯੋਧੇ ਨੇ ਬਹਾਦਰੀ ਦੀਆਂ ਕਿੰਨੀਆਂ ਲੰਬੀਆਂ ਮੰਜ਼ਿਲਾਂ ਤਹਿ ਕੀਤੀਆਂ ਬਲਕਿ ਇਸ ਪੈਮਾਨੇ ਨਾਲ ਮਾਪਿਆ ਜਾਣਾ ਜ਼ਰੂਰੀ ਹੈ ਕਿ ਇਹ ਮੰਜ਼ਿਲਾਂ ਤਹਿ ਕਰਨ ਲਈ ਉਸ ਨੂੰ ਕਿੰਨੀਆਂ ਰੁਕਾਵਟਾਂ ਪਾਰ ਕਰਨੀਆਂ ਤੇ ਕਿੰਨੀਆਂ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ। ਇਹ ਕਥਨ ਸਿੱਖ ਇਤਿਹਾਸ ਦੇ ਮਹਾਨ ਸ਼ਹੀਦ, ਦਸਮੇਸ਼ ਗੁਰੂ ਦੀਆਂ ਫ਼ੌਜਾਂ ਦੇ ਮੁੱਖ ਜਰਨੈਲ ਤੇ ਅਨਿਨ ਸੇਵਕ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦੇ ਜੀਵਨ 'ਤੇ ਸਹੀ ਢੁੱਕਦੇ ਹਨ।

ਬਾਬਾ ਜੀਵਨ ਸਿੰਘ ਜੀ ਦੇ ਪਰਿਵਾਰ ਦੇ ਬਜ਼ੁਰਗ ਭਾਈ ਕਲਿਆਣਾ ਜੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਕੱਥੂ ਨੰਗਲ ਤੋਂ ਸ਼ੁਰੂ ਕੀਤੀ ਗਈ ਸੇਵਾ ਬੇਦਾਗ਼ ਤੇ ਅਟੁੱਟ ਚੱਲਦੀ ਹੋਈ 23 ਦਸੰਬਰ 1704 ਨੂੰ ਲਾਮਿਸਾਲ ਸ਼ਹਾਦਤਾਂ ਨਾਲ ਸਿਰੇ ਚੜ੍ਹੀ। ਇਹ ਕਰੀਬ 235-36 ਸਾਲ ਦਾ ਲੰਬਾ ਅਰਸਾ ਬਣਦਾ ਹੈ। ਇਸ ਤੋਂ ਇਲਾਵਾ ਭਾਈ ਜੈਤਾ ਜੀ ਨੇ ਗੁਰੂ ਆਸ਼ੇ ਦੀ ਪੂਰਤੀ ਲਈ ਆਪਣਾ ਸਾਰਾ ਪਰਿਵਾਰ ਸ਼ਹੀਦ ਕਰਵਾ ਦਿੱਤਾ ਤੇ ਆਪਣੀ ਕੁਰਬਾਨੀ ਵੀ ਉੱਥੇ ਦਿੱਤੀ, ਜਿੱਥੋਂ ਹੋਰ ਕਈ ਸਿੱਖ ਪਾਸਾ ਵੱਟਦੇ ਦੇਖੇ ਗਏ।

ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀ ਕੰਕਣ 'ਸੰਖੇਪ 10 ਗੁਰੂ ਕਥਾ' ਵਿਚ ਬਿਆਨ ਕਰਦੇ ਹਨ ਕਿ ਜਦੋਂ 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਚਾਂਦਨੀ ਚੌਕ ਵਿਖੇ ਕੈਦ ਵੇਲੇ 9 ਸਾਲ ਦੇ ਗੁਰੂ ਗੋਬਿੰਦ ਰਾਏ ਜੀ ਅਨੰਦਪੁਰ ਸਾਹਿਬ ਵਿਚ ਸੰਗਤਾਂ ਦੇ ਭਰੇ ਇਕੱਠ ਵਿੱਚੋਂ ਕੋਈ ਐਸਾ ਸੂਰਮਾ ਨਿਤਰਣ ਦੀ ਮੰਗ ਕਰਦੇ ਹਨ, ਜੋ ਸ਼ਹਾਦਤ ਉਪਰੰਤ ਗੁਰੂ ਪਿਤਾ ਜੀ ਦਾ ਸੀਸ ਚੁੱਕ ਕੇ ਲਿਆ ਸਕੇ ਤਾਂ ਉਦੋਂ ਔਰੰਗਜ਼ੇਬ ਦੇ ਡਰ ਕਾਰਨ ਹੋਰਨਾਂ ਸਿੱਖਾਂ ਵੱਲੋਂ ਸਹਿਮਦੇ ਹੋਏ ਚੁੱਪ ਵੱਟ ਲੈਣ ਕਾਰਨ ਭਾਈ ਜੈਤਾ ਜੀ ਨੇ ਉਠ ਕੇ ਕਿਹਾ ਸੀ ਕਿ 'ਇਹ ਸੀਸ ਮੈਂ ਲਿਆਵਾਂਗਾ।' ਇਸ ਲਾਮਿਸਾਲ ਵਫ਼ਾਦਾਰੀ ਤੇ ਕੁਰਬਾਨੀ ਦਾ ਜ਼ਿਕਰ ਕਵੀ ਕੰਕਣ ਜੀ ਨੇ ਇੰਜ ਬਿਆਨ ਕੀਤਾ ਹੈ :

*ਹੱਵੇ ਐਸਾ ਸਿੱਖ ਮਮ ਸਤਿਗੁਰ ਕਹਯਾ ਸੁੱਣਾਇ,*
*ਸੀਸ ਹਮਾਰੋ ਪਿਤਾ ਕਾ ਤਰਤੇ ਲਿਆਵੇ ਜਾਏ।*
*ਔਰ ਸਭੈ ਚੁਪ ਕਰ ਰਹੇ ਮਜ਼ਬੀ ਉਠਿਓ ਤੁੰਏ,*
*ਮੈਂ ਹੂੰ ਉਦਮ ਕਰੂੰਗਾ ਹੋਣੀ ਹੱਏ ਸੋ ਹੱਏ।*

ਭਾਈ ਜੈਤਾ ਜੀ ਦੇ ਪਰਿਵਾਰ ਦੀ ਲੰਬੀ ਬੇਦਾਗ਼ ਸੇਵਾ ਤੇ ਵਫ਼ਾਦਾਰੀ ਕਾਰਨ ਰੰਘਰੇਟੇ ਸਿੰਘਾਂ ਦੀ ਬਹਾਦਰੀ ਤੇ ਭਰੋਸੇਯੋਗਤਾ 'ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਪੂਰਨ ਭਰੋਸਾ ਸੀ। 11 ਨਵੰਬਰ 1675 ਨੂੰ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਉਪਰੰਤ ਭਾਈ ਜੈਤਾ ਜੀ ਨੇ ਆਪਣੇ ਪਿਤਾ ਭਾਈ ਸਦਾਨੰਦ ਦੇ ਸੀਸ ਦੀ ਕੁਰਬਾਨੀ ਦੇ ਕੇ ਉਸੇ ਰਾਤ ਗੁਰੂ ਜੀ ਦਾ ਪਾਵਨ ਸੀਸ ਚੁੱਕ ਕੇ ਕਠਿਨ ਜੰਗਲੀ ਪੈਂਡਾ ਤਹਿ ਕਰਦੇ ਹੋਏ 14 ਨਵੰਬਰ 1675 ਨੂੰ ਗੁਰੂ ਗੋਬਿੰਦ ਸਿੰਘ ਜੀ ਪਾਸ ਸੀਸ ਅਨੰਦਪੁਰ ਸਾਹਿਬ ਵਿਖੇ ਪੁੱਜਦਾ ਕੀਤਾ।

ਭਾਈ ਜੈਤਾ ਜੀ ਦੀ ਇਸ ਮਹਾਨ ਕੁਰਬਾਨੀ ਤੇ ਵਫ਼ਾਦਾਰੀ ਤੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਜਿੱਥੇ ਫਖ਼ਰ ਤੇ



ਸੰਤੁਸ਼ਟੀ ਹੋਈ ਉੱਥੇ ਦਿੱਲੀ ਦੇ ਸਿੱਖਾਂ ਵੱਲੋਂ ਇਸ ਸ਼ਹੀਦੀ ਸਾਕੇ ਦੌਰਾਨ ਨਿਭਾਈ ਨਿਰਾਸ਼ਾਜਨਕ ਭੂਮਿਕਾ, ਜੋ ਭਾਈ ਜੈਤਾ ਜੀ ਨੇ ਅੱਖੀਂ ਡਿੱਠੀ ਦੱਸੀ ਸੀ, ਉਸ ਪ੍ਰਤੀ ਅਫ਼ਸੋਸ ਵੀ ਹੋਇਆ। ਇਸੇ ਕਰਕੇ ਗੁਰੂ ਸੀਸ ਦੇ ਸੰਸਕਾਰ ਉਪਰੰਤ ਸੰਗਤ ਵਿਚ ਉਨ੍ਹਾਂ ਨੇ ਭਾਈ ਜੈਤਾ ਜੀ ਨੂੰ ਪਿਆਰ ਨਾਲ ਗਲਵਕੜੀ 'ਚ ਲੈ ਕੇ 'ਰੰਘਰੇਟੇ ਗੁਰੂ ਕੇ ਬੇਟੇ' ਤੇ 'ਸਿੱਖੀ ਦੇ ਰਾਖੇ' ਜਿਹੇ ਮਾਣ ਭਰੇ ਸ਼ਬਦਾਂ ਨਾਲ ਨਿਵਾਜਿਆ ਸੀ। ਇਸੇ ਵਫ਼ਾਦਾਰੀ ਕਾਰਨ ਬਾਅਦ 'ਚ ਗੁਰੂ ਜੀ ਨੇ ਭਾਈ ਜੈਤਾ ਜੀ ਨੂੰ ਫ਼ੌਜ ਦੇ ਮੁੱਖ ਜਰਨੈਲ, ਮੁੱਖ ਨਗਾਰਚੀ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਤੇ ਅਨੰਦਗੜ੍ਹ ਕਿਲ੍ਹੇ ਵਿਚ ਗੁਰੂ ਜੀ ਨੇ ਭਾਈ ਜੈਤਾ ਜੀ ਦੀ ਰਿਹਾਇਸ਼ ਵੀ ਆਪਣੇ ਨੇੜੇ ਹੀ ਰੱਖੀ ਸੀ।

1699 ਦੀ ਵਿਸਾਖੀ ਵੇਲੇ ਗੁਰੂ ਸਾਹਿਬ ਨੇ ਚਾਰ ਸਾਹਿਬਜ਼ਾਦਿਆਂ ਸਮੇਤ ਭਾਈ ਜੈਤਾ ਜੀ ਨੂੰ ਅੰਮ੍ਰਿਤ ਛਕਾ ਕੇ ਜੈਤਾ ਤੋਂ ਜੀਵਨ ਸਿੰਘ ਨਾਂ ਰੱਖਿਆ। ਉਨ੍ਹਾਂ ਦੇ ਰਿਹਾਇਸ਼ੀ ਅਸਥਾਨ 'ਤੇ ਅੱਜ ਗੁਰਦੁਆਰਾ ਸਾਹਿਬ 'ਤਪ ਅਸਥਾਨ ਸ਼ਹੀਦ ਬਾਬਾ ਜੀਵਨ ਸਿੰਘ ਜੀ' ਸੁਸ਼ੋਭਿਤ ਹੈ, ਜਿੱਥੇ ਪੁਰਾਤਨ ਨਿਸ਼ਾਨੀਆਂ, ਤੋਸ਼ਾਖ਼ਾਨਾ, ਰਿਹਾਇਸ਼ੀ ਕਮਰਾ, ਪੁਰਾਤਨ ਪੌੜੀਆਂ ਅਸਲੀ ਰੂਪ 'ਚ ਅੱਜ ਵੀ ਮੌਜੂਦ ਹਨ। ਇਸ ਪਰਿਵਾਰ ਦੀਆਂ ਸ਼ਹਾਦਤਾਂ ਦੀ ਲੜੀ ਦਿੱਲੀ ਚਾਂਦਨੀ ਚੌਕ ਤੋਂ ਸ਼ੁਰੂ ਹੋ ਕੇ ਅਨੰਦਗੜ੍ਹ ਕਿਲ੍ਹਾ, ਸਿਰਸਾ ਦੀ ਜੰਗ ਤੋਂ ਹੁੰਦੀ ਹੋਈ ਚਮਕੌਰ ਦੀ ਗੜ੍ਹੀ 'ਚ ਜਾ ਕੇ ਸੰਪੂਰਨ ਹੋਈ। ਜੈਤਾ ਜੀ ਦੇ ਪਿਤਾ ਭਾਈ ਸਦਾਨੰਦ ਵੱਲੋਂ ਆਪਣੇ ਸੀਸ ਦੀ ਕੁਰਬਾਨੀ, ਤਾਇਆ ਆਗਿਆ ਰਾਮ ਨੂੰ ਨੌਵੇਂ ਪਾਤਸ਼ਾਹ ਦਾ ਸੀਸ ਚੁੱਕਣ 'ਚ ਸਹਿਯੋਗ ਲਈ ਔਰੰਗਜ਼ੇਬ ਵੱਲੋਂ ਕਤਲ ਕਰ ਦੇਣਾ, 19-20 ਦਸੰਬਰ 1704 ਦੀ ਰਾਤ ਨੂੰ ਅਨੰਦਗੜ੍ਹ ਕਿਲ੍ਹਾ ਖ਼ਾਲੀ ਕਰਨ ਉਪਰੰਤ ਦਸਮੇਸ਼ ਗੁਰੂ ਜੀ ਦੇ ਪਰਿਵਾਰ ਸਮੇਤ 40 ਸਿੰਘਾਂ ਤੇ ਮੁਗ਼ਲ ਫ਼ੌਜਾਂ ਵਿਚਾਲੇ ਸਿਰਸਾ ਨਦੀ ਕੰਢੇ ਹੋਏ ਯੁੱਧ 'ਚ ਬਾਬਾ ਜੀਵਨ ਸਿੰਘ ਜੀ ਦੇ ਮਾਤਾ ਪ੍ਰੇਮੋ ਜੀ, ਦੋ ਛੋਟੇ ਪੁੱਤਰ ਸ਼ਹੀਦ ਹੋਏ ਤੇ ਧਰਮ ਪਤਨੀ ਬੀਬੀ ਰਾਜ ਕੌਰ ਵਿੱਛੜ ਗਏ।

ਇਹ ਇਤਿਹਾਸ ਵੀ ਵਿਸ਼ੇਸ਼ ਫ਼ਖ਼ਰ ਵਾਲਾ ਹੈ ਕਿ ਜਦੋਂ ਅਨੰਦਗੜ੍ਹ ਕਿਲ੍ਹੇ ਨੂੰ ਮੁਗ਼ਲ ਫ਼ੌਜ ਵੱਲੋਂ 8-9 ਮਹੀਨੇ ਘੇਰਾ ਪਾਈ ਰੱਖਣ ਕਾਰਨ ਕਿਲ੍ਹੇ ਅੰਦਰ ਰਾਸ਼ਨ-ਪਾਣੀ ਖ਼ਤਮ ਹੋਣ 'ਤੇ ਮਾਝੇ ਦੇ 40 ਸਿੰਘ (ਜੋ ਬਾਅਦ 'ਚ ਮਾਈ ਭਾਗੋ ਜੀ ਦੀ ਅਗਵਾਹੀ ਵਿਚ ਸ੍ਰੀ ਮੁਕਤਸਰ ਸਾਹਿਬ ਦੀ ਜੰਗ 'ਚ ਸ਼ਹੀਦ ਹੋਏ ਤੇ 40 ਮੁਕਤੇ ਅਖਵਾਏ) ਭੁੱਖ ਨਾ ਸਹਾਰਦੇ ਹੋਏ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਛੱਡ ਗਏ ਸਨ ਤਾਂ ਬਾਬਾ ਜੀਵਨ ਸਿੰਘ ਜੀ ਸਮੁੱਚੇ ਪਰਿਵਾਰ ਤੇ ਹੋਰ ਸਿੰਘਾਂ ਸਮੇਤ ਭੁੱਖੇ-ਪਿਆਸੇ ਗੁਰੂ ਜੀ ਦੇ ਪਰਿਵਾਰ ਨਾਲ ਅਖ਼ੀਰ ਤਕ ਡਟੇ ਰਹੇ।

ਸਿਰਸਾ ਨਦੀ ਦੇ ਯੁੱਧ ਤੋਂ ਚੱਲਦੇ ਹੋਏ ਗੁਰੂ ਜੀ ਰੋਪੜ ਵੱਲ ਚਲੇ ਗਏ ਤੇ ਚਮਕੌਰ ਦੀ ਕੱਚੀ ਹਵੇਲੀ, ਜਿਸ ਦਾ ਇਤਿਹਾਸਕ ਨਾਮ 'ਚਮਕੌਰ ਦੀ ਗੜ੍ਹੀ' ਹੈ ਵਿਚ 21 ਦਸੰਬਰ ਦੀ ਰਾਤ ਨੂੰ ਸਿੰਘਾਂ ਸਮੇਤ ਡੇਰੇ ਲਾ ਲਏ, ਜਿੱਥੇ ਫਿਰ ਮੁਗ਼ਲ ਫ਼ੌਜ ਨੇ ਘੇਰਾ ਪਾ ਲਿਆ। 22 ਦਸੰਬਰ 1704 ਦੀ ਸਵੇਰ ਨੂੰ 40 ਸਿੰਘਾਂ ਤੇ ਲੱਖਾਂ ਦੀ ਮੁਗ਼ਲ ਫ਼ੌਜ ਦਰਮਿਆਨ ਯੁੱਧ ਵਿਚ ਬਾਬਾ ਜੀ ਦੇ ਦੋ ਵੱਡੇ ਸਪੁੱਤਰ, ਸਹੁਰਾ ਭਾਈ ਖਜ਼ਾਨ ਸਿੰਘ ਤੇ ਛੋਟੇ ਭਰਾ ਸੰਗਤ ਸਿੰਘ ਜੀ ਸ਼ਹੀਦ ਹੋ ਗਏ। ਗੜ੍ਹੀ ਵਿਚ 22 ਦਸੰਬਰ 1704 ਨੂੰ ਜਦੋਂ ਗੁਰੂ ਸਾਹਿਬ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਵੀ ਹੋਰ ਸਿੰਘਾਂ ਸਮੇਤ ਜੂਝਦੇ ਹੋਏ ਸ਼ਹੀਦ ਹੋ ਗਏ ਤੇ ਗੜ੍ਹੀ 'ਚ ਕੇਵਲ 11 ਸਿੰਘ ਰਹਿ ਗਏ ਸਨ ਤਾਂ ਗੁਰੂ ਜੀ ਦੀ ਸੁਰੱਖਿਆ ਤੇ ਸਿੱਖ ਕੌਮ ਦੇ ਭਵਿੱਖ ਦਾ ਵਾਸਤਾ ਪਾਉਂਦੇ ਹੋਏ ਪੰਜ ਸਿੰਘਾਂ ਨੇ ਗੁਰੂ ਜੀ ਨੂੰ ਗੜ੍ਹੀ 'ਚੋਂ ਸੁਰੱਖਿਅਤ ਨਿਕਲ ਜਾਣ ਦੀ ਸਲਾਹ ਦਿੱਤੀ। ਗੁਰੂ ਜੀ ਨੇ 22 ਦਸੰਬਰ ਦੀ ਰਾਤ ਨੂੰ ਗੜ੍ਹੀ ਛੱਡਣ ਤੋਂ ਪਹਿਲਾਂ ਯੁੱਧ ਨੀਤੀ ਦੇ ਨਿਪੁੰਨ ਬਾਬਾ ਜੀਵਨ ਸਿੰਘ ਜੀ ਨੂੰ ਆਪਣੀ ਕਲਗੀ ਤੇ ਪੁਸ਼ਾਕਾ ਸੌਂਪਦੇ ਹੋਏ ਗੜ੍ਹੀ ਦੀ ਮਮਟੀ 'ਤੇ ਬਿਠਾਇਆ ਤਾਂ ਕਿ ਸਵੇਰ ਤਕ ਮੁਗ਼ਲ ਫ਼ੌਜ ਨੂੰ ਭੁਲੇਖੇ ਵਿਚ ਰੱਖਿਆ ਜਾ ਸਕੇ ਕਿ ਗੁਰੂ ਜੀ ਗੜ੍ਹੀ ਦੇ ਅੰਦਰ ਹੀ ਹਨ। ਬਾਬਾ ਜੀ ਯੁੱਧ ਨੀਤੀ 'ਚ ਇੰਨੇ ਨਿਪੁੰਨ ਸਨ ਕਿ ਉਹ ਦੋਹਾਂ ਹੱਥਾਂ ਨਾਲ ਇੱਕੋ ਵੇਲੇ ਦੋ ਬੰਦੂਕਾਂ ਚਲਾ ਸਕਦੇ ਸਨ ਤੇ ਘੋੜੇ ਤੇ ਸਵਾਰ ਹੋ ਕੇ ਲਗਾਮਾਂ ਮੂੰਹ 'ਚ ਫੜ ਕੇ ਦੋ ਤਲਵਾਰਾਂ ਦੋਹਾਂ ਹੱਥਾਂ ਨਾਲ ਚਲਾ ਸਕਦੇ ਸਨ। ਇਸ ਜ਼ਿੰਮੇਵਾਰੀ ਨੂੰ ਉਨ੍ਹਾਂ ਨੇ ਬੜੀ ਨਿਪੁੰਨਤਾ ਨਾਲ ਆਪਣੀ ਨਾਗਣੀ ਤੇ ਬਾਗਨੀ ਬੰਦੂਕਾਂ ਤੇ ਤੀਰ ਚਲਾ ਕੇ ਨਿਭਾਇਆ। ਕਵੀ ਕੰਕਨ ਲਿਖਦੇ ਹਨ :

*ਨਿਜ ਕਲਗੀ ਸਿਰ ਦਈ ਸਜਾਇ।*
*ਦਈ ਪੁਸ਼ਾਕ ਆਪਨੀ ਪਹਿਰਾਇ।*
*ਜੀਵਨ ਸਿੰਘ ਕੋਂ ਧੁਰਜ ਧਰਾਇ।*
*ਤਹਿ ਗੜ੍ਹੀ ਗੁਰੂ ਗੋਬਿੰਦ ਸਿੰਘ ਜਾਇ।*

ਗੁਰੂ ਜੀ ਤਿੰਨ ਸਿੰਘਾਂ ਸਮੇਤ ਰਾਤ ਨੂੰ ਗੜ੍ਹੀ ਛੱਡ ਕੇ ਮਾਛੀਵਾੜੇ ਵੱਲ ਚਲੇ ਗਏ। ਬਾਬਾ ਜੀਵਨ ਸਿੰਘ ਜੀ ਨੇ ਇਕ ਮਹਾਨ ਗ੍ਰੰਥ 'ਸ੍ਰੀ ਗੁਰੂ ਕਥਾ ਗ੍ਰੰਥ' ਦੀ ਵੀ ਰਚਨਾ ਕੀਤੀ, ਜਿਸ 'ਚ ਉਨ੍ਹਾਂ ਨੇ 9ਵੇਂ ਤੇ ਦਸਮੇਸ਼ ਗੁਰੂ ਜੀ ਨਾਲ ਬਿਤਾਈ ਆਪਣੀ ਹੱਡਬੀਤੀ, ਗੁਰੂ ਸਾਹਿਬਾਨ ਦੇ ਗੁਣਾਂ, ਰਣਨੀਤੀ, ਧਾਰਮਿਕ, ਸਮਾਜਿਕ ਤੇ ਰਾਜਸੀ ਗੁਣਾਂ ਦਾ ਜ਼ਿਕਰ ਕੀਤਾ ਹੈ।

ਬਾਬਾ ਜੀਵਨ ਸਿੰਘ ਜੀ 22 ਦਸੰਬਰ ਦੀ ਰਾਤ ਨੂੰ ਗੜ੍ਹੀ ਦੀ ਮਮਟੀ 'ਤੇ ਬੈਠ ਕੇ ਬਹਾਦਰੀ ਨਾਲ ਬੰਦੂਕਾਂ ਤੇ ਤੀਰ ਚਲਾਉਂਦੇ ਰਹੇ ਤੇ ਵਿਚ-ਵਿਚ ਨਗਾਰਾ ਵੀ ਵਜਾਉਂਦੇ ਰਹੇ ਤਾਂ ਕਿ ਦੁਸ਼ਮਣ ਨੂੰ ਭੁਲੇਖਾ ਪਵੇ ਕਿ ਗੁਰੂ ਜੀ ਅੰਦਰ ਹੀ ਹਨ। 23 ਦਸੰਬਰ ਨੂੰ ਸਵੇਰੇ ਬਾਕੀ ਰਹਿੰਦੇ ਸਿੰਘ ਵੀ ਜੂਝਦੇ ਹੋਏ ਸ਼ਹੀਦ ਹੋ ਗਏ ਤੇ ਬਾਬਾ ਜੀਵਨ ਸਿੰਘ ਜੀ ਕੋਲੋਂ ਵੀ ਗੋਲੀ ਸਿੱਕਾ ਖ਼ਤਮ ਹੋ ਗਿਆ ਤਾਂ ਗੜ੍ਹੀ ਦਾ ਦਰਵਾਜ਼ਾ ਖੋਲ੍ਹ ਕੇ ਆਪ ਦੋਹਾਂ ਹੱਥਾਂ 'ਚ ਤਲਵਾਰਾਂ ਲੈ ਕੇ ਬਾਹਰ ਆਏ ਤੇ ਦੁਸ਼ਮਣ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਉਨ੍ਹਾਂ ਦੀ ਸ਼ਹੀਦੀ ਉਪਰੰਤ ਜਦੋਂ ਉਨ੍ਹਾਂ ਦੇ ਸੀਸ ਨੂੰ ਦੁਸ਼ਮਣ ਫ਼ੌਜ ਵੱਲੋਂ ਔਰੰਗਜ਼ੇਬ ਪਾਸ ਲਿਜਾਇਆ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਹੈ ਤਾਂ ਦਿੱਲੀ ਪਹੁੰਚ ਕੇ ਪਤਾ ਲੱਗਾ ਕਿ ਇਹ ਸੀਸ ਬਾਬਾ ਜੀਵਨ ਸਿੰਘ ਜੀ ਦਾ ਹੈ। ਇਸ ਬਾਰੇ ਗੁਰੂ ਬਿਲਾਸ ਪਾਤਸ਼ਾਹੀ-10 ਕ੍ਰਿਤ ਭਾਈ ਸੁੱਖਾ ਸਿੰਘ ਪੰਨਾ ਨੰਬਰ 329 'ਤੇ ਲਿਖਦੇ ਹਨ :

*ਸੀਸ ਨਿਹਾਰ ਬੇਗੇਸਰ ਕੋ ਇਮ ਬੋਲਤ ਹੈ ਸਭ ਹੀ ਨਰ ਨਾਰੀ।*
*ਏਕ ਕਹੈ ਕਰੁਨਾ ਨਿਧਕੋ ਇਕ ਭਾਖਤ ਹੈ ਇਹ ਖੇਲ ਅਪਾਰੀ।*

ਕਵੀ ਕੰਕਣ ਨੇ ਇਸ ਹਾਲਾਤ ਨੂੰ ਇੰਜ ਬਿਆਨ ਕੀਤਾ ਹੈ :

*ਵਜੀਦਾ ਅਤਿ ਪ੍ਰਲੰਨ ਭਯੋ ਲੀਉ ਮਾਰ ਗੋਬਿੰਦ।*
*ਦਿੱਲੀ ਧਾਇਉ ਸੀਸ ਲੈ ਖੁਸ਼ੀ ਕਰਨ ਨਰਿੰਦ।*

ਬਾਬਾ ਜੀ ਦਾ ਗੌਰਵਮਈ ਇਤਿਹਾਸ ਪ੍ਰਗਟ ਕਰਦਾ ਹੈ ਕਿ ਉਨ੍ਹਾਂ ਦੀਆਂ ਬੇਮਿਸਾਲ ਕੁਰਬਾਨੀਆਂ ਨਿੱਜੀ ਸੁਆਰਥ ਜਾਂ ਵਿਸ਼ੇਸ਼ ਜਾਤੀ ਲਈ ਨਹੀਂ ਬਲਕਿ ਸਮੁੱਚੀ ਮਨੁੱਖਤਾ ਤੇ ਸਿੱਖ ਕੌਮ ਦੇ ਭਵਿੱਖ ਲਈ ਸਨ। ਅਫ਼ਸੋਸ ਕਿ ਅੱਜ ਬਾਬਾ ਜੀਵਨ ਸਿੰਘ ਜੀ ਦੇ ਮਹਾਨ ਸ਼ਹੀਦੀ ਇਤਿਹਾਸ ਨੂੰ ਜਾਤੀ ਵਿਤਕਰੇ, ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਅਣਗੌਲੇਪਣ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।

ਬਾਬਾ ਜੀ ਦੀਆਂ ਕੁਰਬਾਨੀਆਂ ਦੇ ਬਰਾਬਰ ਦੀ ਕੋਈ ਯਾਦਗਾਰ ਨਹੀਂ ਬਣਾਈ ਗਈ। ਪਿਛਲੀ ਸਰਕਾਰ ਨੇ ਅਨੰਦਪੁਰ ਸਾਹਿਬ ਵਿਖੇ 'ਵਿਰਾਸਤ-ਏ-ਖ਼ਾਲਸਾ ਨੇੜੇ ਇਕ ਯਾਦਗਾਰ ਸ਼ੁਰੂ ਕੀਤੀ ਸੀ, ਜੋ ਅੱਜ ਵੀ ਅਧੂਰੀ ਹੈ। ਬਾਬਾ ਜੀ ਦੇ ਇਤਿਹਾਸਿਕ ਗੁਰਦੁਆਰਿਆਂ, ਰਿਹਾਇਸ਼ੀ ਅਸਥਾਨ ਅਨੰਦਪੁਰ ਸਾਹਿਬ ਤੇ ਸ਼ਹੀਦੀ ਅਸਥਾਨ ਚਮਕੌਰ ਸਾਹਿਬ ਦੀ ਸੰਭਾਲ ਤੇ ਨਿਰਮਾਣ ਪ੍ਰਬੰਧਕਾਂ ਵੱਲੋਂ ਸੰਗਤ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੋਈ ਪਹਿਲਕਦਮੀ ਨਹੀਂ ਕੀਤੀ ਗਈ। ਇਹ ਗੁਰਦੁਆਰੇ ਨਾ ਤਾਂ ਸ਼੍ਰੋਮਣੀ ਕਮੇਟੀ ਦੀ ਇਤਿਹਾਸਕ ਗੁਰਦੁਆਰਾ ਸੂਚੀ 'ਚ ਸ਼ਾਮਿਲ ਹਨ ਤੇ ਨਾ ਹੀ ਚਮਕੌਰ ਦੀ ਜੰਗ ਦੇ ਸ਼ਹੀਦਾਂ ਦੀ ਸੂਚੀ 'ਚ ਬਾਬਾ ਜੀ ਦਾ ਨਾਂ ਸ਼ਾਮਿਲ ਹੈ।

ਸਮਾਜ ਦੇ ਬੁੱਧੀਜੀਵੀਆਂ, ਰਾਜਨੀਤਿਕ ਤੇ ਧਾਰਮਿਕ ਆਗੂਆਂ ਇਹ ਗੱਲਾਂ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਇਸ ਦੇ ਨਾਲ ਹੀ ਬਾਬਾ ਜੀ ਦੀ ਸ਼ਹੀਦੀ ਸਬੰਧੀ ਇਹ ਸੁਨਹਿਰੀ ਲਫ਼ਜ਼ ਵੀ ਯਾਦ ਰੱਖਣੇ ਚਾਹੀਦੇ ਹਨ :

*ਅੰਤ ਅਕੇਲਾ ਗੜ੍ਹੀ ਮੇਂ ਬੰਦੂਕੀ ਪ੍ਰਬੀਨ।*
*ਜੀਵਨ ਸਿੰਘ ਰੰਘਰੇਟੜੋ ਜੋ ਜੂਝ ਗਇਓ ਸੰਗ ਦੀਨ।*

ਦਲਬੀਰ ਸਿੰਘ ਧਾਲੀਵਾਲ

# ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ ਦਿਹਾੜੇ 'ਤੇ ਵਿਸ਼ੇਸ਼

ਸਿੱਖ ਧਰਮ ਦੀ ਸਥਾਪਨਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੱਕ, ਸੱਚ, ਨਿਆਂ ਅਤੇ ਜ਼ੁਲਮ ਵਿਰੁੱਧ ਅਵਾਜ਼ ਉਠਾਉਣ ਦੇ ਉਦੇਸ਼ ਨੂੰ ਲੈ ਕੇ ਕੀਤੀ ਸੀ। ਇਸੇ ਲਈ ਸਮੇਂ ਦੀਆਂ ਜਾਬਰ ਹਕੂਮਤਾਂ ਦੇ ਅੱਤਿਆਚਾਰ, ਧੱਕੇਸ਼ਾਹੀ ਵਿਰੁੱਧ ਗੁਰੂ ਸਾਹਿਬਾਨ ਨੇ ਆਵਾਜ਼ ਉਠਾਈ ਅਤੇ ਸ਼ਹਾਦਤਾਂ ਪ੍ਰਾਪਤ ਕੀਤੀਆਂ। ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿੱਖੀ ਸਿਧਾਂਤਾਂ ਨੂੰ ਮਜਬੂਤ ਕਰਨ ਲਈ ਡੱਟ ਕੇ ਪਹਿਰਾ ਦਿੱਤਾ। ਉਸ ਵਕਤ ਹਿੰਦੁਸਤਾਨ ਵਿਚ ਮੁਗ਼ਲ ਸਰਕਾਰ ਵਲੋਂ ਆਮ ਨਾਗਰਿਕਾਂ ਖਾਸ ਕਰਕੇ ਗੈਰ ਮੁਸਲਮਾਨਾਂ ਉੱਤੇ ਧਰਮ ਦੇ ਨਾਮ ਉੱਪਰ ਹੋ ਰਹੇ ਜ਼ੁਲਮ ਵਿਰੁੱਧ ਗੁਰੂ ਸਾਹਿਬ ਵੱਲੋਂ ਧਰਮ ਯੁੱਧ ਸ਼ੁਰੂ ਕਰਨ ਦਾ ਇਹ ਇਕ ਅਹਿਮ ਐਲਾਨ ਸੀ:

*"ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ । ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ।"*

(ਭਾਵ ਹਰ ਪ੍ਰਕਾਰ ਦੇ ਸ਼ਾਂਤੀ ਭਰੇ ਸੰਵਾਦ ਦੇ ਹੀਲੇ ਸਮਾਪਤ ਹੋਣ ਉਪਰੰਤ ਹੀ ਹੱਥ ਵਿਚ ਸ਼ਮਸ਼ੀਰ ਪਕੜਨੀ।)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗਰੀਬਾ ਤੇ ਹੋ ਰਹੇ ਜਬਰ ਜੁਲਮ ਦੇ ਮੁਦੇ ਨੂੰ ਗੰਭੀਰਤਾ ਨਾਲ ਵਿਚਾਰਿਆ ਕਿ ਧਰਮ ਦੀ ਰੱਖਿਆ ਖ਼ਾਤਰ ਜ਼ੁਲਮੀ ਤਲਵਾਰ ਨੂੰ ਸਿਰ ਦਿੱਤਾ ਜਾਵੇ ਜਾਂ ਜ਼ੁਲਮ ਦਾ ਮੁਕਾਬਲਾ ਤੇਗ ਨਾਲ ਕੀਤਾ ਜਾਵੇ ? ਸੋਚ-ਵਿਚਾਰ ਮਗਰੋਂ ਉਨ੍ਹਾਂ "ਬ ਸ਼ਮਸ਼ੀਰ ਦਸਤ" ਦਾ ਰਾਹ ਚੁਣਿਆ ਅਤੇ ਖਾਲਸੇ ਦੀ ਸਿਰਜਣਾ ਕੀਤੀ। ਭਾਰਤੀ ਲੋਕਾਂ ਦੇ ਦਿਲਾਂ ਵਿਚ ਧਾਰਮਿਕ ਅਜ਼ਾਦੀ ਲਈ ਯੁੱਧ ਕਰਨ ਦੀ ਭਾਵਨਾ, ਸਿੱਖ ਧਰਮ ਵਿਚ ਆਈ ਇਸ ਨਵੀਂ ਕ੍ਰਾਂਤੀ ਦੁਆਰਾ ਹੀ ਉਤਪੰਨ ਹੋਈ। ਸਿੱਖਾਂ ਨੇ ਇਸ ਦੀ ਅਗਵਾਈ ਵੀ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਗਏ ਖਾਲਸੇ ਨੇ ਹੱਕ-ਸੱਚ ਖ਼ਾਤਰ ਜਾਬਰ ਮੁਗ਼ਲ ਸਾਮਰਾਜ ਨਾਲ ਹਥਿਆਰਬੰਦ ਯੁੱਧਾਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ। ਸਦੀਆਂ ਤੋਂ ਬੁਜ਼ਦਿਲ ਅਤੇ ਕਾਇਰ ਸਮਝੇ ਜਾਂਦੇ ਅਖੌਤੀ ਨੀਵੀਆਂ ਜਾਤਾਂ ਦੇ ਲੋਕਾਂ ਨੇ ਵੀ ਖੰਡੇ-ਬਾਟੇ ਦੀ ਪਾਹੁਲ ਛਕ ਕਹਿੰਦੇ ਕਹਾਉਂਦੇ ਲੜਾਕੂਆਂ ਨੂੰ ਜੰਗਾਂ ਵਿਚ ਕਰਾਰੀ ਮਾਤ ਦਿੱਤੀ। ਸਤਿਗੁਰਾਂ ਦਾ ਧਰਮ ਯੁੱਧ ਕਿਸੇ ਜਾਤ ਜਾਂ ਮਜ਼ਹਬ ਵਿਰੁੱਧ ਨਹੀਂ ਸੀ। ਬਲਕਿ ਹਰ ਤਰ੍ਹਾਂ ਦੇ ਅਨਿਆਂ ਦੇ ਵਿਰੁੱਧ ਸੀ। ਪਾਤਸ਼ਾਹ ਤਾਂ ਖੁਦ ਅਕਾਲ ਉਸਤਤ ਵਿਚ ਫੁਰਮਾਉਂਦੇ ਹਨ:

*'ਹਿਂਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥"*

*"ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥"*

ਪੰਥ ਦੇ ਵਾਲੀ ਦਸਮੇਸ਼ ਪਿਤਾ ਦਾ ਪ੍ਰਕਾਸ਼ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਕੁੱਖੋਂ ਪੋਹ ਸੁਦੀ ਸਤਵੀਂ ਮੁਤਾਬਿਕ 1723 ਬਿਕ੍ਰਮੀ ਨੂੰ ਪਟਨਾ ਸ਼ਹਿਰ (ਬਿਹਾਰ) ਵਿਖੇ ਹੋਇਆ:

*ਤਹੀ ਪ੍ਰਕਾਸ ਹਮਾਰਾ ਭਯੋ ॥ ਪਟਨਾ ਸਹਰ ਬਿਖੈ ਭਵ ਲਯੋ ॥*

ਇਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਢਾਕਾ, ਬੰਗਾਲ ਤੇ ਅਸਾਮ ਆਦਿ ਦੇ ਇਲਾਕਿਆਂ ਵਿਚ ਸਿੱਖ ਧਰਮ ਦੇ ਪ੍ਰਚਾਰ ਹਿਤ ਗਏ ਹੋਏ ਸਨ। ਦਸਮੇਸ਼ ਪਿਤਾ ਦੇ ਪਹਿਲੇ ਪੰਜ ਕੁ ਸਾਲ ਪਟਨੇ ਵਿਚ ਹੀ ਬੀਤੇ ਅਤੇ ਉਥੇ ਹੀ ਆਪ ਜੀ ਦੀ ਵਿੱਦਿਆ ਆਦਿ ਦੇ ਪ੍ਰਬੰਧ ਕੀਤੇ ਗਏ। ਆਪ ਜੀ ਨੂੰ ਗੁਰਮੁਖੀ ਅਤੇ ਗੁਰਬਾਣੀ ਦੀ ਵਿੱਦਿਆ ਦੇ ਨਾਲ-ਨਾਲ ਘੋੜ-ਸਵਾਰੀ, ਨੇਜ਼ਾ-ਬਾਜ਼ੀ, ਤਲਵਾਰ-ਬਾਜ਼ੀ ਅਤੇ ਤੀਰ-ਅੰਦਾਜ਼ੀ ਆਦਿ ਦੀ ਵੀ ਮੁੱਢਲੀ ਸਿਖਲਾਈ ਦਿੱਤੀ ਗਈ। ਪਟਨੇ ਸ਼ਹਿਰ ਦੇ ਇਕ ਬ੍ਰਾਹਮਣ ਸ਼ਿਵਦੱਤ ਨੇ ਆਪ ਜੀ ਦੇ ਬਾਲ-ਚੋਜ ਦੇਖ ਕੇ ਆਪ ਜੀ ਪ੍ਰਤੀ ਸਤਿਕਾਰ ਅਤੇ ਪਿਆਰ ਪ੍ਰਗਟ ਕੀਤਾ। ਮੁਸਲਮਾਨ ਸੱਯਦ ਪੀਰ ਭੀਖਣ ਸ਼ਾਹ ਨੇ ਵੀ ਆਪ ਜੀ ਦੇ ਪਹਿਲੀ ਨਜ਼ਰੇ ਦਰਸ਼ਨ ਕਰਦਿਆਂ ਸਿਜਦਾ ਕੀਤਾ ਸੀ।ਪਟਨੇ ਵਿਖੇ ਹੀ ਰਾਜਾ ਫਤਹਿ ਚੰਦ ਮੈਣੀ ਅਤੇ ਉਸ ਦੀ ਰਾਣੀ ਦਸਮੇਸ਼ ਪਿਤਾ ਜੀ ਦੇ ਸ਼ਰਧਾਲੂ ਬਣ ਗਏ ਅਤੇ ਗੁਰੂ ਸਾਹਿਬ ਦ ੀ



ਚਰਨ-ਛੋਹ ਨਾਲ ਮਹੱਲ ਪਵਿੱਤਰ ਹੋ ਗਿਆ ਜੋ ਅੱਜਕਲ੍ਹ "ਮੈਣੀ ਸੰਗਤ" ਗੁਰਦੁਆਰਾ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪਟਨਾ ਸਾਹਿਬ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਆ ਗਏ। ਏਥੇ ਹੀ ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣਕੇ ਆਪ ਜੀ ਨੇ ਖੁਦ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਮਜ਼ਲੂਮਾਂ ਦੀ ਰੱਖਿਆ ਖ਼ਾਤਰ ਕੁਰਬਾਨੀ ਦੇਣ ਲਈ ਦਿੱਲੀ ਨੂੰ ਤੋਰਿਆ। ਧਰਮਾਂ ਦੇ ਇਤਿਹਾਸ ਵਿਚ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਜਦੋਂ ਕਿਸੇ ਮਹਾਂਪੁਰਸ਼ ਵਲੋਂ ਕਿਸੇ ਦੂਜੇ ਧਰਮ ਦੇ ਅਕੀਦਿਆਂ ਦੀ ਸਲਾਮਤੀ ਲਈ ਆਪ ਸੈਂਕੜੇ ਮੀਲ ਪੈਦਲ ਜਾ ਕੇ ਆਪਾ ਵਾਰਿਆ ਹੋਵੇ।

ਦਿਲਜੀਤ ਸਿੰਘ ਬੇਦੀ

# ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਵਿਸ਼ੇਸ਼

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਛੋਟੇ ਪੁੱਤਰ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਸਿੱਖ ਇਤਿਹਾਸ ਵਿਚ ਚਮਕਦੇ ਧਰੂ ਤਾਰੇ ਦੇ ਵਾਂਗ ਹਨ। ਉਨ੍ਹਾਂ ਦਾ ਜਨਮ 14 ਦਸੰਬਰ 1699 ਈ: 'ਚ ਮਾਤਾ ਜੀਤੋ ਜੀ ਦੀ ਕੁੱਖੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਸ੍ਰੀ ਗੂਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਨੂੰ ਆਨੰਦਪੁਰ ਸਾਹਿਬ ਛੱਡਣ ਪਿੱਛੋਂ ਸਰਸਾ ਨਦੀ ਦੇ ਕੰਢੇ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਗੁਰੂ ਜੀ ਦੇ ਮਾਤਾ ਗੁਜਰੀ ਜੀ ਛੋਟੇ ਸਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਆਪਣੇ ਘਰੇਲੂ ਰਸੋਈਏ ਗੰਗੂ ਬ੍ਰਹਾਮਣ ਸਮੇਤ, ਸਿੰਘਾਂ ਦੇ ਜਥੇ ਨਾਲੋਂ ਨਿਖੜ ਗਏ। ਰਸੋਈਆ ਗੰਗੂ ਉਨ੍ਹਾਂ ਨੂੰ ਆਪਣੇ ਪਿੰਡ ਸਹੇੜੀ ਵਿਖੇ ਆਪਣੇ ਘਰ ਲੈ ਆਇਆ।ਮਾਤਾ ਗੁਜਰੀ ਜੀ ਕੋਲ ਬਹੁਤ ਸਾਰੀ ਨਕਦੀ ਤੇ ਹੋਰ ਕੀਮਤੀ ਸਮਾਨ ਵੇਖ ਕੇ ਉਹ ਬੇਈਮਾਨ ਹੋ ਗਿਆ। ਉਹ ਇੰਨ੍ਹਾਂ ਨੂੰ ਫੜ੍ਹਾ ਕੇ ਸਰਹੰਦ ਦੇ ਸੂਬੇ ਪਾਸੋਂ ਇਨਾਮ ਅਤੇ ਸ਼ੌਹਰਤ ਲੈਣਾ ਚਾਹੁੰਦਾ ਸੀ।



ਦੂਜੇ ਦਿਨ ਸੂਬੇ ਦੇ ਹੁਕਮ ਤੇ ਮੋਰਿੰਡਾ ਥਾਣੇ ਦੀ ਪੁਲਸ ਮਾਤਾ ਜੀ ਤੇ ਉਨ੍ਹਾਂ ਦੇ ਦੋਵੇਂ ਸਾਹਿਬਜ਼ਾਦਿਆਂ ਨੂੰ ਫੜ ਕੇ ਲੈ ਗਏ ਅਤੇ ਤਿੰਨਾਂ ਨੂੰ ਸਰਹੰਦ ਦੇ ਇਕ ਠੰਡੇ ਬੁਰਜ 'ਚ ਕੈਦ ਕਰ ਦਿੱਤਾ, ਜਿੱਥੇ ਉਨ੍ਹਾਂ ਨੂੰ ਸਾਰੀ ਰਾਤ ਭੁੱਖੇ-ਤਿਹਾਏ ਰੱਖਿਆ ਗਿਆ। ਭਾਈ ਮੋਤੀ ਰਾਮ ਨੇ, ਆਪਣੇ ਪਰਿਵਾਰ ਦੀ ਪਰਵਾਹ ਨਾ ਕਰਦੇ ਹੋਏ ਉਨ੍ਹਾਂ ਤੱਕ ਦੁੱਧ ਪਹੁੰਚਾਇਆ। ਤਿੰਨ ਦਿਨ ਲਗਾਤਾਰ ਸਾਹਿਬਜ਼ਾਦਿਆਂ ਨੂੰ ਕਚਿਹਰੀ 'ਚ ਪੇਸ਼ ਕਰਕੇ ਇਸਲਾਮ ਕਬੂਲ ਕਰਾਉਣ ਲਈ ਕਈ ਡਰਾਵੇ ਤੇ ਲਾਲਚ ਦਿੱਤੇ ਗਏ ਪਰ ਉਹ ਅਡਿੱਗ ਰਹੇ। ਉਨ੍ਹਾਂ ਦੀ ਮਾਸੂਮੀਅਤ 'ਤੇ ਦਿਲ ਪਸੀਜਿਆ ਵੇਖ ਕਾਜ਼ੀ ਨੇ ਕਿਹਾ ਕਿ ਇਸਲਾਮ ਬੱਚਿਆਂ 'ਤੇ ਇਸ ਤਰ੍ਹਾਂ ਜ਼ੁਲਮ ਦੀ ਇਜਾਜ਼ਤ ਨਹੀਂ ਦਿੰਦਾ ਪਰ ਦੀਵਾਨ ਸੁੱਚਾ ਨੰਦ ਬ੍ਰਾਹਮਣ ਉਨ੍ਹਾਂ ਨੂੰ"'ਸੱਪਾਂ ਦੇ ਪੁੱਤਰ ਸੱਪ ਹੀ ਹੁੰਦੇ ਹਨ' ਦੱਸਦਿਆਂ ਸਖ਼ਤ ਸਜ਼ਾ ਦੇਣ ਦੀ ਗੱਲ ਕਹੀ ਅਤੇ ਅਖ਼ੀਰ ਫ਼ਤਵਾ ਆਇਦ ਕਰਕੇ ਵਜ਼ੀਦੇ ਦੇ ਹੁਕਮ ਨਾਲ਼ ਉਨ੍ਹਾਂ ਨੂੰ ਜੀਉਂਦੇ ਜੀਅ ਨੀਹਾਂ 'ਚ ਚਿਣਵਾ ਦਿੱਤਾ। ਦੀਵਾਰ ਦੇ ਢਹਿ ਜਾਣ 'ਤੇ ਉਨ੍ਹਾਂ ਦੇ ਸਿਰ ਤਲਵਾਰ ਨਾਲ ਧੱੜਾਂ ਤੋਂ ਜੁੱਦਾ ਕਰ ਦਿੱਤੇ ਗਏ। ਇਸ ਤੋਂ ਇਲਾਵਾ ਵਜ਼ੀਰ ਖਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਦਲਾ ਵੀ ਲੈਣਾ ਚਾਹੁੰਦਾ ਸੀ।ਇਤਿਹਾਸਕਾਰਾਂ ਮੁਤਾਬਕ ਉਸ ਵਕਤ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੀ ਉਮਰ ਸਿਰਫ 7 ਸਾਲ ਸੀ। ਏਨੀ ਛੋਟੀ ਉਮਰ 'ਚ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੂੰ ਉਹ ਸੂਝ-ਬੂਝ ਸੀ, ਜਿਸ ਨਾਲ ਇਕ ਕੌਮ ਦਾ ਸਿਰ ਉੱਚਾ ਹੋ ਸਕੇ।

ਇਸ ਗੱਲ ਦੀ ਮਿਸਾਲ ਉਹ ਸਮਾਂ ਦਿੰਦਾ ਹੈ ਜਦੋਂ ਵਜ਼ੀਰ ਖਾਂ ਦੇ ਹੁਕਮਾਂ ਅਨੁਸਾਰ ਛੋਟਾ ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੂੰ ਦਰਬਾਰ 'ਚ ਲਿਆਂਦਾ ਜਾ ਰਿਹਾ ਸੀ। ਉਸ ਵਕਤ ਵਜ਼ੀਰ ਖਾਨ ਦੇ ਸਿਪਾਹੀਆਂ ਨੇ ਦਰਬਾਰ ਦਾ ਵੱਡਾ ਗੇਟ ਬੰਦ ਕਰ ਦਿੱਤਾ ਸੀ ਅਤੇ ਛੋਟਾ ਗੇਟ ਅੰਦਰ ਆਉਣ ਲਈ ਖੋਲ੍ਹ ਦਿੱਤਾ ਸੀ।ਇਸ ਦੇ ਪਿੱਛੇ ਵਜ਼ੀਰ ਖਾਨ ਦਾ ਇਹ ਮਕਸਦ ਸੀ ਕਿ ਜਦੋਂ ਦੋਵੇਂ ਸਾਹਿਬਜ਼ਾਦੇ ਅੰਦਰ ਆਉਣ ਤਾਂ ਆਪਣਾ ਸਿਰ ਝੁਕਾ ਕੇ ਅੰਦਰ ਆਉਣ ਪਰ ਸਾਹਿਬਜ਼ਾਦਿਆਂ ਦੀ ਸੂਝ-ਬੂਝ ਨੇ ਵਜ਼ੀਰ ਖਾਂ ਦੀ ਇਸ ਯੋਜਨਾ 'ਤੇ ਪਾਣੀ ਫੇਰ ਦਿੱਤਾ।ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੇ ਜਿਸ ਸਮੇਂ ਉਸ ਗੇਟ 'ਚੋਂ ਲੰਘਣਾ ਸੀ, ਆਪਣਾ ਪੈਰ ਗੇਟ ਅੰਦਰ ਰੱਖਿਆ ਤੇ ਬਿਨਾਂ ਸੀਸ ਝੁਕਾਏ ਅੰਦਰ ਪਰਵੇਸ਼ ਕੀਤਾ। ਮੁਗ਼ਲ ਸਿਪਾਹੀ ਸਾਹਿਬਜ਼ਾਦਿਆਂ ਦੀ ਨਿਡਰਤਾ ਤੇ ਸੂਝ-ਬੂਝ ਤੇ ਹੈਰਾਨ ਹੋ ਗਏ। ਵਜ਼ੀਰ ਖਾਂ ਨੇ ਨਾਕਾਮੀ ਦਾ ਪ੍ਰਦਰਸ਼ਨ ਕਰਦੇ ਹੋਏ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ 'ਚ ਚਿਣਵਾ ਕੇ 1705 ਈ ਨੂੰ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਸੀ।



# ਕ੍ਰਿਸਮਸ ਨੂੰ ਇਸ ਦੀ ਅਸਲ ਭਾਵਨਾ ਅਨੁਸਾਰ ਮਨਾਈਏ

ਕ੍ਰਿਸਮਸ ਸੰਸਾਰ ਭਰ ਵਿੱਚ ਮਨਾਏ ਜਾਣ ਵਾਲੇ ਤਿਉਹਾਰਾਂ ਵਿੱਚੋਂ ਇੱਕ ਮਹੱਤਵਪੂਰਨ ਤਿਉਹਾਰ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਇਹ ਦਿਨ ਈਸਾਈ ਧਰਮ ਦੇ ਬਾਨੀ ਪ੍ਰਭੂ ਯਿਸੂ ਮਸੀਹ ਦੇ ਜਨਮ ਦਿਨ ਨੂੰ ਸਮਰਪਿਤ ਹੈ। ਅੱਜ ਤੋਂ ਲਗਪਗ 2013 ਸਾਲ ਪਹਿਲਾਂ ਉਨ੍ਹਾਂ ਦਾ ਜਨਮ ਇਸਰਾਈਲ ਦੇਸ਼ ਦੇ ਬੈਤਲਹਮ ਨਗਰ ਵਿੱਚ ਹੋਇਆ। ਉਸੇ ਦਿਨ ਤੋਂ ਕ੍ਰਿਸਮਸ ਦੀ ਸ਼ੁਰੂਆਤ ਹੋਈ। ਵੱਖ-ਵੱਖ ਦੇਸ਼ਾਂ ਵਿੱਚ ਇਹ ਦਿਨ ਵੱਖ-ਵੱਖ ਢੰਗਾਂ ਨਾਲ ਮਨਾਇਆ ਜਾਂਦਾ ਹੈ। ਸਾਡੇ ਦੇਸ਼ ਵਿੱਚ ਕ੍ਰਿਸਮਸ ਤੋਂ ਕਈ ਦਿਨ ਪਹਿਲਾਂ ਭਜਨ-ਮੰਡਲੀਆਂ ਸ਼ਾਮ ਦੇ ਸਮੇਂ ਘਰ-ਘਰ ਜਾ ਕੇ ਪ੍ਰਭੂ ਯਿਸੂ ਦੇ ਜਨਮ ਨਾਲ ਸਬੰਧਤ ਗੀਤ-ਭਜਨ ਕਰਦੀਆਂ ਹਨ, ਜਿਨ੍ਹਾਂ ਨੂੰ 'ਕੈਰਲ ਸਿੰਗਿੰਗ' ਕਿਹਾ ਜਾਂਦਾ ਹੈ। ਇਸੇ ਸਬੰਧ ਵਿੱਚ 24 ਦਸੰਬਰ ਦੀ ਰਾਤ ਨੂੰ ਵਿਸ਼ੇਸ਼ ਪ੍ਰਾਰਥਨਾ ਸਭਾਵਾਂ ਕੀਤੀਆਂ ਜਾਂਦੀਆਂ ਹਨ, 25 ਦਸੰਬਰ ਦਾ ਦਿਨ ਇਸ ਤਿਉਹਾਰ ਦਾ ਸਿਖਰ ਹੁੰਦਾ ਹੈ।

